ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
www.amritsartimes.live
QUOMANTRY AMRITSAR TIMES
West/East Coast Edition | Volume 23 | Issue 203| 26 Nov. to 2 December, 2025 | Ph.: (510) 240-5949 | Email: asrtimes@gmail.com

## ਇਤਿਹਾਸ ਸਿਰਜ ਗਿਆ ਪੰਜਾਬ ਵਿਧਾਨ ਸਭਾ ਦਾ ਮੁਕੱਦਸ ਇਜਲਾਸ

# ਸ੍ਰੀ ਆਨੰਦਪੁਰ ਸਾਹਿਬ, ਤਲਵੰਡੀ ਸਾਬੋ ਅਤੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਐਲਾਨਿਆ

## ਤਿੰਨੋਂ ਸ਼ਹਿਰਾਂ ਨੂੰ ਧਾਰਮਿਕ ਸੈਰ-ਸਪਾਟੇ ਵਜੋਂ ਕੀਤਾ ਜਾਵੇਗਾ ਵਿਕਸਤ

ਸ੍ਰੀ ਅਨੰਦਪੁਰ ਸਾਹਿਬ/ਏ.ਟੀ.ਨਿਊਜ਼: ਬੀਤੇ ਦਿਨੀਂ ਪੰਜਾਬ ਦੀ ਧਰਤੀ ’ਤੇ 63 ਸਾਲਾਂ ਵਿੱਚ ਪਹਿਲੀ ਵਾਰ ਚੰਡੀਗੜ੍ਹ ਤੋਂ ਬਾਹਰ ਵਿਧਾਨ ਸਭਾ ਦਾ ਇਜਲਾਸ ਹੋਇਆ ਸੀ। ਭਾਈ ਜੈਤਾ ਜੀ ਯਾਦਗਾਰੀ ਪਾਰਕ ਵਿੱਚ ਵਾਟਰਪਰੂਫ਼ ਟੈਂਟ ਵਿੱਚ ਬੈਠੀ ਵਿਧਾਨ ਸਭਾ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇੱਕ ਦਿਨ ਦੇ ਵਿਸ਼ੇਸ਼ ਸੈਸ਼ਨ ਵਿੱਚ ਸਰਬਸੰਮਤੀ ਨਾਲ ਤਿੰਨ ਮਤੇ ਪਾਸ ਕੀਤੇ ਗਏ।

ਇੱਕ ਮਤੇ ਰਾਹੀਂ ਸ੍ਰੀ ਅਨੰਦਪੁਰ ਸਾਹਿਬ, ਤਲਵੰਡੀ ਸਾਬੋ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅੰਦਰੂਨੀ ਸ਼ਹਿਰੀ ਹਿੱਸੇ (ਗਲਿਆਰੇ) ਨੂੰ ਪਵਿੱਤਰ ਸ਼ਹਿਰ ਐਲਾਨਿਆ। ਇਨ੍ਹਾਂ ਥਾਵਾਂ ’ਤੇ ਮਾਸ, ਸ਼ਰਾਬ, ਤੰਬਾਕੂ ਤੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਤੇ ਵਰਤੋਂ ’ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ।

ਇਹ ਸਰਕਾਰੀ ਮਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਰਬਉੱਚ ਬਲੀਦਾਨ ਮੰਨਦਿਆਂ ਕੀਤਾ ਗਿਆ ਹੈ।

ਇਸ ਫ਼ੈਸਲੇ ਬਾਰੇ ਇੱਕ ਪਾਸੇ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਨੂੰ ਇਤਿਹਾਸਕ ਤੇ ਧਾਰਮਿਕ ਜਿੱਤ ਦੱਸ ਰਹੀ ਹੈ, ਦੂਜੇ ਪਾਸੇ ਵਿਰੋਧੀ ਧਿਰਾਂ, ਪੰਥਕ ਜਥੇਬੰਦੀਆਂ ਤੇ ਬੁੱਧੀਜੀਵੀਆਂ ਨੇ ਇਸ ਨੂੰ ਅਧੂਰਾ, ਰਾਜਨੀਤੀ ਨਾਲ ਪ੍ਰੇਰਿਤ ਤੇ ਧੋਖੇ ਵਾਲਾ ਫ਼ੈਸਲਾ ਕਰਾਰ ਦਿੱਤਾ।



**ਕੀ ਹੋਇਆ ਸਦਨ ਵਿੱਚ ?**

ਸਵੇਰੇ 10 ਵਜੇ ਤੋਂ ਸ਼ੁਰੂ ਹੋਇਆ ਇਜਲਾਸ ਪੂਰੀ ਤਰ੍ਹਾਂ ਰੂਹਾਨੀ ਮਾਹੌਲ ਵਿੱਚ ਰਿਹਾ। ਵਿਧਾਇਕਾਂ ਨੇ ਸਿਰਾਂ ’ਤੇ ਰੁਮਾਲ ਬੰਨ੍ਹੇ, ਕਈਆਂ ਨੇ ਕੇਸਰੀ ਦਸਤਾਰਾਂ ਬੰਨੀਆਂ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਭਾਸ਼ਨ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਿੰਦ ਦੀ ਚਾਦਰ ਕਿਹਾ ਤੇ ਦਾਅਵਾ ਕੀਤਾ ਕਿ ਉਹਨਾਂ ਦੀ ਸਰਕਾਰ ਨੇ ਸਿੱਖਾਂ ਦੀ ਸੈਂਕੜੇ ਸਾਲ ਪੁਰਾਣੀ ਮੰਗ ਪੂਰੀ ਕਰ ਦਿੱਤੀ ਹੈ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਗੁਰੂ ਸਾਹਿਬ ਦੀ ਸ਼ਹਾਦਤ ’ਤੇ ਅਧਿਕਾਰਤ ਮਤਾ ਪੇਸ਼ ਕੀਤਾ। ਵਿੱਤ ਮੰਤਰੀ ਹਰਪਾਲ ਚੀਮਾ ਨੇ ਦੇਸ਼ ਵਿੱਚ ਵਧ ਰਹੀ ਨਫ਼ਰਤ ਤੇ ਲੋਕਤੰਤਰ ਦੇ ਖ਼ਤਰੇ ਬਾਰੇ ਆਵਾਜ਼ ਉਠਾਈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਜੁੱਗੋ ਜੁੱਗ ਅਟੱਲ ਮੇਰਾ ਹਿੰਦੁਸਤਾਨ ਦਾ ਨਾਅਰਾ ਦਿੱਤਾ ਤੇ ਹਿੰਦੂ ਰਾਸ਼ਟਰ ਤੇ ਖ਼ਾਲਿਸਤਾਨ ਦੋਵਾਂ ਨੂੰ ਸਾਫ਼ ਰੱਦ ਕੀਤਾ। ਜਦ ਕਿ ਭਾਰਤੀ ਸੰਵਿਧਾਨ ਵਿੱਚ ਹਿੰਦੁਸਤਾਨ ਨਾਮ ਦਾ ਕੋਈ ਦੇਸ਼ ਨਹੀਂ। ਇੰਡੀਆ ਸ਼ਬਦ ਦੀ ਵਰਤੋਂ ਕੀਤੀ ਗਈ ਹੈ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਨੇ ਵੀ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਦਿੱਤੀ। ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਬੰਦੀ ਸਿੰਘਾਂ ਤੇ ਭਾਈ ਅੰਮ੍ਰਿਤਪਾਲ ਸਿੰਘ ਦਾ ਮੁੱਦਾ ਚੁੱਕਿਆ।

**ਪੂਰੇ ਅੰਮ੍ਰਿਤਸਰ ਦਾ ਸਵਾਲ ਅਤੇ ‘ਆਪ’ ਸਰਕਾਰ ਦੀ ਚੁੱਪ**

ਸਭ ਤੋਂ ਵੱਡਾ ਵਿਵਾਦ ਗਲਿਆਰੇ ਤੱਕ ਸੀਮਤ ਰੱਖਣ ’ਤੇ ਹੋਇਆ। (ਬਾਕੀ ਸਫ਼ਾ 26 ’ਤੇ)

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂਅ ’ਤੇ ਸਥਾਪਤ ਕੀਤੀ ਜਾਵੇਗੀ ਵਿਸ਼ਵ ਪੱਧਰੀ ਯੂਨੀਵਰਸਿਟੀ: ਮਾਨ

ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਇੱਥੇ ਗੁਰੂ ਤੇਗ ਬਹਾਦਰ ਜੀ ਦੇ ਨਾਂਅ ’ਤੇ ਇੱਕ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ। ਮਾਨ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦੀ ਸਮਾਗਮ ਦੌਰਾਨ ਸੰਗਤਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ,‘ ਗੁਰੂ ਤੇਗ ਬਹਾਦਰ ਜੀ ਦੇ ਨਾਂਅ ’ਤੇ ਇੱਥੇ (ਸ੍ਰੀ ਅਨੰਦਪੁਰ ਸਾਹਿਬ) ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ।’ ਇਸ ਤੋਂ ਪਹਿਲਾਂ ‘ਆਪ’ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਮਾਨ ਨੂੰ ਆਨੰਦਪੁਰ ਸਾਹਿਬ ਵਿੱਚ ਇੱਕ ਵਿਸ਼ਵ ਪੱਧਰੀ ਵਿੱਦਿਅਕ ਸੰਸਥਾ ਸਥਾਪਤ ਕਰਨ ਦਾ ਐਲਾਨ ਕਰਨ ਦੀ ਅਪੀਲ ਕੀਤੀ ਸੀ। ਮਾਨ ਨੇ ਅੱਗੇ ਐਲਾਨ ਕੀਤਾ ਕਿ ਅੰਮ੍ਰਿਤਸਰ, ਬਠਿੰਡਾ ਜ਼ਿਲ੍ਹੇ ਦੇ ਤਲਵੰਡੀ ਸਾਬੋ ਅਤੇ ਰੂਪਨਗਰ ਜ਼ਿਲ੍ਹੇ ਦੇ ਆਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਲੋਕਾਂ ਲਈ ਮੁਫ਼ਤ ਈ-ਰਿਕਸ਼ਾ ਜਾਂ ਮਿੰਨੀ ਬੱਸ ਸੇਵਾ ਸ਼ੁਰੂ ਕੀਤੀ ਜਾਵੇਗੀ। ਮਾਨ ਨੇ ਅੱਗੇ ਕਿਹਾ ਕਿ ਮੁਫ਼ਤ ਈ-ਰਿਕਸ਼ਾ ਜਾਂ ਮਿੰਨੀ ਬੱਸ ਸੇਵਾ ’ਤੇ ਆਉਣ ਵਾਲਾ ਖਰਚਾ ਸੂਬਾ ਸਰਕਾਰ ਸਹਿਣ ਕਰੇਗੀ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਆਨੰਦਪੁਰ ਸਾਹਿਬ ਵਿੱਚ ਇੱਕ ਵਿਰਾਸਤੀ ਗਲੀ ਵੀ ਬਣਾਈ ਜਾਵੇਗੀ।

## ਆਨੰਦਪੁਰ ਸਾਹਿਬ ਨੂੰ 15 ਸਾਲ ਪਹਿਲਾਂ ਅਕਾਲੀ ਦਲ ਦੀ ਸਰਕਾਰ ਨੇ ਪਵਿੱਤਰ ਸ਼ਹਿਰ ਐਲਾਨਿਆ ਸੀ: ਬਾਦਲ

ਆਨੰਦਪੁਰ ਸਾਹਿਬ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਮੂਹ ਪੰਥਕ ਧੜਿਆਂ ਵਿੱਚ ਏਕਤਾ ਲਈ ਭਾਵੁਕ ਅਪੀਲ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿਰਫ਼ ਸਮੂਹਿਕ ਤਾਕਤ ਹੀ ਸਿੱਖਾਂ ਨੂੰ ਸਿਆਸੀ ਤਾਕਤ ਹਾਸਲ ਕਰਨ ਅਤੇ ਉਨ੍ਹਾਂ ਦੀਆਂ ਸੰਸਥਾਵਾਂ ਦੀ ਰਾਖੀ ਕਰਨ ਵਿੱਚ ਮਦਦ ਕਰ ਸਕਦੀ ਹੈ। ਉਹ ਬੀਤੇ ਦਿਨ ਗੁਰਦੁਆਰਾ ਸੀਸ ਗੰਜ ਸਾਹਿਬ, ਆਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਮਾਗਮ ਵਿੱਚ ਸੰਗਤ ਨੂੰ ਸੰਬੋਧਨ ਕਰ ਰਹੇ ਸਨ।

ਸੁਖਬੀਰ ਬਾਦਲ ਨੇ ਕਿਹਾ ਕਿ ਉਹ ਸਿੱਖ ਕੌਮ ਵਿੱਚ ਵੰਡ ਦੇਖ ਕੇ ਬਹੁਤ ਦੁਖੀ ਹਨ। ਉਨ੍ਹਾਂ ਟਿੱਪਣੀ ਕੀਤੀ, ਈਸਾਈ ਜਾਂ ਹਿੰਦੂ ਕਦੇ ਵੀ ਆਪਣੀਆਂ ਧਾਰਮਿਕ ਸੰਸਥਾਵਾਂ ਦੇ ਵਿਰੁੱਧ ਨਹੀਂ ਬੋਲਦੇ, ਪਰ ਸਿੱਖ ਖੁਦ ਹੀ ਆਪਣੀਆਂ ਸੰਸਥਾਵਾਂ ਨੂੰ ਕਮਜ਼ੋਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਸਿੱਖ ਹਿੱਤਾਂ ਦੀ ਰਾਖੀ ਲਈ ਬਣਾਇਆ ਗਿਆ ਸੀ ਅਤੇ ਅਸਲੀ ਅਕਾਲੀ ਦਲ ਸ਼੍ਰੋਮਣੀ ਅਕਾਲੀ ਦਲ (ਬਾਦਲ) ਹੈ। ਕਈ ਤਾਕਤਾਂ ਸਿੱਖ ਸੰਸਥਾਵਾਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਸਾਨੂੰ ਇਨ੍ਹਾਂ ਹਮਲਿਆਂ ਦਾ ਮੁਕਾਬਲਾ ਕਰਨ ਲਈ ਇਕਜੁੱਟ ਹੋਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ 15 ਸਾਲ ਪਹਿਲਾਂ ਹੀ ਆਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨ ਦਿੱਤਾ ਸੀ ਅਤੇ ਦਾਅਵਾ ਕੀਤਾ ਕਿ ਇਲਾਕੇ ਵਿੱਚ ਵੱਡਾ ਵਿਕਾਸ ਅਕਾਲੀ ਸਰਕਾਰਾਂ ਦੌਰਾਨ ਹੋਇਆ।

# ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਫ਼ੀਸਾਂ ਵਧਾਈਆਂ

## ਪੈਰੋਲ ਫੀਸ 1020 ਡਾਲਰ: ਭਾਰਤੀਆਂ ਦਾ ਅਮਰੀਕੀ ਸੁਪਨਾ ਹੋਇਆ ਮਹਿੰਗਾ

## 1 ਜਨਵਰੀ 2026 ਤੋਂ ਝਟਕਾ: ਅਮਰੀਕਾ ਨੇ ਭਾਰਤੀਆਂ ਲਈ ਬੰਦ ਕੀਤੇ ਦਰਵਾਜ਼ੇ

ਅਮਰੀਕਾ ਦੇ ਡਿਪਾਰਟਮੈਂਟ ਆਫ਼ ਹੋਮਲੈਂਡ ਸੈਕਿਊਰਿਟੀ (ਡੀ.ਐਚ.ਐਸ.) ਨੇ ਵੀਜ਼ਾ ਅਤੇ ਬਾਰਡਰ ਫੀਸਾਂ ਵਿੱਚ ਵਾਧਾ ਕਰਨ ਦਾ ਐਲਾਨ ਕੀਤਾ ਹੈ। ਇਹ ਫੈਸਲਾ ਵਨ ਬਿਗ ਬਿਊਟੀਫੁਲ ਬਿਲ ਐਕਟ (ਐਚ.ਆਰ.-1) ਦੇ ਨਿਯਮਾਂ ਅਧੀਨ ਲਿਆ ਗਿਆ ਹੈ, ਜੋ ਮਹਿੰਗਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਇਮੀਗ੍ਰੇਸ਼ਨ ਨਾਲ ਜੁੜੀਆਂ ਫੀਸਾਂ ਵਿੱਚ ਬਦਲਾਅ ਕਰਨ ਦਾ ਹੁਕਮ ਦਿੰਦਾ ਹੈ। 1 ਜਨਵਰੀ 2026 ਤੋਂ ਲਾਗੂ ਹੋਣ ਵਾਲੇ ਇਸਨੂੰ ਭਾਰਤੀ ਨਾਗਰਿਕਾਂ ਲਈ ਵੀ ਚੁਣੌਤੀ ਪੈਦਾ ਕਰੇਗਾ, ਖਾਸਕਰ ਜਿਹੜੇ ਵੀਜ਼ਾ ਵੇਵਰ ਪ੍ਰੋਗਰਾਮ (ਵੀਡਬਲਯੂਪੀ) ਦਾ ਫਾਇਦਾ ਨਹੀਂ ਲੈ ਸਕਦੇ। ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨਾਲ ਭਾਰਤੀ ਯਾਤਰੀਆਂ ਅਤੇ ਇਮੀਗ੍ਰੈਂਟਾਂ ਦੀ ਜੇਬ ਉਪਰ ਬੋਝ ਵਧੇਗਾ।

**ਟਰੰਪ ਪ੍ਰਸ਼ਾਸਨ ਨੇ ਇਸ ਫੈਸਲੇ ਨੂੰ ਕਿਉਂ ਲਿਆ ?**

ਇਸ ਦਾ ਜਵਾਬ ਐਚਆਰ-1 ਐਕਟ ਵਿੱਚ ਲੁਕਿਆ ਹੈ, ਜੋ ਇਸ ਸਾਲ 4 ਜੁਲਾਈ ਨੂੰ ਡੋਨਾਲਡ ਟਰੰਪ ਨੇ ਸਾਈਨ ਕਰਕੇ ਕਾਨੂੰਨ ਬਣਾਇਆ ਸੀ। ਇਹ ਐਕਟ ਅਮਰੀਕੀ ਸਰਕਾਰ ਦੇ ਕਈ ਖੇਤਰਾਂ ਵਿੱਚ ਬਦਲਾਅ ਲਿਆਉਂਦਾ ਹੈ ਅਤੇ ਇਮੀਗ੍ਰੇਸ਼ਨ ਨੀਤੀਆਂ ਨੂੰ ਮਜ਼ਬੂਤ ਕਰਨ ਲਈ ਤਿਆਰ ਕੀਤਾ ਗਿਆ ਹੈ। ਐਚ.ਆਰ.-1 ਅਨੁਸਾਰ, ਡੀ.ਐਚ.ਐਸ. ਨੂੰ ਹਰ ਸਾਲ ਮਹਿੰਗਾਈ ਦੇ ਹਿਸਾਬ ਨਾਲ




ਇਮੀਗ੍ਰੇਸ਼ਨ ਫੀਸਾਂ ਵਿੱਚ ਅਨੁਕੂਲਨ ਕਰਨਾ ਲਾਜ਼ਮੀ ਹੈ। ਟਰੰਪ ਸਰਕਾਰ ਦਾ ਕਹਿਣਾ ਹੈ ਕਿ ਇਹ ਵਾਧਾ ਬਾਰਡਰ ਸੁਰੱਖਿਆ ਅਤੇ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਬਿਹਤਰ ਬਣਾਉਣ ਲਈ ਜ਼ਰੂਰੀ ਹੈ। ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਨੇ ਫੈਡਰਲ ਰਜਿਸਟਰ ਵਿੱਚ ਜਾਰੀ ਨੋਟਿਸ ਵਿੱਚ ਸਪੱਸ਼ਟ ਕੀਤਾ ਹੈ ਕਿ ਇਹ ਬਦਲਾਅ ਫਾਈਸਕਲ ਈਅਰ 2026 ਲਈ ਹਨ ਅਤੇ ਇਹਨਾਂ ਨਾਲ ਸਰਕਾਰੀ ਖਰਚੇ ਨੂੰ ਕੰਟਰੋਲ ਕਰਨ ਵਿੱਚ ਮਦਦ ਮਿਲੇਗੀ। ਪਰ ਵਿਰੋਧੀਆਂ ਦਾ ਕਹਿਣਾ ਹੈ ਕਿ ਇਹ ਟਰੰਪ ਦੀ ‘ਅਮਰੀਕਾ ਫਸਟ’ ਨੀਤੀ ਦਾ ਹਿੱਸਾ ਹੈ, ਜੋ ਵਿਦੇਸ਼ੀਆਂ, ਖਾਸਕਰ ਵਿਕਾਸਸ਼ੀਲ ਦੇਸ਼ਾਂ ਨਾਲੋਂ, ਨੂੰ ਅਮਰੀਕਾ ਆਉਣ ਤੋਂ ਰੋਕਣਾ ਚਾਹੁੰਦੀ ਹੈ।

**ਭਾਰਤੀਆਂ ’ਤੇ ਇਸ ਦਾ ਅਸਰ ਕਿਵੇਂ ਪਵੇਗਾ ?**

ਭਾਰਤ ਵੀਜ਼ਾ ਵੇਵਰ ਪ੍ਰੋਗਰਾਮ ਦਾ ਹਿੱਸਾ ਨਹੀਂ ਹੈ, ਇਸ ਲਈ ਭਾਰਤੀ ਨਾਗਰਿਕਾਂ ਨੂੰ ਵੀਜ਼ਾ ਲੈਣ ਲਈ ਪਹਿਲਾਂ ਹੀ ਵਧੇਰੇ ਪ੍ਰਕਿਰਿਆਵਾਂ ਅਤੇ ਫੀਸਾਂ ਨਾਲ ਝੱਲਣਾ ਪੈਂਦਾ ਹੈ। ਨਵੀਆਂ ਤਬਦੀਲੀਆਂ ਵਿੱਚ ਇਲੈਕਟ੍ਰਾਨਿਕ ਵੀਜ਼ਾ ਅਪਡੇਟ ਸਿਸਟਮ (ਈ.ਵੀ.ਯੂ.ਐਸ.), ਇਲੈਕਟ੍ਰਾਨਿਕ ਸਿਸਟਮ ਫਾਰ ਟ੍ਰੈਵਲ ਆਥਰਾਈਜ਼ੇਸ਼ਨ (ਈ.ਐਸ.ਟੀ.ਏ.) ਅਤੇ ਪੈਰੋਲ ਫੀਸਾਂ ਵਿੱਚ ਵਾਧਾ ਸ਼ਾਮਲ ਹੈ। ਪੈਰੋਲ ਫੀਸ, ਜੋ ਬਿਨਾਂ ਵੀਜ਼ਾ ਜਾਂ ਫਾਰਮਲ ਐਡਮਿਸ਼ਨ ਸਟੇਟਸ ਤੋਂ ਅਮਰੀਕਾ ਆ ਕੇ ਥੋੜ੍ਹਾ ਸਮਾਂ ਰਹਿਣ ਦੀ ਇਜਾਜ਼ਤ ਦਿੰਦੀ ਹੈ, 1,000 ਡਾਲਰ ਤੋਂ ਵਧਾ ਕੇ 1,020 ਡਾਲਰ (ਲਗਭਗ 90,300 ਭਾਰਤੀ ਰੁਪਏ) ਕਰ ਦਿੱਤੀ ਗਈ ਹੈ। ਇਹ ਇਜਾਜ਼ਤ ਪਬਲਿਕ ਇੰਟਰੈਸਟ ਦੀਆਂ ਸ਼ਰਤਾਂ ਅਧੀਨ ਮਿਲਦੀ ਹੈ ਅਤੇ ਭਾਰਤੀ ਵਿਦਿਆਰਥੀਆਂ, ਪੇਸ਼ੇਵਰਾਂ ਜਾਂ ਪਰਿਵਾਰਕ ਮੈਂਬਰਾਂ ਲਈ ਉਪਯੋਗੀ ਹੁੰਦੀ ਹੈ। (ਬਾਕੀ ਸਫ਼ਾ 26 ’ਤੇ)



# ਕਿਰਤ ਦਾ ਜਨੂੰਨ ਜਿਨ੍ਹਾਂ ਦੇ ਹੱਡੀਂ ਰਚਿਆ...

## ਵਿਦੇਸ਼ ਜਾਣ ਦੀ ਥਾਂ ਪੰਜਾਬ 'ਚ ਹੀ ਸਖ਼ਤ ਮਿਹਨਤ ਕਰ ਰਹੇ ਹਨ ਵੱਡੀ ਗਿਣਤੀ ਨੌਜਵਾਨ

## ਉਚੇਰੀ ਪੜ੍ਹਾਈ ਤੋਂ ਬਾਅਦ ਪੰਜਾਬ ਦੀ ਤਰੱਕੀ 'ਚ ਪਾ ਰਹੇ ਨੇ ਵੱਡਾ ਯੋਗਦਾਨ

**ਜਗਮੋਹਨ ਸਿੰਘ 'ਲੱਕੀ'**

**ਜਨੂੰਨ ਦੀ ਕੋਈ ਹੱਦ ਨਹੀਂ ਹੁੰਦੀ। ਕਿਸੇ ਨੂੰ ਮੁਹੱਬਤ ਦਾ ਜਨੂੰਨ ਹੁੰਦਾ ਹੈ ਅਤੇ ਕਿਸੇ ਨੂੰ ਪੈਸੇ ਕਮਾਉਣ ਦਾ। ਪੰਜਾਬੀ ਨੌਜਵਾਨਾਂ ਨੂੰ ਕਿਰਤ ਕਰਨ ਅਤੇ ਸਖ਼ਤ ਮਿਹਨਤ ਕਰਨ ਦਾ ਜਨੂੰਨ ਹੈ। ਉਹ ਹੱਡ ਭੰਨ ਕੇ ਮਿਹਨਤ ਕਰਦੇ ਹਨ ਅਤੇ ਉਮੀਦ ਕਰਦੇ ਹਨ ਕਿ ਉਹਨਾਂ ਨੂੰ ਕੋਈ 'ਫੀਤੀ' ਵੀ ਜ਼ਰੂਰ ਲੱਗੇ। ਕਹਿਣ ਦਾ ਭਾਵ ਇਹ ਹੈ ਕਿ ਉਹਨਾਂ ਦੀਆਂ ਕਿਰਤਾਂ ਨੂੰ ਬੂਰ ਪਵੇ। ਦਾਤੇ ਨੇ ਕਣ ਕਣ ਵਿੱਚ ਚੋਗ ਖਿਲਾਰੀ ਹੈ। ਕਿਹਾ ਜਾਂਦਾ ਹੈ ਕਿ ਦਾਤਾ ਤਾਂ ਪੱਥਰਾਂ ਵਿੱਚ ਵੀ ਕੀੜਿਆਂ ਨੂੰ ਖਾਣ ਲਈ ਕੁਝ ਨਾ ਕੁਝ ਦੇ ਦਿੰਦਾ ਹੈ। ਫਿਰ ਪੰਜਾਬ 'ਚ ਰਹਿ ਕੇ ਕੰਮ ਕਰਨ 'ਚ ਝਿਜਕ ਕਿਓਂ ? ਪੰਜਾਬ ਦੀ ਧਰਤੀ ਜਿਥੇ ਪੂਰੇ ਦੇਸ਼ ਲਈ ਅੰਨ ਪੈਦਾ ਕਰਦੀ ਹੈ, ਉਥੇ ਉਹ ਆਪਣੇ ਪੁੱਤਰਾਂ ਨੂੰ ਚੰਗੇ ਰੁਜ਼ਗਾਰ ਵੀ ਤਾਂ ਦਿੰਦੀ ਹੈ। ਲੋੜ ਤਾਂ ਆਪਣੀ ਮਾਂ ਧਰਤੀ ਨਾਲ ਮੋਹ ਪਿਆਰ ਪਾਉਣ ਦੀ ਹੈ।**



ਹੁਣ 'ਦਾਨਿਆਂ' ਖਾਤਰ 'ਆਲ੍ਹਣਿਆਂ' ਤੋਂ ਦੂਰ ਜਾਣ ਦਾ ਰੁਝਾਨ ਮੱਠਾ ਪੈਣ ਲੱਗਿਆ ਹੈ ਅਤੇ ਵੱਡੀ ਗਿਣਤੀ ਪੰਜਾਬੀ ਨੌਜਵਾਨ 'ਸੱਤ ਸਮੁੰਦਰ ਪਾਰ' ਜਾਣ ਦਾ ਮੋਹ ਤਿਆਗ ਕੇ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਪੰਜਾਬ ਵਿੱਚ ਰਹਿ ਕੇ ਹੀ ਸਰਕਾਰੀ/ਪ੍ਰਾਈਵੇਟ ਨੌਕਰੀਆਂ ਅਤੇ ਹੋਰ ਕੰਮ ਧੰਦੇ ਕਰਨ ਨੂੰ ਤਰਜੀਹ ਦੇਣ ਲੱਗੇ ਹਨ। ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਦੀ ਇਸ ਨਵੀਂ ਸੋਚ ਨੂੰ ਸਲਾਮ ਕਰਨਾ ਚਾਹੀਦਾ ਹੈ ਕਿਉਂਕਿ ਹੁਣ ਉਹ ਸਿੱਖਿਆ ਅਤੇ ਰੁਜ਼ਗਾਰ ਬਹਾਨੇ ਵਿਦੇਸ਼ ਉਡਾਰੀ ਮਾਰਨ ਦੀ ਥਾਂ ਆਪਣੀ ਧਰਤੀ ਅਤੇ ਆਪਣੇ ਲੋਕਾਂ 'ਚ ਰਹਿ ਕੇ ਕਿਰਤ ਕਰਨ ਲੱਗੇ ਹਨ। ਪੰਜਾਬ 'ਚ ਕਿਰਤ ਕਰ ਰਹੇ ਪੰਜਾਬੀ ਨੌਜਵਾਨਾਂ ਦਾ ਕਹਿਣਾ ਹੈ ਕਿ ਉਹਨਾਂ ਨੇ ਉਚੇਰੀ ਪੜ੍ਹਾਈ ਵਿਦੇਸ਼ ਜਾਣ ਲਈ ਨਹੀਂ ਕੀਤੀ, ਸਗੋਂ ਉਹ ਪੰਜਾਬ ਰਹਿ ਕੇ ਆਪਣੇ ਵਤਨ ਅਤੇ ਮਾਤਰ ਭੂਮੀ ਦੀ ਸੇਵਾ ਕਰਨਾ ਚਾਹੁੰਦੇ ਹਨ।

ਪੰਜਾਬੀ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਹੁਣ ਘਟਦਾ ਜਾ ਰਿਹਾ ਹੈ। ਇਸ ਦਾ ਵੱਡਾ ਕਾਰਨ ਵਿਦੇਸ਼ਾਂ ਦੇ ਸਖ਼ਤ ਕਾਨੂੰਨ ਵੀ ਮੰਨੇ ਜਾ ਰਹੇ ਹਨ। ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਯੂ.ਕੇ. ਅਤੇ ਹੋਰ ਮੁਲਕਾਂ ਨੇ ਹੁਣ ਆਪਣੇ ਨਿਯਮ ਅਤੇ ਕਾਨੂੰਨ ਏਨੇ ਜ਼ਿਆਦਾ ਸਖ਼ਤ ਕਰ ਦਿੱਤੇ ਹਨ ਕਿ ਇਹਨਾਂ ਦੇਸ਼ਾਂ ਵਿੱਚ ਜਾਣਾ ਬਹੁਤ ਮੁਸ਼ਕਿਲ ਹੋ ਗਿਆ ਹੈ। ਇਸ ਤੋਂ ਇਲਾਵਾ ਅਮਰੀਕਾ ਵੱਲੋਂ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਦਿੱਤਾ ਗਿਆ ਦੇਸ਼ ਨਿਕਾਲ਼ਾ ਵੀ ਪੰਜਾਬੀਆਂ 'ਚ ਵਿਦੇਸ਼ ਦਾ ਮੋਹ ਘੱਟ ਕਰ ਰਿਹਾ ਹੈ।

'ਅਪਲਾਈ ਬੋਰਡ' ਨੇ ਹੁਣ ਇੱਕ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪੰਜਾਬ ਸਮੇਤ ਭਾਰਤ ਦੇ ਵਿਦਿਆਰਥੀਆਂ ਵਿੱਚ ਪੜ੍ਹਾਈ ਕਰਨ ਲਈ ਵਿਦੇਸ਼ ਜਾਣ ਦੀ ਰੁਚੀ ਘਟ ਰਹੀ ਹੈ।ਇਸ ਰਿਪੋਰਟ ਅਨੁਸਾਰ ਕੈਨੇਡਾ, ਅਮਰੀਕਾ, ਯੂ. ਕੇ. ਅਤੇ ਆਸਟ੍ਰੇਲੀਆ ਵਿੱਚ ਵਧ ਰਹੀਆਂ ਟਿਊਸ਼ਨ ਫੀਸਾਂ, ਫੰਡਾਂ ਅਤੇ ਹੋਰ ਖ਼ਰਚੇ ਵਿਦਿਆਰਥੀਆਂ ਨੂੰ ਵਿਦੇਸ਼ ਜਾਣ ਲਈ ਮੁੜ ਵਿਚਾਰ ਕਰਨ 'ਤੇ ਮਜਬੂਰ ਕਰ ਰਹੇ ਹਨ। ਪਿਛਲੇ ਕੁਝ ਵਰ੍ਹਿਆਂ 'ਚ ਹੀ ਖਰਚੇ ਦੁੱਗਣੇ ਹੋ ਗਏ ਹਨ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਕੈਨੇਡਾ, ਅਮਰੀਕਾ ਵਰਗੇ ਦੇਸ਼ ਆਪਣੀਆਂ ਨੀਤੀਆਂ ਵਿੱਚ ਤਬਦੀਲੀ ਲਿਆ ਰਹੇ ਹਨ, ਜਿਸ ਨਾਲ ਇਨ੍ਹਾਂ ਮੁਲਕਾਂ ਵਿੱਚ ਪੜ੍ਹਾਈ ਕਰਨਾ ਕਿਫ਼ਾਇਤੀ ਨਹੀਂ ਰਿਹਾ। ਰਿਪੋਰਟ ਅਨੁਸਾਰ ਕੈਨੇਡਾ ਵਿੱਚ 2025 ਦੌਰਾਨ ਜਾਰੀ ਹੋਏ ਨਵੇਂ ਸਟੱਡੀ ਪਰਮਿਟਾਂ ਦੀ ਗਿਣਤੀ 54 ਫ਼ੀਸਦੀ ਘਟਣ ਦਾ ਖ਼ਦਸ਼ਾ ਹੈ, ਗ੍ਰੈਜੂਏਸ਼ਨ ਤੋਂ ਬਾਅਦ ਵਰਕ ਪਰਮਿਟ ਜਾਰੀ ਹੋਣ ਦੀ ਗਿਣਤੀ 30 ਫ਼ੀਸਦੀ ਤੱਕ ਘਟ ਸਕਦੀ ਹੈ।ਇਸ ਰਿਪੋਰਟ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਹੁਣ ਵਿਦਿਆਰਥੀਆਂ ਵਿੱਚ ਪੜ੍ਹਾਈ ਬਹਾਨੇ ਵਿਦੇਸ਼ ਜਾਣ ਦਾ ਰੁਝਾਨ ਘੱਟ ਰਿਹਾ ਹੈ। ਇਸ ਤੋਂ ਇਲਾਵਾ ਨੌਜਵਾਨਾਂ ਵਿੱਚ ਵੀ ਰੁਜ਼ਗਾਰ ਖਾਤਰ ਹੁਣ ਵਿਦੇਸ਼ ਜਾਣ ਦੀ ਥਾਂ ਆਪਣੇ ਮੁਲਕ ਵਿੱਚ ਹੀ ਕੰਮ ਧੰਦੇ ਕਰਨ ਦਾ ਰੁਝਾਨ ਪੈਦਾ ਹੋ ਰਿਹਾ ਹੈ, ਜਿਸ ਨੂੰ ਹੋਰ ਉਤਸ਼ਾਹਿਤ ਕਰਨ ਦੀ ਲੋੜ ਹੈ।



ਇਥੇ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਪੰਜਾਬੀਆਂ 'ਚ ਵਿਦੇਸ਼ ਜਾਣ ਦਾ ਰੁਝਾਨ ਕਿਉਂ ਸ਼ੁਰੂ ਹੋਇਆ ਤਾਂ ਇਸ ਦੇ ਜਵਾਬ ਵਿੱਚ ਕਿਹਾ ਜਾ ਸਕਦਾ ਹੈ ਕਿ ਪਹਿਲਾਂ ਪੰਜਾਬ ਵਿੱਚ ਹੱਡ ਭੰਨ ਕੇ ਕੀਤੀ ਮਿਹਨਤ ਦੇ ਬਾਵਜੂਦ ਕਿਰਤਾਂ ਨੂੰ ਬੂਰ ਨਹੀਂ ਸੀ ਪੈਂਦਾ, ਜਿਸ ਕਾਰਨ ਨੌਜਵਾਨ ਵਿਦੇਸ਼ ਜਾ ਕੇ ਡਾਲਰ/ਪੌਂਡ ਕਮਾਉਣ ਨੂੰ ਤਰਜੀਹ ਦੇਣ ਲੱਗੇ। ਅਮਰੀਕਾ ਅਤੇ ਕੈਨੇਡਾ ਵਰਗੇ ਮੁਲਕਾਂ 'ਚ ਘੱਟੋ-ਘੱਟ ਚੰਗੀ ਉਜਰਤ ਮਿਲਦੀ ਹੈ, ਟਰੈਫ਼ਿਕ ਦੇ ਨਿਯਮ ਬਹੁਤ ਵਧੀਆ ਹਨ, ਐਕਸੀਡੈਂਟ ਦੀ ਦਰ ਬਹੁਤ ਘੱਟ ਹੈ, ਕੰਮ ਕਰਵਾਉਣ ਲਈ ਲਾਈਨ ਵਿੱਚ ਲੱਗਣ ਦੀ ਲੋੜ ਨਹੀਂ ਪੈਂਦੀ, ਔਰਤਾਂ ਨੂੰ ਮੁਕਾਬਲਤਨ ਆਜ਼ਾਦੀ ਹੈ, ਬੱਚਿਆਂ ਨੂੰ ਬਹੁਤ ਜ਼ਿਆਦਾ ਸਹੂਲਤਾਂ ਹਨ, ਬਜ਼ੁਰਗਾਂ ਨੂੰ ਚੰਗੀ ਪੈਨਸ਼ਨ ਮਿਲਦੀ ਹੈ, ਚੰਗੀਆਂ ਨੌਕਰੀਆਂ ਤੇ ਆਪਣੇ ਕਾਰੋਬਾਰ ਵਾਲਿਆਂ ਦੀ ਸਥਿਤੀ ਪੰਜਾਬ ਨਾਲੋਂ ਬਿਹਤਰ ਹੈ, ਵਾਤਾਵਰਣ ਬਹੁਤ ਸੋਹਣਾ ਹੈ, ਹਰੇਕ ਰਿਹਾਇਸ਼ੀ ਕਾਲੋਨੀ ਦੇ ਨੇੜੇ ਸ਼ਾਨਦਾਰ ਪਾਰਕ ਹਨ, ਤੁਸੀਂ ਦਰਖ਼ਤਾਂ ਨੂੰ ਬੇ ਵਜ੍ਹਾ ਕੱਟ ਨਹੀਂ ਸਕਦੇ ਤੇ ਕੂੜਾ ਕਰਕਟ ਨੂੰ ਟਿਕਾਣੇ ਲਾਉਣ ਦੇ ਬਹੁਤ ਹੀ ਚੰਗੇਰੇ ਪ੍ਰਬੰਧਾਂ ਕਾਰਨ ਕੈਨੇਡਾ- ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਵਿਕਸਤ ਮੁਲਕ ਇੱਕ ਸਮੇਂ ਐਡੇ ਵੱਡੇ ਮੁਕਾਮ 'ਤੇ ਸਨ ਕਿ ਹਰ ਕੋਈ ਕਿਸੇ ਵੀ ਹਾਲਤ ਵਿੱਚ ਵਿਦੇਸ਼ ਜਾਣਾ ਚਾਹੁੰਦਾ ਸੀ।




ਹੁਣ ਸਮੇਂ ਦੇ ਬਦਲਣ ਦੇ ਨਾਲ ਹੀ ਪੰਜਾਬੀ ਨੌਜਵਾਨਾਂ ਦੀ ਸੋਚ ਵਿੱਚ ਵੀ ਵੱਡੀ ਤਬਦੀਲੀ ਆਉਣ ਲੱਗੀ ਹੈ। ਪੰਜਾਬ ਦੇ ਵੱਡੀ ਗਿਣਤੀ ਵਿਦਿਆਰਥੀ ਪੜ੍ਹਾਈ ਦੇ ਨਾਲ ਨਾਲ ਕੰਮ ਕਰਨ ਨੂੰ ਵੀ ਤਰਜੀਹ ਦੇਣ ਲੱਗੇ ਹਨ। ਵੱਡੀ ਗਿਣਤੀ ਵਿਦਿਆਰਥੀ ਯੂਨੀਵਰਸਿਟੀਆਂ ਵਿੱਚ ਉਚੇਰੀ ਪੜ੍ਹਾਈ ਵੀ ਕਰਦੇ ਹਨ ਅਤੇ ਪਾਰਟ ਟਾਈਮ ਨੌਕਰੀਆਂ ਵੀ ਕਰਦੇ ਹਨ। ਪ੍ਰਾਈਵੇਟ ਅਦਾਰਿਆਂ ਵਾਲਿਆਂ ਨੂੰ ਵੀ ਵਿਦਿਆਰਥੀ ਕਾਮੇ ਲਾਹੇਵੰਦ ਰਹਿੰਦੇ ਹਨ, ਕਿਉਂਕਿ ਵਿਦਿਆਰਥੀ ਹੋਣ ਕਰਕੇ ਇਹਨਾਂ ਨੇ ਆਪਣਾ ਕੈਰੀਅਰ ਬਣਾਉਣਾ ਹੁੰਦਾ ਹੈ, ਜਿਸ ਕਾਰਨ ਇਹ ਘੱਟ ਤਨਖਾਹ 'ਤੇ ਵਧੇਰੇ ਕੰਮ ਕਰਦੇ ਹਨ ਅਤੇ ਤਰੱਕੀ ਪਾਉਣ ਲਈ ਸਖ਼ਤ ਮਿਹਨਤ ਕਰਦੇ ਹਨ। ਉਚੇਰੀ ਸਿੱਖਿਆ ਪ੍ਰਾਪਤ ਕਰਦੇ ਹੋਣ ਕਰਕੇ ਇਹਨਾਂ ਦਾ ਪਹਿਰਾਵਾ ਵੀ ਸਾਫ਼ ਸੁਥਰਾ ਹੁੰਦਾ ਹੈ ਅਤੇ ਇਹਨਾਂ ਨੂੰ ਗੱਲਬਾਤ ਕਰਨ ਦਾ ਚੰਗਾ ਸਲੀਕਾ ਹੁੰਦਾ ਹੈ,ਜਿਸ ਕਾਰਨ ਪ੍ਰਾਈਵੇਟ ਅਦਾਰਿਆਂ ਦੀ ਇਹ ਨੌਜਵਾਨ ਪਹਿਲੀ ਪਸੰਦ ਅਤੇ ਮਜਬੂਰੀ ਬਣ ਜਾਂਦੇ ਹਨ। ਜਿਹੜੇ ਪੰਜਾਬੀ ਨੌਜਵਾਨ ਆਪਣੀ ਪੜ੍ਹਾਈ ਪੂਰੀ ਕਰ ਚੁੱਕੇ ਹਨ, ਉਹ ਵੀ ਦੋ ਦੋ ਦਫ਼ਤਰਾਂ ਵਿੱਚ ਜਾਂ ਦੋ ਦੋ ਸ਼ਿਫ਼ਟਾਂ ਵਿੱਚ ਕੰਮ ਕਰਨ ਲੱਗੇ ਹਨ। ਉਹ ਸਵੇਰੇ 9 ਤੋਂ ਦੁਪਹਿਰ 2 ਵਜੇ ਤੱਕ ਕਿਸੇ ਹੋਰ ਦਫ਼ਤਰ ਕੰਮ ਕਰਦੇ ਹਨ ਅਤੇ ਦੁਪਹਿਰ ਤਿੰਨ ਵਜੇ ਤੋਂ ਰਾਤ 8-9 ਵਜੇ ਤੱਕ ਕਿਸੇ ਹੋਰ ਦਫ਼ਤਰ ਕੰਮ ਕਰਦੇ ਹਨ। ਦੋ ਪਾਸੇ ਕੰਮ ਕਰਨ ਨਾਲ ਉਹਨਾਂ ਨੂੰ ਤਨਖਾਹ ਵੀ ਦੋ ਪਾਸਿਆਂ ਤੋਂ ਮਿਲਦੀ ਹੈ, ਜਿਸ ਕਾਰਨ ਉਹਨਾਂ ਨੂੰ ਚੰਗੀ ਆਮਦਨੀ ਹੋ ਜਾਂਦੀ ਹੈ ਅਤੇ ਉਹ ਖੁੱਲ੍ਹ ਕੇ ਖਰਚਾ ਵੀ ਕਰਦੇ ਹਨ। ਕਈ ਨੌਜਵਾਨ ਇੱਕੋ ਦਫ਼ਤਰ ਵਿੱਚ ਹੀ ਇੱਕ ਦਿਨ ਵਿੱਚ ਦੋ ਸ਼ਿਫ਼ਟਾਂ ਲਾ ਕੇ ਕੰਮ ਕਰਦੇ ਹਨ ਜਾਂ ਓਵਰ ਟਾਈਮ ਲਗਾਉਂਦੇ ਹਨ ਤਾਂ ਕਿ ਉਹਨਾਂ ਨੂੰ ਚੰਗੀ ਆਮਦਨੀ ਹੋ ਸਕੇ।




ਵੱਡੀ ਗਿਣਤੀ ਪੰਜਾਬੀ ਨੌਜਵਾਨ ਹੁਣ ਪੜ੍ਹਾਈ ਦੇ ਨਾਲ ਨਾਲ ਕਿਸੇ ਨਾ ਕਿਸੇ ਕਿੱਤੇ ਵਿੱਚ ਮੁਹਾਰਤ ਵੀ ਹਾਸਲ ਕਰਨ ਲੱਗ ਪਏ ਹਨ। ਵੱਡੀ ਗਿਣਤੀ ਨੌਜਵਾਨ ਪੜ੍ਹਾਈ ਦੌਰਾਨ ਹੀ ਕੰਪਿਊਟਰ ਸਿੱਖ ਲੈਂਦੇ ਹਨ। ਕੰਪਿਊਟਰ ਦੀ ਜਾਣਕਾਰੀ ਉਹਨਾਂ ਚੰਗੇਰੀ ਨੌਕਰੀ ਮਿਲਣ ਵਿੱਚ ਕਾਫ਼ੀ ਸਹਾਈ ਹੁੰਦੀ ਹੈ। ਵੱਡੀ ਗਿਣਤੀ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਵਿੱਚ ਹੁਣ ਜ਼ਿਆਦਾਤਰ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਸ ਕਾਰਨ ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲੇ ਕਾਮਿਆਂ ਨੂੰ ਇਹ ਅਦਾਰੇ ਵਧੇਰੇ ਤਵੱਜੋ ਦਿੰਦੇ ਹਨ।

ਜਿਸ ਤਰੀਕੇ ਨਾਲ ਪੰਜਾਬੀ ਵਿਦਿਆਰਥੀਆਂ ਅਤੇ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦੀ ਥਾਂ ਪੰਜਾਬ ਰਹਿ ਕੇ ਨੌਕਰੀਆਂ ਜਾਂ ਕੰਮ ਧੰਦੇ ਕਰਨ ਦਾ ਰੁਝਾਨ ਪੈਦਾ ਹੋ ਰਿਹਾ ਹੈ, ਉਸ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ ਅਤੇ ਅਜਿਹੇ ਨੌਜਵਾਨਾਂ ਨੂੰ ਉਤਸ਼ਾਹਿਤ ਵੀ ਕਰਨਾ ਚਾਹੀਦਾ ਹੈ ਤਾਂ ਕਿ ਇਹਨਾਂ ਤੋਂ ਪ੍ਰੇਰਨਾ ਲੈ ਕੇ ਹੋਰ ਨੌਜਵਾਨ ਵੀ ਵਿਦੇਸ਼ਾਂ ਵਿੱਚ ਜਾ ਕੇ ਖੱਜਲ ਖੁਆਰ ਹੋਣ ਦੀ ਥਾਂ ਆਪਣੇ ਮੁਲਕ ਵਿੱਚ ਵੀ ਚੰਗਾ ਰੁਜ਼ਗਾਰ ਕਮਾ ਸਕਣ।



# ਇੱਕ ਵਾਰ ਮੁੜ ਭੜਕ ਗਿਆ ਹੈ ਚੰਡੀਗੜ੍ਹ ਦਾ ਮੁੱਦਾ

# ਕੇਂਦਰ ਵੱਲੋਂ ਚੰਡੀਗੜ੍ਹ ਹੜੱਪਣ ਦੀ ਕੋਸ਼ਿਸ਼

## ਪੰਜਾਬੀਆਂ ਦੇ ਵਿਰੋਧ ਤੋਂ ਬਾਅਦ ਨਾਕਾਮ

**ਪੰਜਾਬ ਵਿੱਚ ਕੇਂਦਰ ਦੀ ਮੋਦੀ ਸਰਕਾਰ ਵਿਰੁੱਧ ਪਹਿਲਾਂ ਹੀ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੇ ਪੁਨਰਗਠਨ ਦੇ ਮਾਮਲੇ 'ਤੇ ਵੱਡਾ ਰੋਸ ਫੈਲਿਆ ਹੋਇਆ ਹੈ। ਇਸ ਦੇ ਬਾਵਜੂਦ ਕੇਂਦਰ ਸਰਕਾਰ ਨੇ ਪੰਜਾਬ ਤੋਂ ਉਸ ਦੀ ਰਾਜਧਾਨੀ ਚੰਡੀਗੜ੍ਹ ਤੋਂ ਹੀ ਪੰਜਾਬ ਦਾ ਹੱਕ ਖੋਹਣ ਲਈ ਨਵੀਂ ਤੰਦ ਬੁਣਨੀ ਸ਼ੁਰੂ ਕਰ ਦਿੱਤੀ ਸੀ। ਭਾਵੇਂ ਕਿ ਕੇਂਦਰ ਸਰਕਾਰ ਪੰਜਾਬੀਆਂ ਦੇ ਸਖ਼ਤ ਵਿਰੋਧ ਕਾਰਨ ਆਪਣੇ ਇਸ ਮਨਸੂਬੇ 'ਚ ਕਾਮਯਾਬ ਨਹੀਂ ਹੋਈ। ਪੰਜਾਬ ਦੇ ਸਿਆਸੀ ਆਗੂ ਕਹਿ ਰਹੇ ਹਨ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਅਤੇ ਦਰਿਆਈ ਪਾਣੀ ਖੋਹਣ ਦੇ ਯਤਨਾਂ ਤੋਂ ਬਾਅਦ ਪ੍ਰਸ਼ਾਸਨਿਕ ਅਧਿਕਾਰਾਂ 'ਤੇ ਕਬਜ਼ੇ ਦਾ ਯਤਨ ਕੀਤਾ ਜਾ ਰਿਹਾ ਹੈ। ਕੇਂਦਰ ਸਰਕਾਰ ਤਿੰਨ ਖੇਤੀ ਕਾਨੂੰਨਾਂ ਸਮੇਂ ਦਿੱਲੀ 'ਚ ਚੱਲੇ ਸੰਘਰਸ਼ ਦੌਰਾਨ ਪੰਜਾਬ ਦੀ ਨਬਜ਼ ਟੋਹ ਚੁੱਕੀ ਹੈ। ਪੰਜਾਬ ਪੱਖੀ ਆਗੂ ਕਹਿ ਰਹੇ ਹਨ ਕਿ ਕੇਂਦਰ ਵਿੱਚ ਸਰਕਾਰ ਕਿਸੇ ਵੀ ਪਾਰਟੀ ਦੀ ਕਿਉਂ ਨਾ ਹੋਵੇ, ਹਰ ਸਰਕਾਰ ਹੀ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਨ ਅਤੇ ਪੰਜਾਬੀਆਂ ਨਾਲ ਵਿਤਕਰਾ ਕਰਨ ਦਾ ਯਤਨ ਕਰਦੀ ਹੈ।**

**ਅੰਮ੍ਰਿਤਸਰ ਟਾਈਮਜ਼ ਬਿਊਰੋ**



ਪੰਜਾਬ ਦੀ ਰਾਜਧਾਨੀ 'ਚੰਡੀਗੜ੍ਹ' ਦਾ ਮੁੱਦਾ ਇੱਕ ਵਾਰ ਫਿਰ ਭੜਕ ਗਿਆ ਹੈ। ਇਸ ਵਾਰ ਇਹ ਵਿਵਾਦ ਕੇਂਦਰ ਸਰਕਾਰ ਵੱਲੋਂ ਸੰਸਦ ਦੇ ਆਉਂਦੇ ਸਰਦ ਰੁੱਤ ਇਜਲਾਸ ਲਈ 'ਸੰਵਿਧਾਨ 131ਵੀਂ ਸੋਧ ਬਿਲ' ਸੂਚੀਬੱਧ ਕਰਨ ਤੋਂ ਪੈਦਾ ਹੋਇਆ, ਜਿਸ ਤਹਿਤ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ 'ਚ ਉਪ ਰਾਜਪਾਲ (ਲੈਫਟੀਨੈੱਟ ਗਵਰਨਰ) ਲਗਾਇਆ ਜਾਣਾ ਸੀ। ਇਸ ਨਾਲ ਪੰਜਾਬ ਦੇ ਰਾਜਪਾਲ ਨੂੰ ਚੰਡੀਗੜ੍ਹ ਦਾ ਪ੍ਰਸ਼ਾਸਕ ਨਿਯੁਕਤ ਕਰਨ ਦੀ 41 ਸਾਲ ਪੁਰਾਣੀ ਰਵਾਇਤ ਖਤਮ ਹੋ ਸਕਦੀ ਸੀ। ਅਸਲ ਵਿੱਚ ਕੇਂਦਰ ਸਰਕਾਰ ਦੀ ਚੰਡੀਗੜ੍ਹ ਨੂੰ ਸੰਵਿਧਾਨ ਦੀ ਧਾਰਾ 240 ਵਿੱਚ ਸ਼ਾਮਲ ਕਰਨ ਦੀ ਯੋਜਨਾ ਸੀ। ਭਾਵੇਂ ਪੰਜਾਬ ਦੇ ਸਖ਼ਤ ਵਿਰੋਧ ਕਾਰਨ ਕੇਂਦਰ ਸਰਕਾਰ ਪਿੱਛੇ ਹੱਟ ਗਈ ਹੈ ਅਤੇ ਭਾਰਤ ਦੇ ਗ੍ਰਹਿ ਮੰਤਰਾਲੇ ਨੇ ਸਪਸ਼ਟ ਕੀਤਾ ਹੈ ਕਿ ਸੰਸਦ ਦੇ ਸਰਦ ਰੁੱਤ ਸੈਸ਼ਨ 'ਚ ਇਹ ਬਿਲ ਪੇਸ਼ ਕਰਨ ਦਾ ਕੋਈ ਇਰਾਦਾ ਨਹੀਂ ਹੈ।

ਜਿਵੇਂ ਹੀ ਮੀਡੀਆ 'ਚ ਇਹ ਖ਼ਬਰ ਆਈ ਕਿ ਕੇਂਦਰ ਸਰਕਾਰ ਨੇ ਸੰਸਦ ਦੇ ਸਰਦ ਰੁੱਤ ਇਜਲਾਸ ਵਿੱਚ ਪੇਸ਼ ਕਰਨ ਲਈ ਚੰਡੀਗੜ੍ਹ ਨਾਲ ਸਬੰਧਿਤ ਬਿਲ ਸੂਚੀਬੱਧ ਕੀਤਾ ਹੈ ਤਾਂ ਇਸ ਦਾ ਤੁਰੰਤ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਲੈ ਕੇ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ। ਇਸ ਮੌਕੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਵੀ ਪੰਜਾਬ ਨਾਲ ਖੜ੍ਹਨ ਦਾ ਐਲਾਨ ਕੀਤਾ। ਭਾਵੇਂ ਕਿ ਹੁਣ ਕੇਂਦਰ ਸਰਕਾਰ ਵੱਲੋਂ ਸੰਸਦ ਦੇ ਸਰਦ ਰੁੱਤ ਇਜਲਾਸ ਦੌਰਾਨ ਇਹ ਬਿਲ ਕੇਂਦਰ ਸਰਕਾਰ ਵੱਲੋਂ ਪੇਸ਼ ਨਾ ਕੀਤੇ ਜਾਣ ਨਾਲ ਸੁੱਖ ਦਾ ਸਾਹ ਲਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕਹਿਣਾ ਹੈ ਕਿ ਕੇਂਦਰ ਵੱਲੋਂ ਪੰਜਾਬ ਵਿਰੁੱਧ ਸਾਜ਼ਿਸ਼ ਘੜੀ ਜਾ ਰਹੀ ਹੈ, ਜਿਸ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਉਹਨਾਂ ਕਿਹਾ ਹੈ ਕਿ ਪੰਜਾਬ ਆਪਣੇ ਹੱਕ ਅਜਾਈਂ ਨਹੀਂ ਜਾਣ ਦੇਵੇਗਾ ਅਤੇ ਹੱਕਾਂ ਦੀ ਰਾਖੀ ਲਈ ਜੋ ਕੁਝ ਕਰਨਾ ਪਵੇਗਾ, ਉਹ ਕੀਤਾ ਜਾਵੇਗਾ। ਮੁੱਖ ਮੰਤਰੀ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਪੰਜਾਬ ਨਾਲ ਜੁੜਿਆ ਕੋਈ ਵੀ ਫੈਸਲਾ ਸੂਬੇ ਦੇ ਲੋਕਾਂ ਦੀ ਰਾਇ ਬਿਨਾ ਨਾ ਕਰੇ। ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਕੇਂਦਰ ਸਰਕਾਰ ਵੱਲੋਂ ਬਿੱਲ ਪੇਸ਼ ਕਰਨ ਦੀ ਯੋਜਨਾ ਦਾ ਡਟਕੇ ਵਿਰੋਧ ਕੀਤਾ ਸੀ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਕੇਂਦਰ ਦੇ ਇਰਾਦਿਆਂ 'ਤੇ ਭਰੋਸਾ ਨਹੀਂ। ਬਿੱਲ ਸਿਰਫ਼ ਟਾਲਿਆ ਹੈ, ਰੱਦ ਨਹੀਂ ਕੀਤਾ। ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਹੈ ਕਿ ਪੰਜਾਬ ਦੇ ਲੋਕਾਂ ਲਈ ਚੰਡੀਗੜ੍ਹ ਜਾਨ ਤੋਂ ਪਿਆਰਾ ਹੈ। ਪੰਜਾਬ ਨੂੰ ਕਦੇ ਵੀ ਪੰਜਾਬ ਤੋਂ ਬਾਹਰ ਨਹੀਂ ਜਾਣ ਦੇਵਾਂਗੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਚੰਡੀਗੜ੍ਹ ਹਵਾ ਵਿੱਚ ਨਹੀਂ ਬਣਿਆ, ਇਹ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਬਣਾਇਆ ਗਿਆ। ਪੰਜਾਬ ਲੋਹੇ ਦੇ ਚਣੇ ਵਰਗਾ ਹੈ, ਜੋ ਚਬਾਇਆ ਨਹੀਂ ਜਾ ਸਕਦਾ। ਜੋ ਵੀ ਸਿੱਖ ਕੌਮ ਨੂੰ ਦਬਾਉਂਦਾ ਹੈ, ਉਸ ਦੀ ਸਲਤਨਤ ਕਾਇਮ ਨਹੀਂ ਰਹਿੰਦੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਪੰਜਾਬ ਦੇ ਸੰਵਿਧਾਨਕ ਹੱਕਾਂ 'ਤੇ ਸਿੱਧਾ ਹਮਲਾ ਦੱਸਿਆ।

ਜ਼ਿਕਰਯੋਗ ਹੈ ਕਿ ਸਰਕਾਰ ਨੇ ਸਰਦ ਰੁੱਤ ਇਜਲਾਸ ਵਿੱਚ ਸੰਵਿਧਾਨ (131ਵੀਂ ਸੋਧ) ਬਿੱਲ ਪੇਸ਼ ਕਰਨ ਲਈ ਸੂਚੀਬੱਧ ਕੀਤਾ ਸੀ, ਜਿਸ ਤਹਿਤ ਚੰਡੀਗੜ੍ਹ ਨੂੰ ਧਾਰਾ 240 ਵਿੱਚ ਸ਼ਾਮਲ ਕਰਕੇ ਬਾਕੀ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਾਂਗ ਸਿੱਧਾ ਰਾਸ਼ਟਰਪਤੀ ਦੇ ਅਧੀਨ ਕੀਤਾ ਜਾਣਾ ਸੀ। ਇਸ ਨਾਲ ਚੰਡੀਗੜ੍ਹ ਵਿੱਚ ਉਪ ਰਾਜਪਾਲ ਦੀ ਤਾਇਨਾਤੀ ਦਾ ਰਾਹ ਖੁੱਲ੍ਹ ਸਕਦਾ ਸੀ। ਮੌਜੂਦਾ ਸਮੇਂ ਪੰਜਾਬ ਦਾ ਰਾਜਪਾਲ ਹੀ ਚੰਡੀਗੜ੍ਹ ਦਾ ਪ੍ਰਸ਼ਾਸਕ ਹੁੰਦਾ ਹੈ।

ਹੁਣ ਕੇਂਦਰ ਸਰਕਾਰ ਵੱਲੋਂ ਭਾਵੇਂ ਚੰਡੀਗੜ੍ਹ ਬਾਰੇ ਬਿੱਲ ਸੰਸਦ ਦੇ ਸਰਦ ਰੁੱਤ ਇਜਲਾਸ ਵਿੱਚ ਪੇਸ਼ ਕਰਨ ਤੋਂ ਹੱਥ ਪਿੱਛੇ ਖਿੱਚ ਲਿਆ ਗਿਆ ਹੈ, ਜਿਸ ਕਾਰਨ ਇਸ ਮੁੱਦੇ ਦੇ ਹੋਰ ਨਾ ਭੜਕਣ ਦੇ ਆਸਾਰ ਬਣ ਗਏ ਹਨ। ਚੰਡੀਗੜ੍ਹ ਦਾ ਮੁੱਦਾ ਇਸ ਤੋਂ ਪਹਿਲਾਂ ਵੀ ਕਈ ਵਾਰ ਭੜਕ ਚੁੱਕਿਆ ਹੈ। ਕੁਝ ਸਮਾਂ ਪਹਿਲਾਂ ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨ ਸਭਾ ਲਈ ਜ਼ਮੀਨ ਦੇਣ ਕਾਰਨ ਚੰਡੀਗੜ੍ਹ ਦਾ ਮੁੱਦਾ ਕਾਫ਼ੀ ਭੜਕ ਗਿਆ ਸੀ। ਇਸ ਤੋਂ ਪਹਿਲਾਂ ਵੀ ਕਈ ਵਾਰ ਚੰਡੀਗੜ੍ਹ ਦਾ ਮੁੱਦਾ ਭੜਕਿਆ ਹੈ। ਇਸ ਦੌਰਾਨ ਕੁਝ ਦਿਨ ਵੱਖ ਵੱਖ ਸੂਬਿਆਂ ਦੇ ਸਿਆਸੀ ਆਗੂਆਂ ਦੀ ਬਿਆਨਬਾਜ਼ੀ ਰਹਿੰਦੀ ਹੈ ਅਤੇ ਫਿਰ ਇਹ ਮੁੱਦਾ ਲਮਕ ਬਸਤੇ ਵਿੱਚ ਪਾ ਦਿੱਤਾ ਜਾਂਦਾ ਹੈ। ਅਨੇਕਾਂ ਸਿਆਸੀ ਪਾਰਟੀਆਂ ਵੀ ਕਈ ਵਾਰ ਚੰਡੀਗੜ੍ਹ ਅਤੇ ਹਰਿਆਣਾ ਵਿਚਲੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਪੂਰੀ ਤਰਾਂ ਦੇਣ ਲਈ ਅਕਸਰ ਚੋਣ ਮੁੱਦਾ ਬਣਾ ਕੇ ਚੋਣਾਂ ਜਿੱਤ ਚੁੱਕੀਆਂ ਹਨ ਪਰ ਕਿਸੇ ਵੀ ਸਿਆਸੀ ਪਾਰਟੀ ਨੇ ਠੋਸ ਰੂਪ ਵਿੱਚ ਚੰਡੀਗੜ੍ਹ ਤੇ ਪੰਜਾਬ ਦਾ ਹੱਕ ਜਤਾਉਣ ਲਈ ਕੁਝ ਨਹੀਂ ਕੀਤਾ, ਜਿਸ ਕਰਕੇ ਇਹ ਮਸਲਾ ਲੰਬੇ ਸਮੇਂ ਤੋਂ ਲਮਕ ਰਿਹਾ ਹੈ।

ਦੋ ਅਪ੍ਰੈਲ 1952 ਨੂੰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿੱਚ ਵੱਸੇ ਪਿੰਡ ਨਗਲਾ, ਜਿਹੜਾ ਹੁਣ ਚੰਡੀਗੜ੍ਹ ਦੇ ਸੈਕਟਰ 19 ਤੇ 7 ਦਾ ਹਿੱਸਾ ਹੈ ਅਤੇ ਇਸ ਨੂੰ ਮੱਧਿਆ ਮਾਰਗ ਵੀ ਕਿਹਾ ਜਾਂਦਾ ਹੈ, ਵਿਖੇ ਆਏ ਅਤੇ ਉਨ੍ਹਾਂ ਨੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਨੀਂਹ ਰੱਖੀ। ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਆਪਣੇ ਭਾਸ਼ਨ ਦੌਰਾਨ ਕਿਹਾ ਸੀ ਕਿ ਇਹ ਸ਼ਹਿਰ ਹਿੰਦੋਸਤਾਨ ਦੀ ਆਜ਼ਾਦੀ ਅਤੇ ਦੇਸ਼ ਦੇ ਭਵਿੱਖ ਦਾ ਪ੍ਰਤੀਕ ਬਣੇਗਾ।

ਅਕਸਰ ਕਿਹਾ ਜਾਂਦਾ ਹੈ ਕਿ ਚੰਡੀਗੜ੍ਹ ਨੂੰ ਵਸਾਉਣ ਲਈ ਪੰਜਾਬ ਦੇ ਅਨੇਕਾਂ ਪਿੰਡਾਂ ਨੂੰ ਉਜਾੜਿਆ ਗਿਆ ਸੀ। ਵਿਦਵਾਨ ਇੰਦਰਜੀਤ ਸਿੰਘ ਹਰਪੁਰਾ ਦਾਅਵਾ ਕਰਦੇ ਹਨ ਕਿ ਪੰਜਾਬ ਦੇ ਪਿੰਡਾਂ ਬਜਵਾੜੀ (23 ਸੈਕਟਰ), ਦਲਹੇੜੀ ਜੱਟਾਂ (28 ਸੈਕਟਰ), ਦਲਹੇੜੀ (19 ਸੈਕਟਰ), ਗੁਰਦਾਸਪੁਰਾ (28-ਇਡੰਸਟਰੀਅਲ ਏਰੀਆ), ਹਮੀਰਗੜ੍ਹ (ਕੰਚਨਪੁਰ) (7-26 ਸੈਕਟਰ), ਕਾਲੀਬੜ (4-5-8-9 ਸੈਕਟਰ), ਕੈਲੜ (15-16-24 ਸੈਕਟਰ), ਕਾਂਜੀ ਮਾਜਰਾ (14 ਸੈਕਟਰ - ਪੰਜਾਬ ਯੂਨੀਵਰਸਿਟੀ), ਖੇੜੀ (20-30-32 ਚੌਕ), ਮਹਿਲਾ ਮਾਜਰਾ (2-3 ਸੈਕਟਰ), ਨਗਲਾ (27 ਸੈਕਟਰ), ਰਾਮ ਨਗਰ (ਭੰਗੀ ਮਾਜਰਾ) (6-7 ਸੈਕਟਰ), ਰੁੜਕੀ (17-18-21-22 ਸੈਕਟਰ), ਸੈਣੀ ਮਾਜਰਾ (25 ਸੈਕਟਰ), ਸਹਿਜ਼ਾਦਪੁਰ (11-12 ਸੈਕਟਰ) (31-47 ਸੈਕਟਰ), ਬਜਵਾੜਾ (35-36 ਸੈਕਟਰ), ਬਜਵਾੜੀ ਬਖਤਾ (37 ਸੈਕਟਰ/ਬੇ-ਚਿਰਾਗ ਪਿੰਡ), ਫ਼ਤਹਿਗੜ੍ਹ (ਮਾਦੜਾਂ) (33-34 ਸੈਕਟਰ), ਗੱਗੜ ਮਾਜਰਾ (ਏਅਰਪੋਰਟ ਏਰੀਆ), ਕੰਥਾਲਾ (31 ਸੈਕਟਰ, ਟ੍ਰਿਬਿਊਨ ਚੌਕ), ਜੈਪੁਰ, ਸਲਾਹਪੁਰ, ਦਤਾਰਪੁਰ (ਰਾਮ ਦਰਬਾਰ, ਏਅਰਪੋਰਟ ਏਰੀਆ), ਚੂਹੜਪੁਰ, ਕਰਮਾਣ (29 ਸੈਕਟਰ, ਇਡੰਸਟਰੀਅਲ ਏਰੀਆ), ਝੁਮਰੂ (49-50 ਸੈਕਟਰ), ਨਿਜਾਮਪੁਰ (48 ਸੈਕਟਰ), ਸ਼ਾਹਪੁਰ (38 ਸੈਕਟਰ), ਮਨੀਮਾਜਰਾ, ਧਨਾਸ (14 ਸੈਕਟਰ), ਮਲੋਆ, ਡੱਡੂ ਮਾਜਰਾ (39 ਸੈਕਟਰ), ਬਡਹੇੜੀ, ਬੁਟੇਰਲਾ (41 ਸੈਕਟਰ), ਅਟਾਵਾ (42 ਸੈਕਟਰ), ਬੁੜੈਲ (45 ਸੈਕਟਰ), ਕਜਹੇੜੀ (52 ਸੈਕਟਰ), ਮਦਨਪੁਰ (54 ਸੈਕਟਰ), ਪਲਸੌਰਾ (55 ਸੈਕਟਰ) ਦੀ ਥਾਂ ਚੰਡੀਗੜ੍ਹ ਬਣਾਇਆ ਗਿਆ ਹੈ।

ਚੰਡੀਗੜ੍ਹ ਨਾਲ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਅਤੇ ਪੰਜਾਬ ਦੇ ਲੋਕ ਚੰਡੀਗੜ੍ਹ ਤੇ ਸਿਰਫ਼ ਪੰਜਾਬ ਦਾ ਹੱਕ ਸਮਝਦੇ ਹਨ, ਜਦੋਂ ਕਿ ਚੰਡੀਗੜ੍ਹ 'ਤੇ ਹਰਿਆਣਾ ਵੀ ਆਪਣਾ ਹੱਕ ਜਤਾਉਂਦਾ ਹੈ ਅਤੇ ਕਦੇ ਕਦੇ ਹਿਮਾਚਲ ਪ੍ਰਦੇਸ਼ ਵੀ ਚੰਡੀਗੜ੍ਹ 'ਤੇ ਆਪਣਾ ਹੱਕ ਜਤਾ ਦਿੰਦਾ ਹੈ। ਜਿਸ ਕਾਰਨ ਚੰਡੀਗੜ੍ਹ ਦਾ ਮੁੱਦਾ ਦਿਨੋਂ ਦਿਨ ਉਲਝਦਾ ਜਾ ਰਿਹਾ ਹੈ। ਕਿਸੇ ਵੀ ਕੇਂਦਰ ਸਰਕਾਰ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਕੋਈ ਉਪਰਾਲਾ ਨਹੀਂ ਕੀਤਾ ਭਾਵੇਂ ਕਿ ਵੱਖ- ਵੱਖ ਕੇਂਦਰ ਸਰਕਾਰਾਂ ਵੱਲੋਂ ਚੰਡੀਗੜ੍ਹ ਪੰਜਾਬ ਨੂੰ ਦੇਣ ਦੇ ਵਾਅਦੇ ਕਈ ਵਾਰ ਕੀਤੇ ਗਏ। ਹਾਲਾਤ ਤਾਂ ਇਹ ਬਣ ਗਏ ਹਨ ਕਿ ਕੇਂਦਰ ਸਰਕਾਰ ਨੇ ਚੰਡੀਗੜ੍ਹ ਪੰਜਾਬ ਨੂੰ ਕੀ ਦੇਣਾ ਸੀ ਸਗੋਂ ਹੁਣ ਚੰਡੀਗੜ੍ਹ ਤੋਂ ਪੰਜਾਬ ਦਾ ਹੱਕ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਇਹਨਾਂ ਯਤਨਾਂ ਵਿੱਚ ਹੀ ਕੇਂਦਰ ਸਰਕਾਰ ਦੇ ਨਵੇਂ ਬਿੱਲ ਪੇਸ਼ ਕਰਨ ਨੂੰ ਸਮਝਿਆ ਜਾ ਰਿਹਾ ਹੈ। ਪੰਜਾਬ ਦੇ ਲੋਕਾਂ ਦੇ ਸਖ਼ਤ ਵਿਰੋਧ ਨੂੰ ਵੇਖਦਿਆਂ ਭਾਵੇਂ ਹੁਣ ਕੇਂਦਰ ਸਰਕਾਰ ਨੇ ਇਹ ਬਿੱਲ ਸੰਸਦ ਦੇ ਸਰਦ ਰੁੱਤ ਇਜਲਾਸ ਵਿੱਚ ਨਾ ਲਿਆਉਣ ਦਾ ਐਲਾਨ ਕੀਤਾ ਹੈ, ਪਰ ਇਸ ਸਮੇਂ ਚੰਡੀਗੜ੍ਹ ਦਾ ਮੁੱਦਾ ਪੂਰੀ ਤਰ੍ਹਾਂ ਭੜਕਿਆ ਹੋਇਆ ਹੈ।



## ਪੰਜਾਬ ਦਾ ਇਤਿਹਾਸਕ ਹੱਕ




1 ਨਵੰਬਰ 1966 ਨੂੰ ਪੰਜਾਬ ਦੇ ਭਾਸ਼ਾਈ ਆਧਾਰ 'ਤੇ ਵੰਡ ਹੋਈ। ਪੰਜਾਬੀ ਸੂਬੇ ਲਈ ਚੰਡੀਗੜ੍ਹ ਨੂੰ ਅਸਥਾਈ ਰਾਜਧਾਨੀ ਬਣਾਉਣ ਦਾ ਫ਼ੈਸਲਾ ਲਿਆ ਗਿਆ। ਉਸ ਵੇਲੇ ਇਹ ਵਾਅਦਾ ਕੀਤਾ ਗਿਆ ਸੀ ਕਿ ਚੰਡੀਗੜ੍ਹ ਆਖਿਰਕਾਰ ਪੰਜਾਬ ਨੂੰ ਹੀ ਦਿੱਤਾ ਜਾਵੇਗਾ ਅਤੇ ਹਰਿਆਣੇ ਨੂੰ ਵੱਖਰੀ ਰਾਜਧਾਨੀ ਬਣਾਈ ਜਾਵੇਗੀ। ਪਰ 59 ਸਾਲ ਬਾਅਦ ਵੀ ਇਹ ਵਾਅਦਾ ਪੂਰਾ ਨਹੀਂ ਹੋਇਆ।

1970 ਵਿੱਚ ਇੰਦਰਾ ਗਾਂਧੀ ਸਰਕਾਰ ਨੇ ਸੈਂਕੜੇ ਪਿੰਡਾਂ ਦੀ ਜ਼ਮੀਨ ਲੈ ਕੇ ਚੰਡੀਗੜ੍ਹ ਬਣਾਇਆ ਸੀ ਅਤੇ ਪੰਜਾਬ ਨੂੰ ਇਸ ਦਾ ਮਾਲਕ ਮੰਨਿਆ ਗਿਆ ਸੀ। ਰਾਜੀਵ-ਲੌਂਗੋਵਾਲ ਸਮਝੌਤੇ (1985) ਵਿੱਚ 26 ਜਨਵਰੀ 1986 ਤਕ ਚੰਡੀਗੜ੍ਹ ਪੰਜਾਬ ਨੂੰ ਸੌਂਪਣ ਦਾ ਸਮਾਂ ਨਿਰਧਾਰਤ ਕੀਤਾ ਗਿਆ ਸੀ, ਪਰ ਉਹ ਵੀ ਲਾਗੂ ਨਹੀਂ ਹੋਇਆ।

## ਧਾਰਾ 240 ਦਾ ਮਤਲਬ ਕੀ ਹੈ ?

ਸੰਵਿਧਾਨ ਦੀ ਧਾਰਾ 240 ਰਾਸ਼ਟਰਪਤੀ ਨੂੰ ਉਨ੍ਹਾਂ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਲਈ ਸਿੱਧੇ ਨਿਯਮ ਬਣਾਉਣ ਦਾ ਅਧਿਕਾਰ ਦਿੰਦੀ ਹੈ ਜਿਨ੍ਹਾਂ ਵਿੱਚ ਵਿਧਾਨ ਸਭਾ ਨਹੀਂ ਹੁੰਦੀ - ਜਿਵੇਂ ਅੰਡਮਾਨ-ਨਿਕੋਬਾਰ, ਲਕਸ਼ਦੀਪ, ਦਾਦਰਾ ਨਗਰ ਹਵੇਲੀ, ਦਮਣ-ਦੀਵ। ਜੇ ਚੰਡੀਗੜ੍ਹ ਨੂੰ ਇਸ ਧਾਰਾ ਅਧੀਨ ਲਿਆਂਦਾ ਜਾਂਦਾ ਤਾਂ ਰਾਸ਼ਟਰਪਤੀ ਵੱਖਰਾ ਲੈਫ਼ਟੀਨੈਂਟ ਗਵਰਨਰ ਜਾਂ ਪ੍ਰਸ਼ਾਸਕ ਨਿਯੁਕਤ ਕਰ ਸਕਦੇ ਸਨ ਅਤੇ ਪੰਜਾਬ ਦੇ ਰਾਜਪਾਲ ਦਾ ਚੰਡੀਗੜ੍ਹ ਨਾਲ ਸਿੱਧਾ ਸੰਬੰਧ ਖ਼ਤਮ ਹੋ ਜਾਂਦਾ। ਪੰਜਾਬ ਦਾ ਮੰਨਣਾ ਹੈ ਕਿ ਇਹ ਉਸ ਦੀ ਰਾਜਧਾਨੀ 'ਤੇ ਸਿੱਧਾ ਕਬਜ਼ਾ ਹੁੰਦਾ।

# ਸਕੋਪ ਵੱਲੋਂ ਡਾਕਟਰ ਜਸਮੀਤ ਕੌਰ ਬੈਂਸ ਅਤੇ ਭਾਈ ਨੈਨਦੀਪ ਸਿੰਘ ਨਾਲ ਮਿਲਣੀ



ਫਰੀਮਾਂਟ- ਕੈਲੇਫੋਰਨੀਆਂ ਅਸੈਂਬਲੀ ਦੀ ਡਾਕਟਰ ਜਸਮੀਤ ਕੌਰ ਬੈਂਸ ਜਿਸਨੇ ਇਸ ਵਾਰ ਯੂ ਐਸ ਕਾਂਗਰਸ ਲਈ ਚੋਣ ਲੜਨ ਦਾ ਫੈਸਲਾ ਲਿਆ ਹੈ ਨਾਲ ਸਕੋਪ ਅਤੇ ਕੈਲੇਫੋਰਨੀਆ ਦੇ ਕੁੱਝ ਸਿੱਖ ਲੀਡਰਾਂ ਨੇ ਮੀਟਿੰਗ ਕਰਕੇ ਮਦਦ ਦਾ ਭਰੋਸਾ ਦਿੱਤਾ ਹੈ। ਭਾਈ ਨੈਨਦੀਪ ਸਿੰਘ ਜੋ ਕਿ ਇਸ ਵੇਲੇ ਫਰਿਜ਼ਨੋ ਸਕੂਲ ਡਿਸਟ੍ਰਿਕਟ ਵਿੱਚ ਸੇਵਾ ਕਰ ਰਹੇ ਹਨ ਉਹ ਇਸ ਵਾਰ ਫਰਿਜ਼ਨੋ ਸਿਟੀ ਕਾਊਂਸਲ ਦੀ ਚੋਣ ਲੜ੍ਹ ਰਹੇ ਹਨ, ਉਹਨਾਂ ਦੀ ਮਦਦ ਦਾ ਵੀ ਭਰੋਸਾ ਦਿੱਤਾ ਗਿਆ। ਯਾਦ ਰਹੇ, ਇਹ ਦੋਨੋਂ ਉਮੀਦਵਾਰ ਸਿੱਖ ਮੁੱਦਿਆਂ ’ਤੇ ਬਹੁਤ ਨਿਡਰਤਾ ਨਾਲ ਪਹਿਰਾ ਦਿੰਦੇ ਹਨ। ਡਾਕਟਰ ਜਸਮੀਤ ਕੌਰ ਬੈਂਸ ਨੇ ਕੈਲੇਫੋਰਨੀਆ ਦੀ ਅਸੈਂਬਲੀ ਵਿੱਚ ਸਿੱਖ ਨਸਲਕੁਸ਼ੀ ਦਾ ਬਿੱਲ ਲਿਆ ਕੇ ਉਸਦੀ ਪ੍ਰਵਾਨਗੀ ਤੱਕ ਅਹਿਮ ਭੂਮਿਕਾ ਨਿਭਾਈ।

## ਅਮਰੀਕਾ ਵੱਲੋਂ ਕਈ ਭਾਰਤੀ ਸੰਸਥਾਵਾਂ ’ਤੇ ਪਾਬੰਦੀ

### ਇਰਾਨ ਨਾਲ ਪੈਟਰੋਲੀਅਮ ਤੇ ਇਸ ਨਾਲ ਜੁੜੇ ਹੋਰ ਪਦਾਰਥਾਂ ਦੀ ਵਿਕਰੀ ’ਚ ਸ਼ਾਮਲ ਸੰਸਥਾਵਾਂ ਵਿਰੁੱਧ ਹੋਈ ਕਾਰਵਾਈ



ਨਿਊਯਾਰਕ/ਵਾਸ਼ਿੰਗਟਨ/ਏ.ਟੀ.ਨਿਊਜ਼: ਟਰੰਪ ਪ੍ਰਸ਼ਾਸਨ ਨੇ ਇਰਾਨ ਦੇ ਪੈਟਰੋਲੀਅਮ ਤੇ ਇਸ ਨਾਲ ਜੁੜੇ ਹੋਰ ਉਤਪਾਦਾਂ ਦੀ ਵਿਕਰੀ ਵਿੱਚ ਸ਼ਾਮਲ ਭਾਰਤੀ ਸੰਸਥਾਵਾਂ ਤੇ ਵਿਅਕਤੀਆਂ ’ਤੇ ਪਾਬੰਦੀ ਲਾ ਦਿੱਤੀ ਹੈ। ਟਰੰਪ ਪ੍ਰਸ਼ਾਸਨ ਨੇ ਕਿਹਾ ਕਿ ਇਸ ਵਪਾਰ ਤੋਂ ਮਿਲਣ ਵਾਲਾ ਪੈਸਾ ਤਹਿਰਾਨ ਦੇ ਖੇਤਰੀ ਅਤਿਵਾਦੀ ਸਮੂਹਾਂ ਨੂੰ ਹਮਾਇਤ ਦੇਣ ਤੇ ਹਥਿਆਰ ਪ੍ਰਣਾਲੀਆਂ ਦੀ ਖਰੀਦ ਲਈ ਵਰਤਿਆ ਜਾਂਦਾ ਹੈ, ਜੋ ਅਮਰੀਕਾ ਲਈ ਸਿੱਧੇ ਤੌਰ ’ਤੇ ਖਤਰਾ ਹੈ।

ਅਮਰੀਕਾ ਦੇ ਵਿਦੇਸ਼ ਤੇ ਵਿੱਤ ਮੰਤਰਾਲਿਆਂ ਨੇ ਉਸ ‘ਸ਼ਿਪਿੰਗ ਨੈੱਟਵਰਕ’ ਉੱਤੇ ਵੀ ਪਾਬੰਦੀਆਂ ਆਇਦ ਕੀਤੀਆਂ ਹਨ, ਜੋ ਇਰਾਨੀ ਸ਼ਾਸਨ ਦੀਆਂ ‘ਮਾੜੇ ਇਰਾਦੇ ਵਾਲੀਆਂ ਸਰਗਰਮੀਆਂ’ ਨੂੰ ਗ਼ੈਰਕਾਨੂੰਨੀ ਤੇਲ ਵਿਕਰੀ ਜ਼ਰੀਏ ਵਿੱਤੀ ਮਦਦ ਪ੍ਰਦਾਨ ਕਰਦੇ ਹਨ। ਇਹੀ ਨਹੀਂ ਅਮਰੀਕਾ ਨੇ ਉਨ੍ਹਾਂ ਏਅਰਲਾਈਨਾਂ ਤੇ ਉਨ੍ਹਾਂ ਨਾਲ ਜੁੜੀਆਂ ਕੰਪਨੀਆਂ ’ਤੇ ਵੀ ਪਾਬੰਦੀ ਲਗਾ ਦਿੱਤੀ ਹੈ, ਜੋ ਇਰਾਨ ਦੀ ਹਮਾਇਤ ਵਾਲੇ ਦਹਿਸ਼ਤੀ ਸੰਗਠਨਾਂ ਨੂੰ ਹਥਿਆਰ ਤੇ ਹੋਰ ਸਪਲਾਈ ਭੇਜਦੇ ਹਨ। ਪਾਬੰਦੀਆਂ ਵਾਲੀ ਇਸ ਸੂਚੀ ਵਿੱਚ ਜਿਨ੍ਹਾਂ ਭਾਰਤੀ ਨਾਗਰਿਕਾਂ ਤੇ ਕੰਪਨੀਆਂ ਨੂੰ ਸ਼ਾਮਲ ਕੀਤਾ ਗਿਆ ਹੈ ਉਸ ਵਿੱਚ ਜੈਰ ਹੁਸੈਨ ਇਕਬਾਲ ਹੁਸੈਨ ਸੱਈਅਦ, ਜ਼ੁਲਫਿਕਾਰ ਹੁਸੈਨ ਰਿਜ਼ਵੀ ਸੱਯਦ, ਮਹਾਰਾਸ਼ਟਰ ਸਥਿਤ ‘ਆਰਐੱਨ ਸ਼ਿਪ ਮੈਨੇਜਮੈਂਟ ਪ੍ਰਾਈਵੇਟ ਲਿਮਟਿਡ’ ਅਤੇ ਪੁਣੇ ਸਥਿਤ ‘ਟੀ.ਆਰ.6 ਪੈਟਰੋ ਇੰਡੀਆ ਐੱਲ.ਐੱਲ.ਪੀ.’ ਸ਼ਾਮਲ ਹਨ।

ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਭਾਰਤ, ਪਨਾਮਾ ਅਤੇ ਸੈਸ਼ੇਲਸ ਸਮੇਤ ਕਈ ਦੇਸ਼ਾਂ ਵਿੱਚ ਸਥਿਤ ਕੁੱਲ 17 ਸੰਸਥਾਵਾਂ, ਵਿਅਕਤੀਆਂ ਅਤੇ ਜਹਾਜ਼ਾਂ ਨੂੰ ਨਾਮਜ਼ਦ ਕਰ ਰਿਹਾ ਹੈ, ਜੋ ਇਰਾਨ ਨੂੰ ਪੈਟਰੋਲੀਅਮ ਅਤੇ ਪੈਟਰੋਲੀਅਮ ਉਤਪਾਦਾਂ ਦੀ ਵਿਕਰੀ ਵਿੱਚ ਸ਼ਾਮਲ ਹਨ।

## ਟਰੰਪ ਦੀਆਂ ਸਖ਼ਤ ਗੱਲਾਂ ਤੋਂ ਬਾਅਦ ਭਾਰਤ-ਅਮਰੀਕਾ ਦੇ ਰਿਸ਼ਤੇ ਮਜ਼ਬੂਤ ਹੋਣ ਦੀ ਸੰਭਾਵਨਾ

> ਨਵੇਂ ਸੌਦੇ ਅਤੇ ਸਹਿਯੋਗ ਨੇ ਰਿਸ਼ਤਿਆਂ ਵਿੱਚ ਮਿਠਾਸ ਪੈਦਾ ਕੀਤੀ
> ਭਾਰਤ ਅਮਰੀਕਾ ਨਾਲ ਸੌਦੇ ਕਰਕੇ ਅਮਰੀਕਾ ਨੂੰ ਖ਼ੁਸ਼ ਕਰਨ ਲੱਗਿਆ

ਨਵੀਂ ਦਿੱਲੀ/ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਤਿੱਖੀਆਂ ਬਿਆਨਬਾਜ਼ੀਆਂ ਅਤੇ ਰਾਜਨੀਤਿਕ ਤਣਾਆਂ ਦੌਰਾਨ ਭਾਰਤ ਅਤੇ ਅਮਰੀਕਾ ਵਿਚਕਾਰ ਰਿਸ਼ਤੇ ਮਜਬੂਤ ਹੋਣ ਦੀ ਸੰਭਾਵਨਾ ਵਧ ਰਹੀ ਹੈ। ਟਰੰਪ ਦੇ ਭਾਰਤ ਵਿਰੁੱਧ ਕਈ ਵਾਰ ਆਏ ਬਿਆਨਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਦੋਵੇਂ ਦੇਸ਼ਾਂ ਨੇ ਰੱਖਿਆ, ਵਪਾਰ, ਊਰਜਾ ਅਤੇ ਲੋਕਾਂ ਵਿਚਕਾਰ ਸਹਿਯੋਗ ਨੂੰ ਨਵੀਆਂ ਉਚਾਈਆਂ ਵੱਲ ਲੈ ਜਾਣ ਵਾਲੇ ਕਦਮ ਚੁੱਕੇ ਹਨ। ਇਹ ਸਭ ਨਵੇਂ ਸੌਦਿਆਂ ਅਤੇ ਰਣਨੀਤਕ ਸਹਿਮਤੀਆਂ ਰਾਹੀਂ ਹੋ ਰਿਹਾ ਹੈ, ਜੋ ਦੱਸਦਾ ਹੈ ਕਿ ਦੋਵੇਂ ਦੇਸ਼ ਲੰਮੇ ਸਮੇਂ ਲਈ ਰਣਨੀਤਕ ਸਥਿਰਤਾ ਵੱਲ ਵਧ ਰਹੇ ਹਨ।ਇਸ ਨੂੰ ਸਭ ਤੋਂ ਵੱਡਾ ਸੰਕੇਤ ਅਮਰੀਕੀ ਰੱਖਿਆ ਸੁਰੱਖਿਆ ਸਹਾਇਤਾ ਏਜੰਸੀ (ਡੀਐਸਸੀਏ) ਵੱਲੋਂ ਭਾਰਤ ਨੂੰ 93 ਮਿਲੀਅਨ ਡਾਲਰ ਦੀ ਕੀਮਤ ਵਾਲੇ ਜੈਵਲਿਨ ਐਂਟੀ-ਟੈਂਕ ਮਿਸਾਈਲਾਂ ਅਤੇ ਪ੍ਰਿਸ਼ਿਜ਼ਨ ਆਰਟਿਲਰੀ ਗੋਲੇ-ਬਾਰੂਦ ਦੀ ਵਿਕਰੀ ਨੂੰ ਹਰੀ ਝੰਡੀ ਦੇਣ ਨਾਲ ਮਿਲਦਾ ਹੈ। 20 ਨਵੰਬਰ ਨੂੰ ਐਲਾਨ ਕੀਤੀ ਗਈ ਇਸ ਡੀਲ ਵਿੱਚ 100 ਜੈਵਲਿਨ ਐਫਜੀਐੱਮ-148 ਮਿਸਾਈਲਾਂ ਅਤੇ 216 ਐੱਮ982ਏ1 ਐਕਸਕੈਲੀਬਰ ਰਾਊਂਡ ਸ਼ਾਮਲ ਹਨ। ਇਹ ਹਥਿਆਰ ਭਾਰਤ ਦੀ ਪਾਵਰਫੁਲਜੰਗੀ ਯੋਗਤਾ ਨੂੰ ਹੋਰ ਮਜ਼ਬੂਤ ਕਰਨਗੇ, ਖਾਸ ਕਰਕੇ ਪਹਾੜੀ ਖੇਤਰਾਂ ਵਿੱਚ। ਰੱਖਿਆ ਮਾਹਿਰਾਂ ਅਨੁਸਾਰ, ਇਹ ਸੌਦਾ ਦੱਸਦਾ ਹੈ ਕਿ ਅਮਰੀਕਾ ਭਾਰਤ ਨੂੰ ਆਪਣਾ ਮਜ਼ਬੂਤ ਸਾਥੀ ਮੰਨ ਰਿਹਾ ਹੈ, ਖਾਸ ਕਰਕੇ ਚੀਨ ਅਤੇ ਪਾਕਿਸਤਾਨ ਵਰਗੇ ਖ਼ਤਰਿਆਂ ਵਿੱਚ।



ਇਸੇ ਤਰ੍ਹਾਂ, ਭਾਰਤ ਅਤੇ ਅਮਰੀਕਾ ਨੇ ਆਪਣੇ ਦਸ ਸਾਲਾਂ ਵਾਲੇ ‘ਮੇਜਰ ਡਿਫੈਂਸ ਪਾਰਟਨਰਸ਼ਿਪ’ ਫਰੇਮਵਰਕ ਨੂੰ ਹੋਰ ਦਸ ਸਾਲਾਂ ਲਈ ਨਵੀਨੀਕਰਨ ਕੀਤਾ ਹੈ। ਇਸ ਨਾਲ ‘ਸੈਕਿਓਰਿਟੀ ਆਫ ਸਪਲਾਈ ਅਰੇਂਜਮੈਂਟ’ ਵੀ ਲਾਗੂ ਹੋ ਗਿਆ ਹੈ, ਜੋ ਰੱਖਿਆ ਸਾਮਾਨ ਦੀ ਤੇਜ਼ ਅਤੇ ਨਿਰਭਰਤਾ ਵਾਲੀ ਸਪਲਾਈ ਨੂੰ ਯਕੀਨੀ ਬਣਾਏਗਾ। ਜਨਰਲ ਇਲੈਕਟ੍ਰਿਕ ਨੇ ਪੁਣੇ ਵਿੱਚ ਐੱਫ-414 ਜੈੱਟ ਇੰਜਣਾਂ ਦੇ ਜੁਆਇੰਟ ਉਤਪਾਦਨ ਲਈ ਸਥਾਨਕ ਮਜ਼ਦੂਰਾਂ ਨੂੰ ਟ੍ਰੇਨਿੰਗ ਸ਼ੁਰੂ ਕਰ ਦਿੱਤੀ ਹੈ। ਇਹ ਭਾਰਤ ਦੇ ਟੈਕ ਐੱਸ-1 ਵਰਗੇ ਲੜਾਕੂ ਜਹਾਜ਼ਾਂ ਲਈ ਜ਼ਰੂਰੀ ਹੈ। ਇਸ ਤੋਂ ਇਲਾਵਾ, 31 ਐੱਮਕਿਊ-9ਬੀ ਡਰੋਨਾਂ ਦੀ ਖਰੀਦ ਪ੍ਰਕਿਰਿਆ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਅਤੇ ਇਸ ਨੂੰ ਭਾਰਤ ਵਿੱਚ ਹੀ ਰੱਖ-ਰਖਵਾਈ ਅਤੇ ਨਵੀਨੀਕਰਨ (ਐੱਮਆਰਓ) ਸੈਂਟਰ ਸਥਾਪਿਤ ਕੀਤਾ ਜਾਵੇਗਾ। ਭਾਰਤ ਨੇ ਅਮਰੀਕੀ ਫਲੋਰਿਡਾ ਵਾਲੇ ਐੱਸਓਸੀਓਐੱਮ ਅਤੇ ਹਵਾਈ ਵਾਲੇ ਇੰਡੋ-ਪੈਸਿਫਿਕ ਕਮਾਂਡ ਵਿੱਚ ਲਾਇਜ਼ਨ ਅਧਿਕਾਰੀਆਂ ਨੂੰ ਵੀ ਨਿਯੁਕਤ ਕਰ ਦਿੱਤਾ ਹੈ, ਜੋ ਸੰਚਾਲਕ ਸਹਿਯੋਗ ਨੂੰ ਵਧਾਏਗਾ।

ਟਰੰਪ ਸਰਕਾਰ ਨੇ ਵੀਜ਼ਾ ਨੀਤੀਆਂ ਨਾਲ ਭਾਰਤ ਨੂੰ ਕਾਫ਼ੀ ਪਰੇਸ਼ਾਨ ਕੀਤਾ ਹੈ, ਪਰ ਅੰਦਰੂਨੀ ਤੌਰ ਤੇ ਅਮਰੀਕੀ ਵਿਦੇਸ਼ ਵਿਭਾਗ ਨੇ ਭਾਰਤੀ ਯਾਤਰੀਆਂ ਲਈ ਬੀ1/ਬੀ2 ਵੀਜ਼ਾ ਇੰਟਰਵਿਊ ਵਿੱਚ ਛੋਟ ਦਿੱਤੀ ਹੈ ਅਤੇ ਐੱਚ1ਬੀ ਵੀਜ਼ਾ ਪ੍ਰੋਸੈੱਸਿੰਗ ਨੂੰ ਤੇਜ਼ ਕੀਤਾ ਹੈ। ਭਾਰਤੀ ਅਧਿਕਾਰੀ ਵੀ ਟਰੰਪ ਦੇ ਬਿਆਨਾਂ ਤੇ ਰਿਐਕਸ਼ਨ ਨਹੀਂ ਦੇ ਰਹੇ, ਜੋ ਰਿਸ਼ਤਿਆਂ ਨੂੰ ਸੰਤੁਲਿਤ ਰੱਖਣ ਵਿੱਚ ਮਦਦ ਕਰ ਰਿਹਾ ਹੈ।

ਆਰਥਿਕ ਖੇਤਰ ਵਿੱਚ ਵੀ ਵੱਡੀ ਪ੍ਰਗਤੀ ਹੋਈ ਹੈ। ‘ਫੇਜ਼ ਵਨ’ ਵਪਾਰੀ ਸੌਦੇ ਨੂੰ ਲਗਭਗ ਅੰਤਿਮ ਰੂਪ ਦਿੱਤਾ ਗਿਆ ਹੈ। ਅਮਰੀਕਾ ਨੇ ਭਾਰਤ ਤੇ 50 ਫੀਸਦੀ ਟੈਕਸ ਲਗਾਇਆ ਹੋਇਆ ਹੈ, ਪਰ ਨਵੇਂ ਸੌਦੇ ਨਾਲ ਇਹ ਘਟੇਗਾ। ਭਾਰਤ 80 ਫੀਸਦੀ ਤੋਂ ਵੱਧ ਅਮਰੀਕੀ ਆਯਾਤ ’ਤੇ ਟੈਕਸ ਘਟਾਏਗਾ ਅਤੇ ਬਦਲੇ ਵਿੱਚ ਅਮਰੀਕਾ ਭਾਰਤ ਤੇ ਸਿਰਫ਼ 15 ਫੀਸਦੀ ਟੈਕਸ ਲਗਾਏਗਾ। ਇਹ ਸੌਦਾ ਦੋਵੇਂ ਦੇਸ਼ਾਂ ਵਿਚਕਾਰ ਵਪਾਰ ਨੂੰ ਵਿਕਸਤ ਕਰੇਗਾ ਅਤੇ ਨੌਕਰੀਆਂ ਪੈਦਾ ਕਰੇਗਾ। ਭਾਰਤੀ ਨਿਰਯਾਤਕ ਖ਼ੁਸ਼ ਹਨ ਕਿਉਂਕਿ ਇਹ ਅਮਰੀਕੀ ਬਾਜ਼ਾਰ ਨੂੰ ਵਧੇਰੇ ਖੋਲ੍ਹੇਗਾ।

ਊਰਜਾ ਖੇਤਰ ਵਿੱਚ ਵੀ ਸਹਿਯੋਗ ਵਧਿਆ ਹੈ। ਭਾਰਤ ਨੇ ਅਮਰੀਕਾ ਨਾਲ ਪ੍ਰਤੀ ਵਰ੍ਹੇ 2.2 ਮਿਲੀਅਨ ਟਨ ਐਲਪੀਜੀ ਆਯਾਤ ਦਾ ਐਲਾਨ ਕੀਤਾ ਹੈ, ਜੋ ਭਾਰਤ ਦੇ ਕੁੱਲ ਐਲ.ਪੀ.ਜੀ. ਆਯਾਤ ਦਾ 10 ਫੀਸਦੀ ਹੈ। ਮਾਹਿਰਾਂ ਕਹਿੰਦੇ ਹਨ ਕਿ ਇਹ ਰੂਸ ਤੋਂ ਤੇਲ ਖਰੀਦ ਕਾਰਨ ਉੱਠੇ ਤਣਾਅ ਨੂੰ ਘਟਾਉਣ ਲਈ ਅਮਰੀਕੀ ਊਰਜਾ ਲਾਬੀ ਨੂੰ ਖ਼ੁਸ਼ ਕਰਨ ਵਾਲਾ ਕਦਮ ਹੈ। ਇਸ ਐਲਾਨ ਤੋਂ ਠੀਕ ਪਹਿਲਾਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਟਿਨ ਦੀ ਭਾਰਤ ਯਾਤਰਾ ਨਿਰਧਾਰਤ ਹੋਈ ਹੈ, ਜੋ ਨਵੀਂ ਦਿੱਲੀ ਦੀ ਕੂਟਨੀਤਕ ਨੀਤੀ ਨੂੰ ਦਰਸਾਉਂਦੀ ਹੈ।

ਸੰਖੇਪ ਵਿੱਚ, ਟਰੰਪ ਦੀ ਬਿਆਨਬਾਜ਼ੀ ਨੂੰ ਨਜ਼ਰਅੰਦਾਜ਼ ਕਰਦੇ ਹੋਏ ਵਾਸ਼ਿੰਗਟਨ ਅਤੇ ਨਵੀਂ ਦਿੱਲੀ ਨੇ ਰਿਸ਼ਤਿਆਂ ਨੂੰ ਵਿਹਾਰਕ ਬਣਾਉਣ ’ਤੇ ਜ਼ੋਰ ਦਿੱਤਾ ਹੈ। ਸੰਸਥਾਗਤ ਨਿਰੰਤਰਤਾ ਅਤੇ ਜ਼ਮੀਨੀ ਪੱਧਰ ’ਤੇ ਲਾਗੂ ਕਰਨ ਨਾਲ ਇਹ ਰਿਸ਼ਤੇ ਲੰਮੇ ਸਮੇਂ ਲਈ ਮਜ਼ਬੂਤ ਹੋ ਰਹੇ ਹਨ। ਚਾਹੇ ਵ੍ਹਾਈਟ ਹਾਊਸ ਵਿੱਚ ਕੋਈ ਵੀ ਰਾਸ਼ਟਰਪਤੀ ਆਵੇ, ਇਹ ਰਣਨੀਤਕ ਸਹਿਮਤੀ ਅੱਗੇ ਵਧੇਗੀ। ਭਾਰਤੀ ਵਿਦੇਸ਼ ਮੰਤਰੀ ਨੇ ਕਿਹਾ, ‘ਅਸੀਂ ਰਾਜਨੀਤਕ ਬਿਆਨਾਂ ਨਾਲ ਨਹੀਂ ਬਲਕਿ ਕੰਮ ਨਾਲ ਰਿਸ਼ਤੇ ਬਣਾਉਂਦੇ ਹਾਂ।’ ਇਹ ਨਵੇਂ ਸੌਦੇ ਨਾ ਸਿਰਫ਼ ਸੁਰੱਖਿਆ ਵਧਾਉਣਗੇ ਬਲਕਿ ਆਰਥਿਕ ਵਿਕਾਸ ਨੂੰ ਵੀ ਤੇਜ਼ ਕਰਨਗੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh  Sub: Editor: Balwinderpal Singh, Dr. Sarbjeet Kaur Jang  Online Interview Host: Balraj Pannu

Designer: A.K.V.  Content Composer: S. Jagmohan Singh  US Distributor: Amritsar Times Inc.  Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਕੈਨੇਡਾ ਇਮੀਗ੍ਰੇਸ਼ਨ ਸੰਕਟ: 10 ਲੱਖ ਫ਼ਾਈਲਾਂ ਅਟਕੀਆਂ, ਪੰਜਾਬੀ ਪਰਿਵਾਰ ਸਭ ਤੋਂ ਵੱਧ ਪ੍ਰਭਾਵਿਤ

## 10 ਸਾਲ ਵਾਲਾ ਵੀਜ਼ਾ ਖਤਮ, ਹੁਣ ਸਿਰਫ਼ 3.5 ਸਾਲ ਦਾ - ਪੰਜਾਬੀ ਪਰਿਵਾਰਾਂ 'ਤੇ ਵੱਡਾ ਝਟਕਾ! ਮਾਂ-ਬਾਪ ਨੂੰ ਬੱਚਿਆਂ ਨਾਲ ਮਿਲਣ ਲਈ 169 ਦਿਨਾਂ ਦੀ ਕਰਨੀ ਪੈ ਰਹੀ ਹੈ ਉਡੀਕ

ਓਟਾਵਾ/ਏ.ਟੀ.ਨਿਊਜ਼: ਕੈਨੇਡਾ ਦਾ ਇਮੀਗ੍ਰੇਸ਼ਨ ਸਿਸਟਮ ਪੂਰੀ ਤਰ੍ਹਾਂ ਦਬਾਅ ਹੇਠ ਆ ਗਿਆ ਹੈ।ਅਧਿਕਾਰਕ ਅੰਕੜਿਆਂ ਮੁਤਾਬਕ ਹੁਣ ਲਗਭਗ 10 ਲੱਖ ਤੋਂ ਵੱਧ ਅਰਜ਼ੀਆਂ ਪੈਂਡਿੰਗ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਵੱਡਾ ਹਿੱਸਾ ਭਾਰਤੀ ਨਾਗਰਿਕਾਂ ਦਾ ਹੈ। ਖ਼ਾਸਕਰ ਪੰਜਾਬੀ ਪਰਿਵਾਰਾਂ ਲਈ ਇਹ ਸੰਕਟ ਬਹੁਤ ਦਰਦਨਾਕ ਬਣ ਗਿਆ ਹੈ।

**ਮਾਤਾ-ਪਿਤਾ ਨੂੰ ਮਿਲਣ ਲਈ ਮਹੀਨਿਆਂ ਦੀ ਉਡੀਕ**

ਭਾਰਤ ਤੋਂ ਕੈਨੇਡਾ ਵਿਜ਼ਟਰ ਵੀਜ਼ਾ ਲਈ ਔਸਤਨ 100 ਤੋਂ 106 ਦਿਨ ਲੱਗ ਰਹੇ ਹਨ। ਸੁਪਰ ਵੀਜ਼ਾ (ਮਾਤਾ-ਪਿਤਾ/ਦਾਦਾ-ਦਾਦੀ ਲਈ) ਦੀ ਪ੍ਰੋਸੈਸਿੰਗ 169 ਦਿਨਾਂ ਤੱਕ ਹੋ ਗਈ ਹੈ।

ਪੈਰੈਂਟ ਐਂਡ ਗ੍ਰੈਂਡਪੈਰੈਂਟ ਪ੍ਰੋਗਰਾਮ ਵਿੱਚ ਵੇਟਿੰਗ 42 ਹਫ਼ਤੇ (ਲਗਭਗ 10 ਮਹੀਨੇ) ਹੈ, ਜਦਕਿ ਕਿਊਬੈਕ ਵਿੱਚ ਇਹ 50 ਹਫ਼ਤੇ ਤੱਕ ਪਹੁੰਚ ਗਈ ਹੈ।

10 ਸਾਲ ਵਾਲਾ ਵੀਜ਼ਾ ਹੁਣ ਸਿਰਫ਼ 3.5 ਸਾਲ ਦਾ

ਪਹਿਲਾਂ ਭਾਰਤੀਆਂ ਨੂੰ ਆਸਾਨੀ ਨਾਲ 10 ਸਾਲ ਵੈਲਿਡ ਮਲਟੀਪਲ-ਐਂਟਰੀ ਵੀਜ਼ਾ ਮਿਲ ਜਾਂਦਾ ਸੀ। ਹੁਣ ਨਵੀਂ ਨੀਤੀ ਤਹਿਤ:

ਵੀਜ਼ਾ ਦੀ ਵੈਲਿਡਿਟੀ ਘਟਾ ਕੇ 3.5 ਸਾਲ ਕਰ ਦਿੱਤੀ ਗਈ ਹੈ

ਜ਼ਿਆਦਾਤਰ ਕੇਸਾਂ ਵਿੱਚ ਸਿਰਫ਼ ਸਿੰਗਲ-ਐਂਟਰੀ ਵੀਜ਼ਾ ਜਾਰੀ ਕੀਤਾ ਜਾ ਰਿਹਾ ਹੈਇਸ ਨਾਲ ਹਰ ਵਾਰ ਭਾਰਤ ਆਉਣ-ਜਾਣ ਤੋਂ ਬਾਅਦ ਮੁੜ ਨਵੀਂ ਅਰਜ਼ੀ ਦੇਣੀ ਪੈਂਦੀ ਹੈ, ਜੋ ਮਹਿੰਗੀ ਅਤੇ ਔਖੀ ਪ੍ਰਕਿਰਿਆ ਹੈ।

ਪੰਜਾਬੀ ਪਰਿਵਾਰਾਂ ਤੇ ਸਭ ਤੋਂ ਵੱਡਾ ਝਟਕਾ

ਕੈਨੇਡਾ ਵਿੱਚ ਲਗਭਗ 7 ਲੱਖ ਪੰਜਾਬੀ ਨੌਜਵਾਨ ਰਹਿੰਦੇ ਹਨ। ਉਨ੍ਹਾਂ ਦੇ ਮਾਤਾ-ਪਿਤਾ ਅਤੇ ਰਿਸ਼ਤੇਦਾਰ ਅਕਸਰ ਮਿਲਣ ਜਾਂਦੇ ਸਨ, ਪਰ ਹੁਣ ਇਹ ਆਮਦ ਲਗਭਗ ਠੱਪ ਹੋ ਗਈ ਹੈ।

ਵੀਜ਼ਾ ਮਾਹਿਰਾਂ ਅਨੁਸਾਰ ਪੰਜਾਬ ਦੇ ਇਮੀਗ੍ਰੇਸ਼ਨ ਦਫ਼ਤਰਾਂ ਵਿੱਚ ਕੈਨੇਡਾ ਨਾਲ ਜੁੜੀ ਪੁੱਛਗਿੱਛ 80% ਘਟ ਗਈ ਹੈ। ਲੋਕ ਨਿਰਾਸ਼ ਹੋ ਕੇ ਵਾਪਸ ਮੁੜ ਰਹੇ ਹਨ।

**ਹੋਰ ਸ਼੍ਰੇਣੀਆਂ ਵਿੱਚ ਵੀ ਰਿਕਾਰਡ ਬੈਕਲਾਗ**

ਸਪਾਊਸ ਸਪਾਂਸਰਸ਼ਿਪ: 50,000 ਤੋਂ ਵੱਧ ਅਰਜ਼ੀਆਂ ਅਟਕੀਆਂ ਹਨ

ਮਨੁੱਖੀ ਕਾਰਨਾਂ ਵਾਲੇ ਕੇਸ: 100-106 ਮਹੀਨੇ (8-9 ਸਾਲ) ਦੀ ਉਡੀਕ ਕਰਨੀ ਪੈ ਰਹੀ ਹੈ।

ਨਾਗਰਿਕਤਾ ਅਰਜ਼ੀਆਂ: 2.59 ਲੱਖ ਤੋਂ ਵੱਧ ਪੈਂਡਿੰਗ ਹਨ।

**ਸਰਕਾਰ ਨੇ ਮੰਨਿਆ ਸੰਕਟ**

ਕੈਨੇਡੀਅਨ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਹੈ ਕਿ ਅਸੀਂ ਪ੍ਰਣਾਲੀ ਨੂੰ ਸੰਤੁਲਿਤ ਕਰਨ ਲਈ ਪ੍ਰਤੀ ਸਾਲ ਆਉਣ ਵਾਲੇ ਲੋਕਾਂ ਦੀ ਗਿਣਤੀ 5 ਲੱਖ ਤੋਂ ਘਟਾ ਕੇ 3.8 ਲੱਖ ਕਰ ਰਹੇ ਹਾਂ। ਉਨ੍ਹਾਂ ਨੇ ਇਹ ਵੀ ਮੰਨਿਆ ਕਿ




ਬੈਕਲਾਗ ਘਟਾਉਣ ਲਈ ਵਧੇਰੇ ਸਟਾਫ਼ ਅਤੇ ਨਵੀਂ ਟੈਕਨਾਲੋਜੀ ਲਿਆਂਦੀ ਜਾ ਰਹੀ ਹੈ, ਪਰ ਫਿਲਹਾਲ ਰਾਹਤ ਦਿਖਾਈ ਨਹੀਂ ਦੇ ਰਹੀ।

ਜਿਹੜੇ ਪੰਜਾਬੀ ਮਾਪੇ ਆਪਣੇ ਬੱਚਿਆਂ ਨੂੰ ਸਾਲਾਂ ਬਾਅਦ ਮਿਲਣ ਦੀ ਉਡੀਕ ਕਰ ਰਹੇ ਹਨ, ਉਨ੍ਹਾਂ ਲਈ ਹਰ ਨਵਾਂ ਦਿਨ ਦਰਦ ਭਰਿਆ ਹੈ।

ਕੈਨੇਡਾ ਦੀ ਨਾਗਰਿਕਤਾ ਕਾਨੂੰਨ ਵਿੱਚ ਕਰੇਗਾ ਇਤਿਹਾਸਕ ਬਦਲਾਅ ਹਜ਼ਾਰਾਂ ਭਾਰਤੀ ਪਰਿਵਾਰਾਂ ਲਈ ਵੱਡੀ ਖ਼ੁਸ਼ਖਬਰੀ! ਕੈਨੇਡਾ ਸਰਕਾਰ ਨੇ ਆਪਣੇ ਨਾਗਰਿਕਤਾ ਕਾਨੂੰਨ ਵਿੱਚ ਸਭ ਤੋਂ ਵੱਡਾ ਤੇ ਇਤਿਹਾਸਕ ਬਦਲਾਅ ਕਰਨ ਦਾ ਫੈਸਲਾ ਕਰ ਲਿਆ ਹੈ। ਬਿੱਲ ਸੀ-3 ਰਾਹੀਂ ਸਿਟੀਜ਼ਨਸ਼ਿਪ ਐਕਟ ਵਿੱਚ ਸੋਧ ਕਰਕੇ ਸੈਕੰਡ ਜਨਰੇਸ਼ਨ ਕੱਟ-ਆਫ (ਦੂਜੀ ਪੀੜ੍ਹੀ ਦੀ ਪਾਬੰਦੀ) ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਜਾਵੇਗਾ। ਇਸ ਨਾਲ ਹੁਣ ਕੈਨੇਡਾ ਦੇ ਬਾਹਰ ਜਨਮੇ ਕੈਨੇਡੀਅਨ ਮਾਪਿਆਂ ਦੇ ਬੱਚਿਆਂ ਨੂੰ ਵੀ ਆਪਣੇ ਮਾਪਿਆਂ ਦੀ ਵੰਸ਼ਾਵਲੀ ਰਾਹੀਂ ਸਿੱਧੀ ਕੈਨੇਡੀਅਨ ਨਾਗਰਿਕਤਾ ਮਿਲ ਸਕੇਗੀ - ਭਾਵੇਂ ਉਹਨਾਂ ਦੇ ਮਾਪੇ ਵੀ ਕੈਨੇਡਾ ਤੋਂ ਬਾਹਰ ਜਨਮੇ ਹੋਣ।

ਇਹ ਬਦਲਾਅ ਖਾਸ ਕਰਕੇ ਭਾਰਤੀ ਮੂਲ ਦੇ ਹਜ਼ਾਰਾਂ ਪਰਿਵਾਰਾਂ ਲਈ ਜੀਵਨ ਬਦਲਣ ਵਾਲਾ ਸਾਬਤ ਹੋਵੇਗਾ। ਕੈਨੇਡਾ ਵਿੱਚ ਰਹਿੰਦੇ ਲੱਖਾਂ ਭਾਰਤੀਆਂ ਵਿੱਚੋਂ ਬਹੁਤ ਸਾਰੇ ਪਹਿਲੀ ਪੀੜ੍ਹੀ ਦੇ ਇਮੀਗ੍ਰੈਂਟ ਹਨ, ਜੋ ਆਪਣੇ ਬੱਚਿਆਂ ਨੂੰ ਵਿਦੇਸ਼ ਵਿੱਚ ਜਨਮ ਦਿੰਦੇ ਹਨ। ਹੁਣ ਤੱਕ ਉਹਨਾਂ ਦੇ ਬੱਚਿਆਂ ਨੂੰ ਕੈਨੇਡੀਅਨ ਨਾਗਰਿਕਤਾ ਲਈ ਲੰਮੀ ਪ੍ਰਕਿਰਿਆ ਕਰਨੀ ਪੈਂਦੀ ਸੀ ਜਾਂ ਬਿਲਕੁਲ ਨਹੀਂ ਮਿਲਦੀ ਸੀ। ਪਰ ਹੁਣ ਇਹ ਸਾਰੀਆਂ ਮੁਸ਼ਕਲਾਂ ਖਤਮ ਹੋਣ ਵਾਲੀਆਂ ਹਨ।

**2009 ਦਾ ਪੁਰਾਣਾ ਨਿਯਮ ਕੀ ਸੀ?**

2009 ਤੋਂ ਪਹਿਲਾਂ ਕੈਨੇਡਾ ਦਾ ਨਾਗਰਿਕਤਾ ਕਾਨੂੰਨ ਬਹੁਤ ਉਦਾਰ ਸੀ। ਜੇਕਰ ਕੋਈ ਵਿਅਕਤੀ ਕੈਨੇਡੀਅਨ ਸਿਟੀਜ਼ਨ ਸੀ ਤਾਂ ਉਸ ਦੇ ਵਿਦੇਸ਼ ਵਿੱਚ ਜਨਮੇ ਬੱਚੇ ਆਪਣੇ ਆਪ ਕੈਨੇਡੀਅਨ ਸਿਟੀਜ਼ਨ ਮੰਨੇ ਜਾਂਦੇ ਸਨ - ਚਾਹੇ ਕਿੰਨੀਆਂ ਵੀ ਪੀੜ੍ਹੀਆਂ ਬਾਹਰ ਜਨਮ ਲੈਂਦੀਆਂ ਰਹੀਆਂ। ਪਰ 2009 ਵਿੱਚ ਸਾਬਕਾ ਕੰਜ਼ਰਵੇਟਿਵ ਸਰਕਾਰ ਨੇ ਸੈਕੰਡ ਜਨਰੇਸ਼ਨ ਕੱਟ-ਆਫ ਲਾਗੂ ਕੀਤਾ। ਇਸ ਨਾਲ ਨਿਯਮ ਬਣ ਗਿਆ ਕਿ ਸਿਰਫ਼ ਪਹਿਲੀ ਪੀੜ੍ਹੀ (ਯਾਨੀ ਜਿਹੜੇ ਮਾਪੇ ਖੁਦ ਕਨੇਡਾ ਵਿੱਚ ਜਨਮੇ ਹੋਣ) ਦੇ ਵਿਦੇਸ਼ ਵਿੱਚ ਜਨਮੇ ਬੱਚਿਆਂ ਨੂੰ ਹੀ ਵੰਸ਼ਾਵਲੀ ਨਾਗਰਿਕਤਾ ਮਿਲੇਗੀ। ਜੇਕਰ ਮਾਪੇ ਖੁਦ ਵੀ ਕੈਨੇਡਾ ਤੋਂ ਬਾਹਰ ਜਨਮੇ ਸਨ ਤਾਂ ਉਹਨਾਂ ਦੇ ਬੱਚਿਆਂ ਨੂੰ ਨਾਗਰਿਕਤਾ ਨਹੀਂ ਮਿਲਦੀ ਸੀ।ਇਸ ਨਿਯਮ ਨਾਲ ਹਜ਼ਾਰਾਂ ਪਰਿਵਾਰ ਪ੍ਰਭਾਵਿਤ ਹੋਏ। ਬਹੁਤ ਸਾਰੀਆਂ ਔਰਤਾਂ ਨੂੰ ਸਿਰਫ਼ ਬੱਚੇ ਨੂੰ ਕੈਨੇਡੀਅਨ ਸਿਟੀਜ਼ਨ ਬਣਾਉਣ ਲਈ ਗਰਭ ਅਵਸਥਾ ਵਿੱਚ ਕਨੇਡਾ ਆਉਣਾ ਪਿਆ। ਵਿਦੇਸ਼ਾਂ ਵਿੱਚ ਕੰਮ ਕਰਨ ਵਾਲੇ ਕੈਨੇਡੀਅਨਾਂ ਦੇ ਬੱਚੇ ਦੂਜੇ ਦਰਜੇ ਦੇ ਨਾਗਰਿਕ ਵਾਂਗ ਮਹਿਸੂਸ ਕਰਦੇ ਸਨ।

ਕੋਰਟ ਨੇ ਕਿਹਾ ਸੀ - ਇਹ ਨਿਯਮ ਗੈਰ-ਸੰਵਿਧਾਨਕ ਹੈ

19 ਦਸੰਬਰ 2023 ਨੂੰ ਓਂਟਾਰੀਓ ਸੁਪੀਰੀਅਰ ਕੋਰਟ ਆਫ਼ ਜਸਟਿਸ ਨੇ ਇਸ ਪਾਬੰਦੀ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ। ਅਦਾਲਤ ਨੇ ਕਿਹਾ ਕਿ ਇਹ ਨਿਯਮ ਕੈਨੇਡੀਅਨ ਚਾਰਟਰ ਆਫ਼ ਰਾਈਟਸ ਐਂਡ ਫਰੀਡਮਜ਼ ਦੀ ਧਾਰਾ 15 (ਸਮਾਨਤਾ ਦਾ ਅਧਿਕਾਰ) ਦੀ ਉਲੰਘਣਾ ਕਰਦਾ ਹੈ। ਸਰਕਾਰ ਨੇ ਇਸ ਫੈਸਲੇ ਖਿਲਾਫ਼ ਅਪੀਲ ਨਾ ਕਰਨ ਦਾ ਫੈਸਲਾ ਕੀਤਾ ਤੇ ਬਿੱਲ ਸੀ-3 ਰਾਹੀਂ ਇਸ ਗਲਤੀ ਨੂੰ ਸੁਧਾਰਨ ਦਾ ਐਲਾਨ ਕੀਤਾ।

**ਨਵਾਂ ਨਿਯਮ ਕੀ ਹੋਵੇਗਾ?**

ਸੈਕੰਡ ਜਨਰੇਸ਼ਨ ਕੱਟ-ਆਫ ਪੂਰੀ ਤਰ੍ਹਾਂ ਖਤਮ ਹੋ ਗਿਆ ਹੈ।

ਜਿਹੜੇ ਲੋਕ 2009 ਤੋਂ ਬਾਅਦ ਵੰਸ਼ਾਵਲੀ ਨਾਗਰਿਕਤਾ ਗਵਾ ਚੁੱਕੇ ਹਨ, ਉਹਨਾਂ ਨੂੰ ਵਾਪਸ ਮਿਲੇਗੀ (ਰੈਟਰੋਐਕਟਿਵ ਪ੍ਰਭਾਵ)।

ਵਿਦੇਸ਼ ਵਿੱਚ ਜਨਮੇ ਮਾਪਿਆਂ ਦੇ ਬੱਚਿਆਂ ਨੂੰ ਨਾਗਰਿਕਤਾ ਲਈ ਛਚਲਤਵ 3ਰਅਅਕਫਵਜਰਅ "ਕਤਵ ਲਾਗੂ ਹੋਵੇਗਾ - ਯਾਨੀ ਮਾਪਿਆਂ ਨੇ ਕਨੇਡਾ ਨਾਲ ਕਿੰਨਾ ਮਜ਼ਬੂਤ ਸਬੰਧ ਰੱਖਿਆ ਹੈ (ਟੈਕਸ ਭਰਿਆ, ਵੋਟ ਪਾਈ, ਕੰਮ ਕੀਤਾ ਆਦਿ)।

ਅਮਰੀਕਾ, ਬਰਤਾਨੀਆ ਤੇ ਆਸਟ੍ਰੇਲੀਆ ਵਾਂਗ ਹੀ ਨਿਯਮ ਹੋ ਜਾਵੇਗਾ - ਜਿੱਥੇ ਵੰਸ਼ਾਵਲੀ ਨਾਗਰਿਕਤਾ ਬਹੁਤ ਉਦਾਰ ਹੈ।

**ਭਾਰਤੀ ਪਰਿਵਾਰਾਂ ਨੂੰ ਕਿੰਨਾ ਫਾਇਦਾ?**

ਕਨੇਡਾ ਵਿੱਚ ਸਭ ਤੋਂ ਵੱਡਾ ਇਮੀਗ੍ਰੈਂਟ ਭਾਈਚਾਰਾ ਭਾਰਤੀਆਂ ਦਾ ਹੈ। (ਬਾਕੀ ਸਫ਼ਾ 26 'ਤੇ)

# ਭਾਰਤ ਅਤੇ ਕੈਨੇਡਾ ਵਿਚਾਲੇ ਜਲਦੀ ਹੋ ਸਕਦੈ ਵਪਾਰ ਸਮਝੌਤਾ

## ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਗਲੇ ਸਾਲ ਕਰ ਸਕਦੇ ਹਨ ਭਾਰਤ ਦਾ ਦੌਰਾ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਕਿਹਾ ਕਿ ਦੋ ਸਾਲਾਂ ਦੇ ਤਣਾਅਪੂਰਨ ਸਬੰਧਾਂ ਮਗਰੋਂ ਕੈਨੇਡਾ ਤੇ ਭਾਰਤ ਵਪਾਰ ਸਮਝੌਤੇ ਨੂੰ ਅੱਗੇ ਵਧਾਉਣ ਲਈ ਤੇਜ਼ੀ ਨਾਲ ਕੰਮ ਕਰਨਗੇ। ਆਨੰਦ ਦਾ ਇਹ ਬਿਆਨ ਹਫ਼ਤੇ ਦੇ ਅਖੀਰ ਵਿੱਚ ਦੱਖਣੀ ਅਫਰੀਕਾ ਵਿੱਚ ਜੀ20 ਸਿਖਰ ਵਾਰਤਾ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੇ ਉਨ੍ਹਾਂ ਦੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਦਰਮਿਆਨ ਹੋਈ ਬੈਠਕ ਤੋਂ ਬਾਅਦ ਆਇਆ ਹੈ ਬੈਠਕ ਵਿੱਚ ਦੋਵਾਂ ਆਗੂਆਂ ਨੇ ਇੱਕ ਨਵੇਂ ਵਪਾਰ ਸਮਝੌਤੇ ਲਈ ਗੱਲਬਾਤ ਮੁੜ ਸ਼ੁਰੂ ਕਰਨ ਬਾਰੇ ਸਹਿਮਤੀ ਦਿੱਤੀ ਹੈ। ਆਨੰਦ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਦੋਵੇਂ ਆਗੂ ਇਸ ਗੱਲ 'ਤੇ ਦ੍ਰਿੜ ਸਨ ਕਿ ਇਹ ਕੰਮ ਜਲਦੀ ਤੋਂ ਜਲਦੀ ਪੂਰਾ ਹੋਵੇ। ਕਾਰਨੀ ਅਗਲੇ ਸਾਲ ਦੀ ਸ਼ੁਰੂਆਤ ਵਿੱਚ ਭਾਰਤ ਦੀ ਯਾਤਰਾ ਕਰਨਗੇ। ਆਨੰਦ ਨੇ ਅਗਲੇ ਦਹਾਕੇ ਵਿੱਚ ਗੈਰ ਅਮਰੀਕੀ ਵਪਾਰ ਨੂੰ ਦੁੱਗਣਾ ਕਰਨ ਦੇ ਕਾਰਨੀ ਦੇ ਟੀਚੇ ਦਾ ਜ਼ਿਕਰ ਕੀਤਾ। ਕੈਨੇਡਾ ਵਿਸ਼ਵ ਦੇ ਉਨ੍ਹਾਂ ਕੁਝ ਦੇਸ਼ਾਂ ਵਿਚੋਂ ਇੱਕ ਹੈ, ਜਿਨ੍ਹਾਂ ਦਾ ਅਰਥਚਾਰਾ ਵਪਾਰ 'ਤੇ ਨਿਰਭਰ ਹੈ ਤੇ ਕੈਨੇਡਾ ਦਾ 75 ਫ਼ੀਸਦੀ ਤੋਂ ਵਧ ਬਰਾਮਦ ਅਮਰੀਕਾ ਨੂੰ ਜਾਂਦੀ ਹੈ।



# ਕੈਨੇਡਾ ਦੀ ਅਦਾਲਤ ਨੇ ਖ਼ਾਲਿਸਤਾਨ ਤੇ ਗੇਅ ਵਾਲਾ ਝੂਠਾ ਕੇਸ ਰੱਦ ਕੀਤਾ

## ਗਗਨਦੀਪ ਸਿੰਘ ਦੀ ਸ਼ਰਨ ਵਾਲੀ ਪਟੀਸ਼ਨ ਖਾਰਜ

ਟੋਰਾਂਟੋ/ਏ.ਟੀ.ਨਿਊਜ਼ : ਕੈਨੇਡਾ ਦੀ ਫੈਡਰਲ ਕੋਰਟ ਨੇ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਜੈਤੋ ਸਰਜਾ ਵਾਲੇ ਗਗਨਦੀਪ ਸਿੰਘ ਦੀ ਪਨਾਹ ਵਾਲੀ ਅਰਜ਼ੀ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਉਸਦਾ ਕਹਿਣਾ ਸੀ ਕਿ ਉਹ ਖ਼ਾਲਿਸਤਾਨ ਸਪੋਰਟਰ ਆ ਤੇ ਗੇਅ ਵੀ ਹੈ, ਇਸੇ ਕਰਕੇ ਭਾਰਤ ਵਿੱਚ ਉਸ ਨੂੰ ਮਾਰ ਦਿੱਤਾ ਜਾਊਗਾ ਪਰ ਅਦਾਲਤ ਨੇ ਕਿਹਾ - 'ਭਾਈ, ਤੇਰੇ ਕੋਲ ਇੱਕ ਵੀ ਸਬੂਤ ਨੀ, ਸਾਰਾ ਝੂਠ ਆ!'

ਗਗਨਦੀਪ ਦੀ ਕਹਾਣੀ ਝੂਠੀ ਨਿਕਲੀ:

ਗਗਨਦੀਪ ਦਾ ਕਹਿਣਾ ਸੀ ਬਟਾਲੇ ਵਿੱਚ ਇੱਕ ਹਿੰਦੂ ਪਰਿਵਾਰ ਦੇ ਮੁੰਡੇ ਨਾਲ ਲਵ ਅਫੇਅਰ ਸੀ। ਹਿੰਦੂ ਮੁੰਡੇ ਦੇ ਬਾਪ ਨੇ ਧੱਕੇ ਮਾਰੇ, ਕੁਟਿਆ, ਪੁਲਿਸ ਬੁਲਾ ਕੇ ਝੂਠਾ ਖ਼ਾਲਿਸਤਾਨੀ ਕੇਸ ਪਾ ਦਿੱਤਾ। ਰੈਡੀਕਲ ਸਿੱਖਾਂ ਨੇ ਵੀ ਕੁਟਿਆ, ਕਿਉਂਕਿ ਉਹਨਾਂ ਅਨੁਸਾਰ ਉਹ ਗੇਅ ਹੋਣ ਕਰਕੇ ਸਿੱਖ ਧਰਮ ਨੂੰ ਦਾਗ਼ ਲਾਉਂਦਾ ਸੀ। ਕੈਨੇਡਾ ਆ ਕੇ ਖ਼ਾਲਿਸਤਾਨ ਰੈਫਰੈਂਡਮ ਵਿੱਚ ਵੀ ਹਿੱਸਾ ਲਿਆ (ਪਰ ਅਦਾਲਤ ਨੇ ਕਿਹਾ - ਭਾਈ ਤੈਨੂੰ ਖ਼ਾਲਿਸਤਾਨ ਬਾਰੇ ਦੋ ਲਾਈਨਾਂ ਦਾ ਵੀ ਪਤਾ ਨੀ!)

**ਅਦਾਲਤ ਨੇ ਕੀ ਫੜਿਆ?**

ਨਾ ਕੋਈ ਐਫ਼.ਆਈ.ਆਰ., ਨਾ ਕੋਈ ਪੁਲਿਸ ਕੇਸ, ਨਾ ਵਾਰੰਟ। ਇੰਡੀਆ ਤੋਂ ਬੜੇ ਆਰਾਮ ਨਾਲ ਪਾਸਪੋਰਟ-ਵੀਜ਼ਾ ਲੈ ਕੇ ਨਿਕਲ ਗਿਆ। ਸਟੂਡੈਂਟ ਵੀਜ਼ੇ ਉਪਰ ਗਿਆ, ਪਰ 4-5 ਸਾਲ ਤੱਕ ਇੱਕ ਦਿਨ ਵੀ ਕਾਲਜ ਨਹੀਂ ਗਿਆ। 4 -5 ਸਾਲ ਬਾਅਦ ਜਾ ਕੇ ਪਨਾਹ ਮੰਗੀ। ਅਦਾਲਤ ਨੇ ਸੁਆਲ ਕੀਤਾ ਜੇ ਇੰਡੀਆ ਵਿੱਚ ਡਰ ਸੀ ਤਾਂ ਪਹਿਲੇ ਦਿਨ ਪਨਾਹ ਕਿਉਂ ਨਹੀਂ ਮੰਗੀ?

ਅਦਾਲਤ ਨੇ ਸਾਫ਼ ਕਿਹਾ 'ਇਹ ਖ਼ਾਲਿਸਤਾਨ ਕਾਰਡ ਵਾਲਾ ਝੂਠਾ ਧੰਦਾ ਬਹੁਤ ਚੱਲ ਰਿਹਾ ਹੈ। ਪੰਜਾਬ ਦੇ ਹਜ਼ਾਰਾਂ ਨੌਜਵਾਨ ਬਿਨਾਂ ਕਿਸੇ ਖ਼ਾਲਿਸਤਾਨ ਕਨੈਕਸ਼ਨ ਦੇ ਝੂਠ ਬੋਲ ਕੇ ਕੈਨੇਡਾ, ਅਮਰੀਕਾ, ਬਰਤਾਨੀਆ, ਆਸਟ੍ਰੇਲੀਆ ਵਿੱਚ ਪਨਾਹ ਲੈਂਦੇ ਹਨ।'

ਸਾਬਕਾ ਸਾਂਸਦ ਸਿਮਰਨਜੀਤ ਸਿੰਘ ਮਾਨ ਤੱਕ ਇੱਕ ਵਾਰ ਕਿਹਾ ਸੀ ਕਿ ਉਸ ਨੇ 50,000 ਤੋਂ ਵੱਧ ਫਰਜ਼ੀ ਸਪੋਰਟ ਲੈਟਰ ਦਿੱਤੇ ਸਨ (ਪੈਸੇ ਲੈ ਕੇ) ।ਹਾਲ ਹੀ ਵਿੱਚ 73 ਸਾਲਾ ਹਰਜੀਤ ਕੌਰ ਬਜ਼ੁਰਗ ਮਾਂ ਵਜੋਂ ਰੋ ਰਹੀ ਸੀ, ਪਰ ਪਤਾ ਲੱਗਾ 30 ਸਾਲ ਤੋਂ ਅਮਰੀਕਾ ਵਿੱਚ ਗੈਰ-ਕਾਨੂੰਨੀ ਰਹਿੰਦੀ ਸੀ ਤੇ ਖਾਲਿਸਤਾਨ ਕਾਰਡ ਹੀ ਖੇਡਿਆ ਸੀ ।ਅਦਾਲਤ ਨੇ ਕਿਹਾ 'ਭਾਈ, ਮੁੰਬਈ ਜਾਂ ਦਿੱਲੀ ਚਲਾ ਜਾ, ਉੱਥੇ ਨਾ ਤੇਰੇ ਫਰੈਂਡ ਦਾ ਪਿਓ ਲੱਭ ਸਕਦਾ, ਨਾ ਪੰਜਾਬ ਪੁਲਿਸ, ਤੇ ਗੇਅ ਕਮਿਊਨਿਟੀ ਵੀ ਬਹੁਤ ਵੱਡੀ ਹੈ।' ਇਹ ਕੇਸ ਅਦਾਲਤ ਨੇ ਰੱਦ ਕਰ ਦਿੱਤਾ। ਹੁਣ ਗਗਨਦੀਪ ਨੂੰ ਵਾਪਸ ਭਾਰਤ ਆਉਣਾ ਪੈ ਸਕਦਾ ਆ।

# ਕੈਨੇਡਾ 'ਚ ਓਂਟਾਰੀਓ ਪ੍ਰਸ਼ਾਸਨ ਨੇ ਮੁਅੱਤਲ ਕੀਤਾ ਸਕਿੱਲਡ ਟਰੇਡਜ਼ ਸਟ੍ਰੀਮ ਪ੍ਰੋਗਰਾਮ

ਵਿਨੀਪੈਗ/ਏ.ਟੀ.ਨਿਊਜ਼: ਕੈਨੇਡਾ ਵਿੱਚ ਹਜ਼ਾਰਾਂ ਬਿਨੈਕਾਰਾਂ ਦੇ ਪੀ.ਆਰ. ਲੈਣ ਦੇ ਸੁਪਨੇ ਚਕਨਾਚੂਰ ਹੋ ਗਏ ਹਨ। ਕੈਨੇਡਾ ਦੇ ਸੂਬੇ ਓਂਟਾਰੀਓ ਵੱਲੋਂ ਆਪਣੇ ਸੂਬਾਈ ਨੌਮਿਨੀ ਪ੍ਰੋਗਰਾਮ ਤਹਿਤ ਚਲਦੀ ਸਕਿੱਲਡ ਟਰੇਡਜ਼ ਸਟ੍ਰੀਮ ਮੁਅੱਤਲ ਕਰ ਦਿੱਤੀ ਗਈ ਹੈ।ਨਤੀਜੇਵਜੋਂ ਇਸ ਅਧੀਨ ਲੱਗੀਆਂ ਅਰਜ਼ੀਆਂ ਨੂੰ ਵਾਪਸ ਕਰ ਦਿੱਤਾ ਗਿਆ ਹੈ।ਇਸ ਫ਼ੈਸਲੇ ਤੋਂ ਬਾਅਦ ਹਜ਼ਾਰਾਂ ਬਿਨੈਕਾਰ ਆਪਣੇ ਭਵਿੱਖ ਨੂੰ ਲੈ ਕੇ ਫ਼ਿਕਰਮੰਦ ਹਨ। ਤਕਰੀਬਨ 2600 ਐਪੀਲੈਂਕਟਸ ਆਪਣੀ ਅਰਜ਼ੀ ਪ੍ਰਵਾਨ ਹੋਣ ਦੀ ਉਡੀਕ ਕਰ ਰਹੇ ਸਨ।

ਓਂਟਾਰੀਓ ਵਿਧਾਨ ਸਭਾ ਦੇ ਬਾਹਰ ਧਰਨਾ ਦੇ ਰਹੇ ਪੰਜਾਬੀ ਨੌਜਵਾਨਾਂ ਦੀ ਸ਼ਿਕਾਇਤ ਹੈ ਕਿ ਓਂਟਾਰੀਓ ਸਰਕਾਰ ਨੇ ਉਨ੍ਹਾਂ ਨੂੰ ਦਸਤਾਵੇਜ਼ਾਂ ਦੀ ਤਸਦੀਕ ਕਰਵਾਉਣ ਦਾ ਮੌਕਾ ਹੀ ਨਹੀਂ ਦਿੱਤਾ ਅਤੇ ਇਕਪਾਸੜ ਤੌਰ 'ਤੇ ਅਰਜ਼ੀਆਂ ਰੱਦ ਕਰ ਦਿੱਤੀਆਂ। ਇਮੀਗ੍ਰੇਸ਼ਨ ਘੁੰਮਣਘੇਰੀ ਵਿੱਚ ਫਸੇ ਸੈਂਕੜੇ ਪੰਜਾਬੀ ਨੌਜਵਾਨਾਂ ਵਿਚੋਂ ਇੱਕ ਨੇ ਦੱਸਿਆ ਕਿ ਉਹ ਸਟੱਡੀ ਵੀਜ਼ਾ 'ਤੇ ਕੈਨੇਡਾ ਪੁੱਜਾ ਅਤੇ ਵਰਕ ਪਰਮਿਟ ਮਿਲਣ ਮਗਰੋਂ ਵਿੰਡਸਰ ਦੀ ਇੱਕ ਕੰਪਨੀ ਵਿੱਚ ਕਾਰਪੈਂਟਰ ਦੀ ਨੌਕਰੀ ਕਰ ਲਈ। ਉਸ ਮੁਤਾਬਕ ਓਂਟਾਰੀਓ ਇਮੀਗਰੇਸ਼ਨ ਨੌਮਿਨੀ ਪ੍ਰੋਗਰਾਮਅਧੀਨ ਦਿਲਚਸਪੀ ਦਾ ਪ੍ਰਗਟਾਵਾ ਕਰਨ ਮਗਰੋਂ ਕਿਰਤ ਮੰਤਰਾਲੇ ਵੱਲੋਂ ਅਰਜ਼ੀ ਦਾਇਰ ਕਰਨ ਦਾ ਸੱਦਾ ਦਿੱਤਾ ਗਿਆ ਪਰ ਦੋ ਸਾਲ ਅਰਜ਼ੀ ਪ੍ਰਵਾਨ ਹੋਣ ਦੀ ਉਡੀਕ




ਕਰਦਾ ਰਿਹਾ ਅਤੇ ਹੁਣ ਥੋਕ ਦੇ ਭਾਅ ਅਰਜ਼ੀਆਂ ਰੱਦ ਹੋਣ ਦਾ ਫ਼ਰਮਾਨ ਆ ਗਿਆ ਹੈ। ਨੌਜਵਾਨਾਂ ਨੇ ਕੈਨੇਡਾ ਵਿਚੋਂ ਕੱਢੇ ਜਾਣ ਤੋਂ ਬਚਣ ਲਈ ਆਰ ਜਾਂ ਪਾਰ ਦਾ ਸੰਘਰਸ਼ ਵਿੱਢ ਦਿੱਤਾ ਹੈ। ਓਂਟਾਰੀਓ ਵਿਧਾਨ ਸਭਾ ਦੇ ਬਾਹਰ ਲਗਾਤਾਰ ਤੀਜੇ ਦਿਨ ਵੀ ਰੋਸ ਵਿਖਾਵੇ ਵਿੱਚ ਸ਼ਾਮਲ ਨੌਜਵਾਨਾਂ ਨੇ ਕਿਹਾ ਕਿ ਅਰਜ਼ੀਆਂ ਉੱਤੇ ਮੁੜ ਵਿਚਾਰ ਕੀਤੇ ਜਾਣ ਦਾ ਭਰੋਸਾ ਮਿਲਣ ਤੋਂ ਬਾਅਦ ਹੀ ਉਹ ਧਰਨਾ ਖ਼ਤਮ ਕਰਨਗੇ। ਠੰਡ ਵਿੱਚ ਖੁੱਲ੍ਹੇ ਅਸਮਾਨ ਹੇਠ ਨਾਅਰੇਬਾਜ਼ੀ ਕਰਦਿਆਂ ਨੌਜਵਾਨਾਂ ਨੇ ਮੰਗ ਕੀਤੀ ਹੈ ਕਿ ਧੋਖਾਧੜੀ ਦੇ ਸਬੂਤ ਪੇਸ਼ ਕੀਤੇ ਜਾਣ। ਮੁਜ਼ਾਹਰੇ ਵਿੱਚ ਸ਼ਾਮਲ ਸੈਂਕੜੇ ਬਿਨੈਕਾਰ ਇਹੋ ਦਾਅਵਾ ਕਰ ਰਹੇ ਸਨ ਕਿ ਉਨ੍ਹਾਂ ਵੱਲੋਂ ਮੁਹੱਈਆ ਜਾਣਕਾਰੀ ਬਿਲਕੁਲ ਦਰੁਸਤ ਹੈ ਅਤੇ ਸਬੂਤ ਵਜੋਂ ਹਰ ਦਸਤਾਵੇਜ਼ ਪੇਸ਼ ਕਰਨ ਵਾਸਤੇ ਰਾਜ਼ੀ ਹਨ। ਡਗ ਫੋਰਡ ਸਰਕਾਰ ਵਿਰੁੱਧ ਚੱਲ ਰਹੀ ਨਾਅਰੇਬਾਜ਼ੀ ਦੌਰਾਨ ਪੰਜਾਬੀ ਨੌਜਵਾਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਲਈ ਵਿਰੋਧੀ ਧਿਰ ਦੀ ਆਗੂ ਮੈਰਿਟ ਸਟਾਈਲਜ਼ ਵੀ ਪੁੱਜੇ।

**ਬਿਨੈਕਾਰਾਂ ਦੀ ਫੀਸ ਵਾਪਸ ਕਰਾਂਗੇ: ਕਿਰਤ ਮੰਤਰਾਲਾ**

ਕਿਰਤ ਮੰਤਰਾਲੇ ਦੇ ਡਾਇਰੈਕਟਰ ਵੱਲੋਂ ਭੇਜੀ ਈਮੇਲ ਵਿੱਚ ਕਿਹਾ ਗਿਆ ਹੈ ਕਿ ਸਾਰੇ ਬਿਨੈਕਾਰਾਂ ਦੀ ਫ਼ੀਸ ਵਾਪਸ ਕੀਤੀ ਜਾਵੇਗੀ ਅਤੇ ਯੋਗਤਾ ਸ਼ਰਤਾਂ ਪੂਰੀਆਂ ਕਰਨ ਵਾਲੇ ਉਮੀਦਵਾਰ ਮੁੜ ਅਰਜ਼ੀ ਦਾਇਰ ਕਰ ਸਕਦੇ ਹਨ। ਜ਼ਿਕਰਯੋਗ ਹੈ ਕੇ ਕੈਨੇਡਾ ਵਿੱਚ ਹਰ ਸੂਬੇ ਵੱਲੋਂ ਆਪਣਾ ਇੱਕ ਇਮੀਗ੍ਰੇਸ਼ਨ ਪ੍ਰੋਗਰਾਮ ਚਲਾਇਆ ਜਾਂਦਾ ਹੈ, ਜਿਸ ਨੂੰ ਪ੍ਰੋਵਿੰਸ਼ੀਅਲ ਨੌਮਿਨੀ ਪ੍ਰੋਗਰਾਮ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸੂਬੇ ਇਸ ਨੂੰ ਆਪਣੀਆਂ ਲੋੜਾਂ ਦੇ ਹਿਸਾਬ ਨਾਲ ਚਲਾਉਂਦੀ ਹੈ।

ਕਿਸੇ ਵੀ ਸੂਬੇ ਵਿੱਚ ਕੰਮ ਕਰਦੇ ਹੋਏ ਬਿਨੈਕਾਰ ਆਪਣੀ ਪੜ੍ਹਾਈ, ਤਜਰਬੇ, ਭਾਸ਼ਾ ਦੀ ਮੁਹਾਰਤ ਅਤੇ ਜੌਬ ਆਫ਼ਰ ਆਦਿ ਦੇ ਆਧਾਰ 'ਤੇ ਸੂਬੇ ਨੂੰ ਪੀ.ਆਰ. ਦੀ ਅਰਜ਼ੀ ਦਿੰਦੇ ਹਨ। ਸੂਬੇ ਵੱਲੋਂ ਪੀ.ਐਨ.ਪੀ. ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਬਿਨੈਕਾਰ ਫ਼ੈਡਰਲ ਪੱਧਰ 'ਤੇ ਪੀ.ਆਰ. ਦੀ ਅਰਜ਼ੀ ਦਿੰਦੇ ਹਨ ਅਤੇ ਕੈਨੇਡਾ ਵਿੱਚ ਪਰਮਾਨੈਂਟ ਰੈਜ਼ੀਡੈਂਟ ਬਣ ਜਾਂਦੇ ਹਨ।

### ਹੁਣ ਘਰਾਂ ਨੂੰ ਪਰਤਣਾ ਮੁਸ਼ਕਿਲ ਹੈ.......

# ਮਾਓਵਾਦੀ ਫੋਰਸ ਦਾ ਇੱਕ ਵੱਡਾ ਯੋਧਾ ਅਤੇ ਗੁਰੀਲਾ ਜੰਗ ਦਾ ਜਰਨੈਲ ਹਿਡਮਾ ਪਤਨੀ ਸਮੇਤ ਮਾਰਿਆ ਗਿਆ



ਕਰਮਜੀਤ ਸਿੰਘ ਚੰਡੀਗੜ੍ਹ
ਸੀਨੀਅਰ ਪੱਤਰਕਾਰ

## ਮਾਓਵਾਦੀ ਲਹਿਰ ਹੁਣ ਆਖਰੀ ਸਾਹਾਂ 'ਤੇ - ਸਰਕਾਰ ਦਾ ਦਾਅਵਾ

ਮਾਓਵਾਦੀ ਫੋਰਸਾਂ ਦਾ ਇੱਕ ਵੱਡਾ ਯੋਧਾ, ਗੁਰੀਲਾ ਜੰਗ ਦਾ ਰਣਨੀਤਕ ਮਾਹਰ ਅਤੇ ਬਸਤਰ ਦੇ ਜੰਗਲਾਂ ਦਾ ਹਰਮਨ ਪਿਆਰਾ ਜਰਨੈਲ ਮਾਦਵੀ ਹਿਡਮਾ 18 ਨਵੰਬਰ ਨੂੰ ਅੰਮ੍ਰਿਤ ਵੇਲੇ ਸੁਰੱਖਿਆ ਬਲਾਂ ਨਾਲ ਇੱਕ ਮੁਕਾਬਲੇ ਵਿੱਚ ਮਾਰਿਆ ਗਿਆ ਹੈ। ਉਸ ਦੇ ਨਾਲ ਉਸਦੇ ਦੂਜੀ ਪਤਨੀ ਰਾਜੇ ਵੀ ਜੋ ਇੱਕ ਟੀਚਰ ਵੀ ਸੀ ਅਤੇ ਚਾਰ ਹੋਰ ਸਾਥੀ ਇਸ ਮੁਕਾਬਲੇ ਵਿੱਚ ਮਾਰੇ ਗਏ ਹਨ। ਸਰਕਾਰ ਦੀਆਂ ਨਜ਼ਰਾਂ ਵਿੱਚ ਉਹ ਖੂੰਖਾਰ, ਭਿਆਨਕ,ਨਿਰਦਈ, ਜ਼ਾਲਮ, ਕਰੂਰ ਅੱਤਿਆਚਾਰੀ, ਖਤਰਨਾਕ ਤੇ ਬੇਰਹਿਮ ਸ਼ਬਦਾਂ ਨਾਲ ਯਾਦ ਕੀਤਾ ਜਾਂਦਾ ਸੀ ਜਦਕਿ ਜਨਤਕ ਤੇ ਮਾਨਵਤਾ ਦੇ ਇਤਿਹਾਸ ਵਿੱਚ ਉਹ ਤੇ ਉਹਨਾਂ ਦੇ ਸਾਥੀ ਆਉਣ ਵਾਲੇ ਕਲ ਦੇ ਸ਼ਹੀਦ ਆਖੇ ਜਾਣਗੇ। ਅਸਲ ਵਿੱਚ ਹਿਡਮਾ ਦੀ ਸ਼ਖਸ਼ੀਅਤ ਬਾਰੇ ਕਿਸੇ ਨੂੰ ਵੀ ਬਹੁਤਾ ਕੁਝ ਸਹੀ ਸਹੀ ਪਤਾ ਨਹੀਂ। ਜੇ ਕੁਝ ਥੋੜ੍ਹਾ ਬਹੁਤਾ ਪਤਾ ਵੀ ਹੈ ਤਾਂ ਆਤਮ ਸਮਰਪਣ ਕਰਨ ਵਾਲੇ ਮਾਓਵਾਦੀਆਂ ਜਾਂ ਗ੍ਰਿਫਤਾਰ ਕੀਤੇ ਜਾਣ ਵਾਲੇ ਆਗੂਆਂ ਤੋਂ ਹੀ ਪਤਾ ਲੱਗਦਾ ਹੈ। ਉਹ ਮੀਡੀਆ ਤੋਂ ਦੂਰ ਰਹਿੰਦਾ ਸੀ ਅਤੇ ਇਹ ਹੈਰਾਨੀ ਵਾਲੀ ਗੱਲ ਹੈ ਕਿ ਜੰਗਲ ਦਾ ਏਡਾ ਵੱਡਾ ਮਾਓਵਾਦੀ ਕਮਾਂਡਰ ਅੱਜ ਤੱਕ ਕਿਸੇ ਵੀ ਪੱਤਰਕਾਰ ਨੂੰ ਨਹੀਂ ਮਿਲਿਆ। ਉਸ ਦੀ ਅਸਲ ਤਸਵੀਰ ਵੀ ਖੁਫੀਆ ਏਜੰਸੀਆਂ ਕੋਲ ਨਹੀਂ ਸੀ।

ਤਿਲੰਗਾਨਾ ਦੇ ਡੀਜੀਪੀ ਸ਼ਿਵਧਰ ਰੈਡੀ ਨੇ ਇੱਕ ਅਖਬਾਰ ਨੂੰ ਦਿੱਤੀ ਵਿਸ਼ੇਸ਼ ਇੰਟਰਵਿਊ ਵਿੱਚ ਦਾਅਵਾ ਕੀਤਾ ਹੈ ਕਿ ਹਿਡਮਾ ਦੀ ਮੌਤ ਦਾ ਮਤਲਬ ਮਾਓਵਾਦੀਆਂ ਦਾ ਮੁਕੰਮਲ ਖਾਤਮਾ ਹੈ।ਉਸਦੇ ਮੁਕਾਬਲੇ ਦਾ ਹੁਣ ਕੋਈ ਲੀਡਰ ਨਹੀਂ ਰਹਿ ਗਿਆ ਤੇ ਦੂਜੇ ਪਾਸੇ ਮਾਓਵਾਦੀਆਂ ਦਾ ਕੇਡਰ ਵੀ ਛੱਡਦਾ ਜਾ ਰਿਹਾ ਹੈ। ਮਾਓਵਾਦੀ ਸਿਧਾਂਤ ਪੂਰੀ ਤਰ੍ਹਾਂ ਅਸਫਲ ਸਿੱਧ ਹੋਇਆ ਹੈ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਹੁਣ ਲੋਕਾਂ ਦੀ ਜੰਗ ਰਾਹੀਂ ਲੋਕਾਂ ਦੀ ਸਰਕਾਰ ਕਾਇਮ ਕਰਨ ਦਾ ਮਿਸ਼ਨ ਸਮਾਪਤ ਹੋ ਗਿਆ ਹੈ।

ਮੇਰਾ ਮੰਨਣਾ ਹੈ ਕਿ ਸਰਕਾਰ ਜਾਂ ਪੁਲਿਸ ਭਾਵੇਂ ਕੋਈ ਵੀ ਦਾਅਵਾ ਕਰੇ ਪਰ ਦੁਨੀਆਂ ਦੀ ਕੋਈ ਵੀ ਹਥਿਆਰਬੰਦ ਲਹਿਰ ਅਮਨ ਕਾਨੂੰਨ ਦੀ ਸਮੱਸਿਆ ਹੀ ਨਹੀਂ ਹੁੰਦੀ। ਤਾਈਕਾਨ ਸਾਈਕੋਲੋਜੀਕਲ ਆਪਰੇਸ਼ਨ ਇਨ ਗੁਰੀਲਾ ਵਾਰਫੇਅਰ ਵਿੱਚ ਕਹਿੰਦਾ ਹੈ ਕਿ ਗੁਰੀਲਾ ਵਾਰਫੇਅਰ ਰਾਜਨੀਤਕ ਜੰਗ ਹੁੰਦੀ ਹੈ ਜਿਸ ਦਾ ਆਪਣਾ ਇੱਕ ਮਕਸਦ ਹੁੰਦਾ ਹੈ ਅਤੇ ਉਹ ਲੋਕਾਂ ਨਾਲ ਜੁੜੀ ਹੁੰਦੀ ਹੈ। ਭਾਰਤ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕੋਈ ਹਥਿਆਰਬੰਦ ਲਹਿਰ ਕਰੀਬ 4 ਦਹਾਕਿਆਂ ਤੋਂ ਵੀ ਉੱਪਰ ਚਲੀ ਜੋ 182 ਜ਼ਿਲਿਆਂ ਵਿੱਚ ਫੈਲੀ ਹੋਈ ਸੀ ਅਤੇ ਹੁਣ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਦਾ ਆਧਾਰ ਖੇਤਰ ਕੇਵਲ 11 ਜ਼ਿਲ੍ਹੇ ਹੀ ਰਹਿ ਗਏ ਹਨ।

ਦੋਸਤੋ, ਰਾਹੁਲ ਪਨਦਿੱਤਾ ਇੱਕ ਮਸ਼ਹੂਰ ਪੱਤਰਕਾਰ ਹੈ ਜਿਸ ਨੇ ਆਪਣੀ ਪੁਸਤਕ:ਹੈਲੋ ਬਸਤਰ-ਦਾ ਅਨਟੋਲਡ ਸਟੋਰੀ ਆਫ ਇੰਡੀਆ ਮਾਓਇਸਟ ਮੂਵਮੈਂਟ ਵਿੱਚ ਇਸ ਲਹਿਰ ਬਾਰੇ ਨਿਰਪੱਖ ਜਾਣਕਾਰੀ ਦਿੱਤੀ ਹੈ ਅਤੇ ਇਹ ਦੱਸਿਆ ਹੈ ਕਿ ਇਹ ਮਾਓਵਾਦੀ ਪਾਰਟੀ ਦਾ ਢਾਂਚਾ ਕਿਹੋ ਜਿਹਾ ਸੀ,ਭਰਤੀ ਕਿਸ ਤਰ੍ਹਾਂ ਦੀ ਹੁੰਦੀ ਸੀ,ਉਹਨਾਂ ਦਾ ਅੰਤਿਮ ਮਕਸਦ ਕੀ ਸੀ,ਉਹਨਾਂ ਨੂੰ ਫੰਡ ਕਿਥੋਂ ਮਿਲਦੇ ਸਨ,ਉਹਨਾਂ ਦਾ ਅਰਬਨ ਏਜੰਡਾ ਦਿੱਲੀ ਮੁੰਬਈ ਚਹਿਨਾਈ ਤੱਕ ਫੈਲਿਆ ਹੋਇਆ ਸੀ ਅਤੇ ਉਨਾਂ ਦੇ ਚਲਦੇ ਫਿਰਦੇ ਹਸਪਤਾਲ ਵੀ ਸਨ।





ਹਿਡਮਾ ਦੇ ਤੁਰ ਜਾਣ ਨਾਲ ਪਹਿਲਾਂ ਹੀ ਕਮਜ਼ੋਰ ਹੋ ਗਈ ਮਾਓਵਾਦੀ ਲਹਿਰ ਹੁਣ ਲਗਭਗ ਆਪਣੇ ਆਖਰੀ ਸਾਹਾਂ ਉੱਤੇ ਹੈ। ਸਰਕਾਰ ਨੇ ਇੱਕ ਦਾਅਵਾ ਕੀਤਾ ਸੀ ਕਿ ਹਿਡਮਾ ਨੂੰ 30 ਨਵੰਬਰ 2025 ਤੱਕ ਜਿਉਂਦਾ ਜਾਂ ਮੁਰਦਾ ਕਰਾਰ ਦਿੱਤਾ ਜਾ ਸਕਦਾ ਹੈ। ਪਰ ਇਹ ਇਤਫਾਕ ਹੀ ਹੈ ਕਿ ਉਸ ਨੂੰ ਇਸ ਤਰੀਕ ਤੋਂ ਪਹਿਲਾਂ ਹੀ ਮਾਰ ਦਿੱਤਾ ਗਿਆ।

ਦੋਸਤੋ,ਹਥਿਆਰਬੰਦ ਲਹਿਰਾਂ ਦਾ ਅੰਤ ਵੀ ਡੂੰਘੇ ਅਤੇ ਅਭੁੱਲ ਯਾਦਾਂ ਦੀ ਇੱਕ ਦਾਸਤਾਨ ਹੈ। ਜਦੋਂ ਇਹੋ ਜਿਹੀਆਂ ਲਹਿਰਾਂ ਡਿੱਗਦੀਆਂ ਹਨ ਤਾਂ ਸਮਾਜ ਅਤੇ ਇਨਕਲਾਬੀਆਂ ਦੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਲਈ ਇੱਕ ਸਦੀਵੀ ਪੀੜ ਛੱਡ ਜਾਂਦੀਆਂ ਹਨ। ਤੁਹਾਡੇ ਪੱਤਰਕਾਰ ਨੇ ਦੋ ਲਹਿਰਾਂ-ਨਕਸਲੀ ਲਹਿਰ ਤੇ ਜੁਝਾਰੂ ਲਹਿਰ ਦੇ ਪਤਨ ਦੀਆਂ ਉਦਾਸ ਸ਼ਾਮਾਂ ਨੂੰ ਵੇਖਿਆ ਤੇ ਮਹਿਸੂਸ ਕੀਤਾ ਹੈ। ਪਰ ਇੱਕ ਅਧਿਅਨ ਮੁਤਾਬਕ ਦੂਜੀ ਵਿਸ਼ਵ ਜੰਗ ਮਗਰੋਂ ਕਰੀਬ 50 ਹਥਿਆਰਬੰਦ ਇਨਕਲਾਬ ਸਫਲ ਹੋਏ ਹਨ ਜਿਨਾਂ ਵਿੱਚ ਇੱਕ ਵੀਅਤਨਾਮ ਤੇ ਆਇਰਲੈਂਡ ਸ਼ਾਮਿਲ ਹਨ। ਸਾਡੇ ਕੋਲ ਮਾਓਵਾਦੀ ਹਲਕਿਆਂ ਅਤੇ ਉਨ੍ਹਾਂ ਦੀ ਬਚ ਗਈ ਲੀਡਰਸ਼ਿਪ ਵੱਲੋਂ ਵਰਤਮਾਨ ਹਾਲਾਤ ਬਾਰੇ ਕੋਈ ਬਿਆਨ ਨਹੀਂ ਆ ਰਿਹਾ। ਇਸ ਲਈ ਇੱਕ ਪਾਸੜ ਸਰਕਾਰੀ ਦਾਅਵਿਆਂ ਉੱਤੇ ਹੀ ਸਾਨੂੰ ਨਿਰਭਰ ਹੋਣਾ ਪੈ ਰਿਹਾ ਹੈ। ਪਰ ਤਾਜ਼ਾ ਖਬਰਾਂ ਮੁਤਾਬਕ ਆਂਧਰਾ ਤੇ ਤਿਲੰਗਾਨਾ ਇਕਾਈਆਂ ਦੇ ਪੀਪਲਜ਼ ਯੂਨੀਅਨ ਆਫ ਸਿਵਿਲ ਲਿਬਰਟੀਜ਼ ਅਤੇ ਨਿਊ ਡੈਮੋਕਰੇਸੀ ਜਥੇਬੰਦੀ ਵੱਲੋਂ ਇੱਕ ਪ੍ਰੈਸ ਕਾਨਫਰੰਸ ਰਾਹੀਂ ਇਹ ਦਾਅਵਾ ਕੀਤਾ ਗਿਆ ਹੈ ਕਿ ਇਸ ਸਮੇਂ ਉੱਚ ਕੋਟੀ ਦੇ ਮਾਓਵਾਦੀ ਦੇਵਾ ਜੀ ਪੁਲਿਸ ਹਿਰਾਸਤ ਵਿੱਚ ਹਨ ਅਤੇ ਕਿਸੇ ਝੂਠੇ ਮੁਕਾਬਲੇ ਵਿੱਚ ਉਸ ਨੂੰ ਮਾਰਿਆ ਵੀ ਜਾ ਸਕਦਾ ਹੈ। ਜੇ ਇਹ ਆਗੂ ਸੱਚਮੁੱਚ ਪੁਲਿਸ ਹਿਰਾਸਤ ਵਿੱਚ ਹੈ ਤਾਂ ਸੀਪੀਆਈ ਮਾਓਵਾਦੀ ਪਾਰਟੀ ਨੂੰ ਇੱਕ ਵੱਡਾ ਧੱਕਾ ਲੱਗੇਗਾ ਕਿਉਂਕਿ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ ਆਗੂ ਖਿੰਡ ਰਹੀ ਪਾਰਟੀ ਨੂੰ ਮੁੜ ਜਥੇਬੰਦ ਕਰ ਸਕਣ ਦੀ ਯੋਗਤਾ ਰੱਖਦਾ ਹੈ। ਪਰ ਦੂਜੇ ਪਾਸੇ ਸਰਕਾਰ ਦੇ ਉੱਚ ਅਧਿਕਾਰੀਆਂ ਨੇ ਇਸ ਖਬਰ ਦਾ ਖੰਡਨ ਕੀਤਾ ਹੈ ਅਤੇ ਉਹਨਾਂ ਨੇ ਕਿਹਾ ਹੈ ਕਿ ਦੇਵਾ ਜੀ ਸਾਡੀ ਹਿਰਾਸਤ ਵਿੱਚ ਨਹੀਂ ਹਨ।

ਹਿਡਮਾ ਦੀ ਚੜ੍ਹਤ ਵੀ ਹੈਰਾਨ ਕਰਨ ਵਾਲੀ ਹੈ। ਉਸ ਦਾ ਜਨਮ 1980 ਵਿੱਚ ਹੋਇਆ। 16 ਸਾਲ ਦੀ ਉਮਰ ਵਿੱਚ ਹੀ ਉਹ ਮਾਓਵਾਦੀ ਫੌਜ ਵਿੱਚ ਸ਼ਾਮਿਲ ਹੋ ਗਿਆ ਸੀ। ਪੰਜ ਫੁੱਟ ਪੰਜ ਇੰਚ ਕੱਦ ਵਾਲਾ ਸਾਂਵਲੇ ਰੰਗ ਦਾ ਇਹ ਫਰਤੀਲਾ ਨੌਜਵਾਨ ਜੰਗਲਾਂ ਦੇ ਚੱਪੇ ਚੱਪੇ ਦਾ ਜਾਣੂ ਸੀ। ਉਹ ਆਦਿਵਾਸੀ ਸੀ ਤੇ ਉਹ ਆਪਣੇ ਲੋਕਾਂ ਵਿੱਚ ਇਸ ਹੱਦ ਤੱਕ ਪ੍ਰਸਿੱਧ ਹੋ ਗਿਆ ਸੀ ਕਿ ਉਸ ਬਾਰੇ ਕਈ ਤਰ੍ਹਾਂ ਦੀਆਂ ਮਿੱਥਾਂ ਪੈਦਾ ਹੋ ਗਈਆਂ ਸਨ ਅਤੇ ਇਹ ਕਿਹਾ ਜਾਣ ਲੱਗਾ ਕਿ ਉਸ ਪਿੱਛੇ ਅਲੌਕਿਕ ਤਾਕਤਾਂ ਦਾ ਹੱਥ ਹੈ, ਜਿਸ ਦਾ ਮਤਲਬ ਇਹ ਹੈ ਕਿ ਉਹ ਫੜਿਆ ਹੀ ਨਹੀਂ ਜਾ ਸਕਦਾ। ਅਸਲ ਵਿੱਚ 12 ਸਾਲ ਦੀ ਉਮਰ ਵਿੱਚ ਹੀ ਆਦਿਵਾਸੀ ਮੁੰਡੇ ਕੁੜੀਆਂ ਦੀ ਮਾਓਵਾਦੀ ਪਾਰਟੀ ਵਿੱਚ ਭਰਤੀ ਹੋ ਜਾਂਦੀ ਸੀ। ਸੁਰੱਖਿਆ ਬਲਾਂ ਨਾਲ ਉਸ ਨੇ ਕਰੀਬ 26 ਮੁਕਾਬਲਿਆਂ ਵਿੱਚ ਆਪਣੀ ਫੋਰਸ ਦੀ ਅਗਵਾਈ ਕੀਤੀ ਅਤੇ ਇਹਨਾਂ ਮੁਕਾਬਲਿਆਂ ਵਿੱਚ 250 ਦੇ ਕਰੀਬ ਸੁਰੱਖਿਆ ਬਲਾਂ ਦੇ ਜਵਾਨ ਮਾਰੇ ਗਏ। ਇੱਕ ਮੁਕਾਬਲੇ ਵਿੱਚ ਤਾਂ ਛਤੀਸਗੜ੍ਹ ਦੀ ਕਾਂਗਰਸ ਲੀਡਰਸ਼ਿਪ ਦਾ ਮੁਕੰਮਲ ਤੌਰ 'ਤੇ ਖਾਤਮਾ ਹੋ ਗਿਆ ਸੀ ਜਿਸ ਵਿੱਚ ਵਿਦਿਆ ਚਰਨ ਸ਼ੁਗਲਾ ਵੀ ਸ਼ਾਮਿਲ ਸਨ। ਦੰਤੇਵਾੜ ਮੁਕਾਬਲੇ ਵਿੱਚ 76 ਸੁਰੱਖਿਆ ਬਲਾਂ ਦੇ ਜਵਾਨ ਮਾਰੇ ਗਏ ਸਨ।ਹਿਡਮਾ ਦੀ ਰੂਪੋਸ਼ ਯਾਤਰਾ ਕਰੀਬ ਕਰੀਬ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਅਤੇ ਸੁਖਦੇਵ ਸਿੰਘ ਬੱਬਰ ਨਾਲ ਮਿਲਦੀ ਜੁਲਦੀ ਹੈ ਕਿਉਂਕਿ ਗੁਰਜੰਟ ਨੂੰ ਮਿਲਣ ਲਈ ਵੀ ਤੁਹਾਨੂੰ ਕਈ ਪਰਤਾਂ ਵਿੱਚੋਂ ਗੁਜ਼ਰਨਾ ਪੈਂਦਾ ਸੀ। ਜਿੱਥੋਂ ਤੱਕ ਸੁਖਦੇਵ ਸਿੰਘ ਬੱਬਰ ਦਾ ਸਬੰਧ ਹੈ ਕਈ ਸਾਲ ਦੀ ਘਾਲਣਾ ਪਿੱਛੋਂ ਹੀ ਬਲਵਿੰਦਰ ਸਿੰਘ ਜਟਾਣਾ ਰਾਹੀਂ ਹੀ ਮੈਂ ਉਸ ਨੂੰ ਮਿਲ ਸਕਿਆ ਸੀ। ਇਹ ਦੋਵੇਂ ਜੁਝਾਰੂ ਕਦੇ ਵੀ ਮੀਡੀਆ ਸਾਹਮਣੇ ਨਹੀਂ ਸੀ ਆਏ ਅਤੇ ਗੁਰਜੰਟ ਬਾਰੇ ਵੀ ਇਹ ਗੱਲ ਮਸ਼ਹੂਰ ਹੋ ਗਈ ਸੀ ਕਿ ਅਦਿੱਖ ਤਾਕਤਾਂ ਉਸਦੀ ਸਹਾਇਤਾ ਕਰਦੀਆਂ ਹਨ। ਹਿਡਮਾ ਵਾਂਗ ਦੋਹਾਂ ਖਾੜਕੂਆਂ ਦੇ ਵੀ ਕਈ ਰੂਪੋਸ਼ ਨਾਂਅ ਜੁਝਾਰੂ ਹਲਕਿਆਂ ਵਿੱਚ ਚਲਦੇ ਸਨ ਅਤੇ ਉਹਨਾਂ ਬਾਰੇ ਕਈ ਅਣਸੁਣੇ ਕਿਸੇ ਵੀ ਦੱਸੇ ਜਾਂਦੇ ਸਨ।



ਦੋਸਤੋ, ਹਿਡਮਾ ਦੀ ਪੜ੍ਹਾਈ ਲਿਖਾਈ ਬਾਰੇ ਵੀ ਇੱਕ ਦੂਜੇ ਨਾਲ ਟਕਰਾਉਂਦੀਆਂ ਖਬਰਾਂ ਮਿਲਦੀਆਂ ਹਨ। ਇੱਕ ਖਬਰ ਮੁਤਾਬਕ ਉਹ ਅੱਠਵੀਂ ਜਮਾਤ ਤੱਕ ਹੀ ਪੜ੍ਹਿਆ ਸੀ ਜਦਕਿ ਇਹ ਖਬਰਾਂ ਵੀ ਮਿਲਦੀਆਂ ਹਨ ਕਿ ਉਹ ਦਸਵੀਂ ਫੇਲ ਸੀ। ਪਰ ਕੁਝ ਵੀ ਹੋਵੇ 'ਜੰਗਲਾਂ ਦੀ ਪੜ੍ਹਾਈ' ਵਿੱਚ ਉਸ ਦਾ ਕੋਈ ਮੁਕਾਬਲਾ ਨਹੀਂ ਸੀ। ਉਸ ਦਾ ਰਾਜਨੀਤਿਕ ਗੁਰੂ ਰਮੰਨਾ ਸੀ ਪਰ ਇੱਕ ਹੋਰ ਖਬਰ ਮੁਤਾਬਕ ਚੱਲਪਤੀ ਉਸ ਦਾ ਰਾਜਨੀਤਿਕ ਗੁਰੂ ਸੀ।


ਬਸਤਰ ਦੇ ਦੱਖਣੀ ਇਲਾਕੇ ਦੇ ਡੀਆਈਜੀ ਕੰਮਲੋਚਨ ਕਛਪ ਦਾ ਕਹਿਣਾ ਸੀ ਕਿ ਇੱਕ ਸਮਾਂ ਅਜਿਹਾ ਵੀ ਸੀ ਜਦੋਂ ਉਹ ਸਾਡੇ ਲਈ ਨੇਮੇਸਿਸ ਦੀ ਤਰ੍ਹਾਂ ਸੀ ਜਿਸ ਦਾ ਮਤਲਬ ਸੀ ਕਿ ਹਿਡਮਾ ਨੂੰ ਜਿਉਂਦਾ ਜਾਂ ਮੁਰਦਾ ਫੜਨਾ ਲਗਭਗ ਅਸੰਭਵ ਹੀ ਹੈ। ਨੀਮੇਸਸ ਯੂਨਾਨੀ ਮਿਥ ਦੀ ਇੱਕ ਦੇਵੀ ਹੈ ਜੋ ਘਮੰਡ ਅਤੇ ਅਹੰਕਾਰ ਦਿਖਾਉਣ ਵਾਲਿਆਂ ਤੋਂ ਬਦਲਾ ਲੈਂਦੀ ਹੈ। ਸਰਲ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਇੱਕ ਅਜਿਹਾ ਨਾਇਕ ਜਾਂ ਵਿਰੋਧੀ ਜਾਂ ਦੁਸ਼ਮਣ ਜੋ ਫੌਜ ਦੇ ਸਾਹਮਣੇ ਗੰਭੀਰ ਚੁਣੌਤੀਆਂ ਪੇਸ਼ ਕਰ ਸਕਦਾ ਹੈ ਅਤੇ ਫੌਜ ਤੋਂ ਸਦਾ ਹੀ ਇੱਕ ਕਦਮ ਅੱਗੇ ਹੁੰਦਾ ਹੈ।

(ਬਾਕੀ ਸਫ਼ਾ 26 'ਤੇ)

ਆਵਾਜ਼ ਘਰ
ਪੰਜਾਬੀ ਆਡੀਓਬੁੱਕ ਲਾਇਬ੍ਰੇਰੀ
ਪੰਜਾਬੀ ਸਾਹਿਤ ਪ੍ਰੇਮੀਆਂ ਲਈ ਸਭ ਤੋਂ ਵੱਡਾ ਖ਼ਜ਼ਾਨਾ - ਸਾਹਿਤ, ਇਤਿਹਾਸ, ਕਹਾਣੀਆਂ, ਕਵਿਤਾਵਾਂ, ਜੀਵਨੀਆਂ, ਬਾਲ ਸਾਹਿਤ ਅਤੇ ਹੋਰ ਬਹੁਤ ਕੁਝ ਹੁਣ ਤੁਹਾਡੇ ਮੋਬਾਈਲ 'ਚ ! ਜਿੱਥੇ ਵੀ ਹੋ, ਘਰ ਵਿੱਚ, ਸਫ਼ਰ 'ਤੇ ਜਾਂ ਕੰਮ ਕਰਦੇ ਸਮੇਂ - ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਦੀ ਦੁਨੀਆ ਹੁਣ ਸਿਰਫ਼ ਇੱਕ ਕਲਿੱਕ ਦੂਰ।
ਆਵਾਜ਼ ਘਰ ( Awaaz Ghar App ) iOS ਅਤੇ Android ਦੋਵਾਂ 'ਤੇ ਉਪਲਬਧ ਹੈ।
ਹੋਰ ਜਾਣਕਾਰੀ ਲਈ ਵੇਖੋ www.awaazghar.net
ਹੁਣੇ ਹੀ ਡਾਊਨਲੋਡ ਕਰੋ ਤੇ ਪੰਜਾਬੀ ਦੀ ਅਵਾਜ਼ ਨੂੰ ਆਪਣੇ ਨਾਲ ਲੈ ਜਾਓ !
Download on the App Store
GET IT ON Google Play
ਕਥਾ ਕਹਾਣੀਆਂ ਦੀ ਦੁਨੀਆ ਕਲਮਾਂ ਦੀ ਜ਼ੁਬਾਨੀ

# ਅਲਵਿਦਾ.... ਧਰਮਿੰਦਰ

## ਭਾਰਤੀ ਸਿਨੇਮਾ ਦੇ ਇੱਕ ਯੁੱਗ ਦਾ ਅੰਤ







ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਧਰਮਿੰਦਰ ਦਾ ਦਿਹਾਂਤ ਹੋ ਗਿਆ ਹੈ। ਉਹ 89 ਸਾਲ ਦੇ ਸਨ। ਹੀ-ਮੈਨ ਵਜੋਂ ਜਾਣੇ ਜਾਂਦੇ ਇਸ ਅਦਾਕਾਰ ਦੀ ਮੌਤ ਨੇ ਦੇਸ਼ ਭਰ ਵਿੱਚ ਸੋਗ ਦੀ ਲਹਿਰ ਫੈਲਾ ਦਿੱਤੀ ਹੈ। ਧਰਮਿੰਦਰ ਲੰਬੇ ਸਮੇਂ ਤੋਂ ਬਿਮਾਰ ਸਨ। ਉਨ੍ਹਾਂ ਨੂੰ ਕੁਝ ਦਿਨਾਂ ਤੋਂ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਘਰ ਲਿਜਾਇਆ ਗਿਆ ਅਤੇ ਘਰ ਤੋਂ ਹੀ ਇਲਾਜ ਚੱਲ ਰਿਹਾ ਸੀ।

ਧਰਮਿੰਦਰ ਦਾ ਪੂਰਾ ਨਾਮ ਧਰਮਿੰਦਰ ਕੇਵਲ ਕ੍ਰਿਸ਼ਨ ਦਿਓਲ ਹੈ। ਉਨ੍ਹਾਂ ਦਾ ਜਨਮ 8 ਦਸੰਬਰ, 1935 ਨੂੰ ਪੰਜਾਬ ਦੇ ਨਸਰਾਨੀ ਪਿੰਡ ਵਿੱਚ ਹੋਇਆ ਸੀ।

ਜਾਣਕਾਰੀ ਅਨੁਸਾਰ ਧਰਮਿੰਦਰ ਨੂੰ 31 ਅਕਤੂਬਰ, 2025 ਨੂੰ ਨਿਯਮਤ ਜਾਂਚ ਲਈ ਬ੍ਰੀਚ ਕੈਂਡੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਨੂੰ ਸਾਹ ਲੈਣ ਵਿੱਚ ਤਕਲੀਫ਼ ਹੋ ਰਹੀ ਸੀ। 10 ਨਵੰਬਰ ਨੂੰ ਉਨ੍ਹਾਂ ਦੀ ਹਾਲਤ ਵਿਗੜ ਗਈ। ਉਨ੍ਹਾਂ ਦਾ ਪੂਰਾ ਪਰਿਵਾਰ ਹਸਪਤਾਲ ਵਿੱਚ ਉਨ੍ਹਾਂ ਨੂੰ ਮਿਲਣ ਗਿਆ। ਹੇਮਾ ਮਾਲਿਨੀ, ਸੰਨੀ ਦਿਓਲ, ਈਸ਼ਾ ਦਿਓਲ, ਕਰਨ ਦਿਓਲ, ਰਾਜਵੀਰ ਦਿਓਲ ਅਤੇ ਅਭੈ ਦਿਓਲ ਸਾਰੇ ਹਸਪਤਾਲ ਗਏ।

ਕਈ ਅਦਾਕਾਰਾਂ ਨੇ ਧਰਮਿੰਦਰ ਨੂੰ ਮਿਲਣ ਲਈ ਹਸਪਤਾਲ ਵਿੱਚ ਮੁਲਾਕਾਤ ਕੀਤੀ। ਸਲਮਾਨ ਖਾਨ, ਸ਼ਾਹਰੁਖ ਖਾਨ, ਗੋਵਿੰਦਾ ਅਤੇ ਅਮੀਸ਼ਾ ਪਟੇਲ ਵੀ ਧਰਮਿੰਦਰ ਨੂੰ ਮਿਲਣ ਗਏ।




### ਧਰਮਿੰਦਰ ਦਾ 65 ਸਾਲ ਦਾ ਲੰਬਾ ਕਰੀਅਰ

ਉਸਨੇ 1960 ਵਿੱਚ ਫਿਲਮ 'ਦਿਲ ਵੀ ਤੇਰਾ ਹਮ ਵੀ ਤੇਰੇ' ਨਾਲ ਆਪਣੇ ਅਦਾਕਾਰੀ ਕੈਰੀਅਰ ਦੀ ਸ਼ੁਰੂਆਤ ਕੀਤੀ। ਫਿਰ ਉਹ 1961 ਦੀ ਫਿਲਮ 'ਬੁਆਏ ਫ੍ਰੈਂਡ' ਵਿੱਚ ਇੱਕ ਸਹਾਇਕ ਭੂਮਿਕਾ ਵਿੱਚ ਨਜ਼ਰ ਆਇਆ। ਧਰਮਿੰਦਰ 65 ਸਾਲਾਂ ਤੱਕ ਅਦਾਕਾਰੀ ਵਿੱਚ ਸਰਗਰਮ ਰਹੇ, ਕਈ ਹਿੱਟ, ਸੁਪਰਹਿੱਟ ਅਤੇ ਬਲਾਕਬਸਟਰ ਦਿੱਤੇ। ਉਸਨੇ ਸ਼ੋਲੇ (1975), ਚੁਪਕੇ ਚੁਪਕੇ (1975), ਸੀਤਾ ਔਰ ਗੀਤਾ (1972), ਧਰਮਵੀਰ (1977), ਫੂਲ ਔਰ ਪੱਥਰ (1966), ਜੁਗਨੂੰ (1973), ਅਤੇ ਯਾਦਾਂ ਕੀ ਬਾਰਾਤ (1973) ਵਰਗੀਆਂ ਫਿਲਮਾਂ ਵਿੱਚ ਅਭਿਨੈ ਕੀਤਾ ਹੈ।

### ਧਰਮਿੰਦਰ ਦਾ ਚੁੰਮਣ ਬਹੁਤ ਤਾਜ਼ਾ ਸੀ

2023 ਵਿੱਚ ਆਈ ਫਿਲਮ ਰੌਕੀ ਔਰ ਰਾਣੀ ਕੀ ਪ੍ਰੇਮ ਕਹਾਣੀ ਵਿੱਚ ਉਨ੍ਹਾਂ ਦੇ ਕਿਰਦਾਰ ਦੀ ਕਾਫੀ ਚਰਚਾ ਹੋਈ ਸੀ। ਉਨ੍ਹਾਂ ਨੇ ਫਿਲਮ 'ਚ ਸ਼ਬਾਨਾ ਆਜ਼ਮੀ ਨੂੰ ਚੁੰਮਿਆ ਸੀ, ਜਿਸ ਦੀ ਕਾਫੀ ਚਰਚਾ ਹੋਈ ਸੀ। ਉਹ 2024 ਵਿੱਚ ਰਿਲੀਜ਼ ਹੋਈ 'ਤੇਰੀ ਬਾਤੋਂ ਮੈਂ ਐਸਾ ਉਲਸਾ ਜੀਆ' ਵਿੱਚ ਵੀ ਨਜ਼ਰ ਆਏ।

### ਧਰਮਿੰਦਰ ਦੀ ਆਖਰੀ ਫਿਲਮ

ਧਰਮਿੰਦਰ 89 ਸਾਲ ਦੀ ਉਮਰ ਵਿੱਚ ਵੀ ਲਗਾਤਾਰ ਕੰਮ ਕਰ ਰਹੇ ਸਨ। ਉਨ੍ਹਾਂ ਦੇ ਦੇਹਾਂਤ ਤੋਂ ਬਾਅਦ, ਉਨ੍ਹਾਂ ਦੀ ਆਖਰੀ ਫਿਲਮ ਇਸ ਸਾਲ ਰਿਲੀਜ਼ ਹੋਵੇਗੀ। ਉਹ ਫਿਲਮ '21' ਵਿੱਚ ਨਜ਼ਰ ਆਉਣਗੇ। ਇਸ ਫਿਲਮ ਵਿੱਚ ਉਹ ਅਗਸਤਿਆ ਨੰਦਾ ਦੇ ਪਿਤਾ ਦੀ ਭੂਮਿਕਾ ਨਿਭਾਉਣਗੇ। ਇਹ ਫਿਲਮ 25 ਦਸੰਬਰ, 2025 ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ।

### ਧਰਮਿੰਦਰ ਦੀ ਨਿੱਜੀ ਜ਼ਿੰਦਗੀ

ਧਰਮਿੰਦਰ ਦੀ ਨਿੱਜੀ ਜ਼ਿੰਦਗੀ ਦੀ ਗੱਲ ਕਰੀਏ ਤਾਂ ਉਨ੍ਹਾਂ ਨੇ ਦੋ ਵਾਰ ਵਿਆਹ ਕੀਤਾ। ਉਨ੍ਹਾਂ ਦਾ ਪਹਿਲਾ ਵਿਆਹ ਪ੍ਰਕਾਸ਼ ਕੌਰ ਨਾਲ ਹੋਇਆ ਸੀ। ਇਸ ਵਿਆਹ ਤੋਂ ਉਨ੍ਹਾਂ ਦੇ ਚਾਰ ਬੱਚੇ ਹਨ: ਸੰਨੀ ਦਿਓਲ, ਬੌਬੀ ਦਿਓਲ, ਵਿਜੇਤਾ ਦਿਓਲ ਅਤੇ ਅਜੀਤਾ ਦਿਓਲ।

ਉਨ੍ਹਾਂ ਦਾ ਦੂਜਾ ਵਿਆਹ ਅਦਾਕਾਰਾ ਹੇਮਾ ਮਾਲਿਨੀ ਨਾਲ ਹੋਇਆ ਸੀ। ਪ੍ਰਕਾਸ਼ ਨੇ ਧਰਮਿੰਦਰ ਨੂੰ ਤਲਾਕ ਨਹੀਂ ਦਿੱਤਾ, ਇਸ ਲਈ ਧਰਮਿੰਦਰ ਨੇ ਦੂਜਾ ਧਰਮ ਅਪਣਾ ਲਿਆ ਅਤੇ ਦੁਬਾਰਾ ਵਿਆਹ ਕਰ ਲਿਆ। ਹੇਮਾ ਮਾਲਿਨੀ ਤੋਂ ਉਨ੍ਹਾਂ ਦੀਆਂ ਦੋ ਧੀਆਂ ਹਨ: ਈਸ਼ਾ ਦਿਓਲ ਅਤੇ ਅਹਾਨਾ ਦਿਓਲ।

### ਧਰਮਿੰਦਰ ਦੇ ਦੇਹਾਂਤ ਉਤੇ ਦੇਸ਼ ਭਰ ਦੀਆਂ ਸਿਆਸੀ ਅਤੇ ਫ਼ਿਲਮੀ ਸ਼ਖ਼ਸੀਅਤਾਂ ਨੇ ਸੋਗ ਪ੍ਰਗਟਾਇਆ

ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਧਰਮਿੰਦਰ ਦੇ ਦੇਹਾਂਤ ਉਤੇ ਦੇਸ਼ ਭਰ ਵਿੱਚ ਸੋਗ ਦੀ ਲਹਿਰ ਹੈ। ਰਾਸ਼ਟਰਪਤੀ ਦਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੋਰ ਨੇਤਾਵਾਂ ਨੇ ਸੁਪਰਸਟਾਰ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਨੂੰ ਇੱਕ ਸੁਹਜ-ਸੁਭਾਅ ਵਾਲਾ ਅਦਾਕਾਰ ਦਸਿਆ ਜਿਸ ਨੇ ਪੀੜ੍ਹੀਆਂ ਤੱਕ ਫਿਲਮ ਪ੍ਰੇਮੀਆਂ ਨੂੰ ਮੋਹਿਤ ਕੀਤਾ ਅਤੇ ਭਾਰਤੀ ਸਿਨੇਮਾ ਉਤੇ ਅਮਿੱਟ ਛਾਪ ਛੱਡੀ। ਧਰਮਿੰਦਰ ਨੂੰ ਭਾਰਤੀ ਸਿਨੇਮਾ ਦੀ ਇਕ ਮਹਾਨ ਸ਼ਖਸੀਅਤ ਦਸਦੇ ਹੋਏ, ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਉਨ੍ਹਾਂ ਦਾ ਅਕਾਲ ਚਲਾਣਾ ਭਾਰਤੀ ਸਿਨੇਮਾ ਲਈ ਇੱਕ ਵੱਡਾ ਘਾਟਾ ਹੈ ਅਤੇ ਉਹ ਆਪਣੇ ਪਿੱਛੇ ਇੱਕ ਵਿਰਾਸਤ ਛੱਡ ਗਏ ਹਨ ਜੋ ਕਲਾਕਾਰਾਂ ਦੀ ਨੌਜਵਾਨ ਪੀੜ੍ਹੀ ਨੂੰ ਪ੍ਰੇਰਿਤ ਕਰਦਾ ਰਹੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਜਿਸ ਤਰੀਕੇ ਨਾਲ ਧਰਮਿੰਦਰ ਨੇ ਵੱਖ-ਵੱਖ ਭੂਮਿਕਾਵਾਂ ਨਿਭਾਈਆਂ, ਉਸ ਨੇ ਅਣਗਿਣਤ ਲੋਕਾਂ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਕਿਹਾ, "ਧਰਮਿੰਦਰ ਜੀ ਦੀ ਸਾਦਗੀ, ਨਿਮਰਤਾ ਅਤੇ ਨਿੱਘ ਦੇ ਲਈ ਵੀ ਉਤਨੀ ਹੀ ਪ੍ਰਸ਼ੰਸਾ ਕੀਤੀ ਜਾਂਦੀ ਸੀ। ਦੁਖ ਦੀ ਇਸ ਘੜੀ 'ਚ, ਮੇਰੀਆਂ ਸੰਵੇਦਨਾਵਾਂ ਉਨ੍ਹਾਂ ਦੇ ਪਰਵਾਰ, ਦੋਸਤਾਂ ਅਤੇ ਅਣਗਿਣਤ ਪ੍ਰਸ਼ੰਸਕਾਂ ਦੇ ਨਾਲ ਹਨ। ਓਮ ਸ਼ਾਂਤੀ।" ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਕਿਹਾ ਕਿ ਇਹ ਭਾਰਤੀ ਸਿਨੇਮਾ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਲੋਕ ਸਭਾ ਸਪੀਕਰ ਓਮ ਬਿਰਲਾ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਸਮੇਤ ਕਈ ਕੇਂਦਰੀ ਮੰਤਰੀਆਂ ਅਤੇ ਸੰਸਦ ਦੇ ਦੋਹਾਂ ਸਦਨਾਂ ਵਿਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਤੋਂ ਇਲਾਵਾ ਕਈ ਮੁੱਖ ਮੰਤਰੀਆਂ ਨੇ ਦੁੱਖ ਪ੍ਰਗਟ ਕੀਤਾ। ਦੂਜੇ ਪਾਸੇ ਰਜਨੀਕਾਂਤ ਅਤੇ ਮੋਹਨ ਲਾਲ ਤੋਂ ਲੈ ਕੇ ਅਕਸ਼ੈ ਕੁਮਾਰ ਅਤੇ ਅਜੇ ਦੇਵਗਨ ਤਕ ਦੀਆਂ ਫ਼ਿਲਮੀ ਜਗਤ ਦੀਆਂ ਮਸ਼ਹੂਰ ਹਸਤੀਆਂ ਨੇ ਦਿੱਗਜ ਸਟਾਰ ਧਰਮਿੰਦਰ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਨੂੰ 'ਸੱਚੇ ਨਾਇਕ', 'ਪੀੜ੍ਹੀਆਂ ਲਈ ਪ੍ਰੇਰਣਾ' ਅਤੇ 'ਮੂਲ ਹੀ-ਮੈਨ' ਕਿਹਾ। ਧਰਮਿੰਦਰ ਨਾਲ 'ਇਨਸਾਫ ਕੌਨ ਕਰੇਗਾ' ਅਤੇ 'ਫਰਿਸ਼ਤੇ' ਵਰਗੀਆਂ ਫਿਲਮਾਂ 'ਚ ਕੰਮ ਕਰਨ ਵਾਲੇ ਰਜਨੀਕਾਂਤ ਨੇ 'ਐਕਸ' ਉਤੇ ਇਕ ਪੋਸਟ 'ਚ ਕਿਹਾ, "ਅਲਵਿਦਾ, ਮੇਰੇ ਦੋਸਤ. ਮੈਂ ਤੁਹਾਡੇ ਸੁਨਹਿਰੀ ਦਿਲ ਅਤੇ ਉਨ੍ਹਾਂ ਪਲਾਂ ਨੂੰ ਹਮੇਸ਼ਾ ਯਾਦ ਰੱਖਾਂਗਾ ਜੋ ਅਸੀਂ ਸਾਂਝੇ ਕੀਤੇ ਸਨ। ਧਰਮ ਜੀ, ਸ਼ਾਂਤੀ ਵਿੱਚ ਆਰਾਮ ਕਰੋ। ਉਨ੍ਹਾਂ ਦੇ ਪਰਿਵਾਰ ਪ੍ਰਤੀ ਮੇਰੀ ਡੂੰਘੀ ਹਮਦਰਦੀ ਹੈ।" ਅਕਸ਼ੈ ਨੇ ਮਰਹੂਮ ਸਿਨੇਮਾ ਸਟਾਰ ਦੀ ਫੋਟੋ ਸ਼ੇਅਰ ਕਰਦਿਆਂ ਕਿਹਾ ਕਿ ਧਰਮਿੰਦਰ ਅਪਣੀਆਂ ਫਿਲਮਾਂ ਰਾਹੀਂ ਜਿਉਂਦਾ ਰਹੇਗਾ। ਉਨ੍ਹਾਂ ਕਿਹਾ ਕਿ ਵੱਡੇ ਹੁੰਦੇ ਹੋਏ ਧਰਮਿੰਦਰ ਜੀ ਉਹ ਹੀਰੋ ਸਨ ਜੋ ਹਰ ਲੜਕਾ ਬਣਨਾ ਚਾਹੁੰਦੇ ਸਨ। ਸੰਜੇ ਦੱਤ ਨੇ ਕਿਹਾ ਕਿ ਧਰਮਿੰਦਰ ਉਹ ਦੁਰਲੱਭ ਅਦਾਕਾਰ ਸਨ, ਜੋ ਲੋਕਾਂ ਦੇ ਦਿਲਾਂ ਵਿੱਚ ਰਹਿੰਦੇ ਸਨ।




## ਕਿਰਾਏ ਦੇ ਘਰ 'ਚ ਵੱਜੀਆਂ ਸਨ ਧਰਮਿੰਦਰ ਦੀਆਂ ਕਿਲਕਾਰੀਆਂ

ਸਿਨੇਮਾ ਜਗਤ ਦੇ ਪ੍ਰਸਿੱਧ ਕਲਾਕਾਰ ਧਰਮਿੰਦਰ ਦੇ ਦੇਹਾਂਤ ਨਾਲ ਉਨ੍ਹਾਂ ਦੇ ਜਨਮ ਸਥਾਨ ਪਿੰਡ ਨਸਰਾਲੀ ਵਿਖੇ ਵੀ ਸੋਗ ਦੀ ਲਹਿਰ ਹੈ। ਦੱਸਣਯੋਗ ਹੈ ਕਿ ਅਦਾਕਾਰ ਧਰਮਿੰਦਰ ਦਾ ਜਨਮ ਪਿੰਡ ਨਸਰਾਲੀ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਕੇਵਲ ਕ੍ਰਿਸ਼ਨ ਦਿਓਲ ਦੋ ਸਾਲ ਇੱਥੇ ਪੜ੍ਹਾਉਂਦੇ ਰਹੇ ਹਨ। ਇਸ ਦੌਰਾਨ ਹੀ ਧਰਮਿੰਦਰ ਦਾ ਜਨਮ ਹੋਇਆ। ਇੱਥੇ ਉਨ੍ਹਾਂ ਦੀਆਂ ਕਿਲਕਾਰੀਆਂ ਗੂੰਜੀਆਂ ਸਨ। ਹਾਲਾਂਕਿ ਹੁਣ ਉਨ੍ਹਾਂ ਨਾਲ ਜੁੜੇ ਮਕਾਨ 'ਚ ਚੁੱਪ ਪਸਰੀ ਹੋਈ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਮਾਸਟਰ ਜਸਵੰਤ ਸਿੰਘ ਨੇ ਦੱਸਿਆ ਕਿ ਧਰਮਿੰਦਰ ਨੇ ਕਈ ਵਾਰ ਆਪਣੀਆਂ ਇੰਟਰਵਿਊਜ਼ 'ਚ ਆਖਦੇ ਰਹੇ ਹਨ ਕਿ ਉਨ੍ਹਾਂ ਦਾ ਜਨਮ ਪਿੰਡ ਨਸਰਾਲੀ ਵਿਖੇ ਹੋਇਆ ਤਾਂ ਨਗਰ ਨਿਵਾਸੀਆਂ ਨੂੰ ਬਹੁਤ ਮਾਣ ਮਹਿਸੂਸ ਹੁੰਦਾ ਹੈ। ਉਹ ਦੁਨੀਆਂ 'ਤੇ ਇੱਕ ਵੱਡੀ ਹਸਤੀ ਹਨ, ਜਿਸ ਦਾ ਫ਼ਖ਼ਰ ਹੈ ਪਰ ਉਹ ਇਸ ਪਿੰਡ ਕਦੇ ਕਿਉਂ ਨਹੀਂ ਆਏ, ਇਸ ਗੱਲ ਦਾ ਮਲਾਲ ਪਿੰਡ ਵਾਸੀਆਂ ਨੂੰ ਵੀ ਹੈ ਕਿ ਪਤਾ ਨਹੀਂ ਕਿੱਥੇ ਕੋਈ ਘਾਟ ਰਹਿ ਗਈ। ਜਸਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੇ ਅੰਦਰ ਸਿੰਘ ਸ਼ਹੀਦਾਂ ਦੀ ਯਾਦ 'ਚ ਬਣੇ ਗੁਰੂਘਰ ਆਦਿ 'ਚ ਉਨ੍ਹਾਂ ਦੀ ਸਿਹਤਯਾਬੀ ਲਈ ਅਰਦਾਸ ਕੀਤੀ ਗਈ ਤਾਂ ਜੋ ਉਹ ਆਪਣੇ ਘਰ ਸਿਹਤਮੰਦ ਹੋ ਕੇ ਪਰਤ ਜਾਣ। ਆਪਣੇ ਧੀਆਂ ਪੁੱਤਰਾਂ, ਪੋਤੇ ਪੋਤੀਆਂ 'ਚ ਹੱਸ ਖੇਡ ਸਕਣ। ਇਸ ਮੌਕੇ ਬਲਜਿੰਦਰ ਸਿੰਘ, ਦਿਲਬਾਗ ਸਿੰਘ, ਹਰਮਿੰਦਰ ਸਿੰਘ ਮਿੰਦਾ ਤੇ ਹੋਰ ਵੀ ਪ੍ਰਸ਼ੰਸਕ ਹਾਜ਼ਰ ਸਨ।



# ਔਰਤਾਂ ਵਿਰੋਧੀ ਜਿਨਸੀ ਹਿੰਸਾ ਕਾਰਨ ਵਾਲਸਾਲ ਦੀਆਂ ਸੜਕਾਂ 'ਤੇ ਔਰਤਾਂ ਦੇ ਹੰਝੂ ਤੇ ਗੁੱਸਾ

## ਸਿੱਖ ਤੇ ਮੁਸਲਿਮ ਔਰਤਾਂ ਨਾਲ ਨਸਲੀ ਬਲਾਤਕਾਰਾਂ ਦੇ ਵਿਰੋਧ ਵਿੱਚ 150 ਤੋਂ ਵੱਧ ਲੋਕਾਂ ਨੇ ਕੱਢਿਆ ਰੋਸ ਮਾਰਚ

### ਮੁਸਲਮਾਨ ਤੇ ਸਿੱਖ ਭਾਈਚਾਰੇ ਨੇ ਏਕਤਾ ਦਾ ਕੀਤਾ ਪ੍ਰਦਰਸ਼ਨ







ਵਾਲਸਾਲ, ਵੈਸਟ ਮਿਡਲੈਂਡਜ਼/ਏ.ਟੀ.ਨਿਊਜ਼: ਬੀਤੇ ਦਿਨੀਂ ਵਾਲਸਾਲ ਦੀਆਂ ਮੁੱਖ ਸੜਕਾਂ 'ਤੇ ਇੱਕ ਨਸਲਵਾਦ ਵਿਰੋਧੀ ਮਾਰਚ ਨਿਕਲਿਆ, ਜਿਸ ਨੇ ਸਾਰੇ ਬਰਤਾਨੀਆਂ ਦੇ ਮੀਡੀਆ ਦਾ ਧਿਆਨ ਖਿੱਚ ਲਿਆ। ਲਗਭਗ 150 ਤੋਂ ਵੱਧ ਔਰਤਾਂ, ਮਰਦ ਤੇ ਬੱਚੇ, ਸਿੱਖ ਤੇ ਮੁਸਲਿਮ ਭਾਈਚਾਰਿਆਂ ਦੇ ਲੋਕ ਇਕੱਠੇ ਹੋ ਕੇ 'ਸਟਾਪ ਦ ਹੇਟ' ਰੋਸ ਮਾਰਚ ਕੱਢ ਰਹੇ ਸਨ। ਹੱਥਾਂ ਵਿੱਚ ਤਖ਼ਤੀਆਂ ਸਨ – ਬੱਸ ਕਰੋ! ਹੁਣ ਬਹੁਤ ਹੋ ਗਿਆ, ਔਰਤ ਦੀ ਇੱਜ਼ਤ ਸਾਡੀ ਇੱਜ਼ਤ ਹੈ, ਨਸਲਵਾਦ ਨੂੰ ਨਾਂਹ, ਦੋਸ਼ੀਆਂ ਦੀਆਂ ਜ਼ਮਾਨਤ ਰੱਦ ਕਰੋ। ਮਾਰਚ ਦੀ ਅਗਵਾਈ ਕਰ ਰਹੀਆਂ ਔਰਤਾਂ ਵਿੱਚੋਂ ਇੱਕ ਸ਼ਾਹੀਨ ਅਖ਼ਤਰ (ਨਾਮ ਬਦਲਿਆ) ਨੇ ਆਪਣੀ ਲਿਖੀ ਕਵਿਤਾ ਪੜ੍ਹੀ। ਉਸ ਦੇ ਹੱਥ ਕੰਬ ਰਹੇ ਸਨ, ਅੱਖਾਂ ਵਿੱਚ ਹੰਝੂ ਸਨ, ਪਰ ਆਵਾਜ਼ ਅਟੱਲ ਸੀ:

ਉਹਨਾਂ ਨੇ ਮੇਰੇ ਸਕਾਰਫ਼ ਵੱਲ ਦੇਖਿਆ, ਮੇਰੀ ਰੂਹ ਵੱਲ ਨਹੀਂ।
ਉਹਨਾਂ ਨੇ ਮੇਰਾ ਦੁਪੱਟਾ ਖਿੱਚਿਆ, ਮੇਰੀ ਹਿੰਮਤ ਵੱਲ ਨਹੀਂ।
ਪਰ ਅਸੀਂ ਝੁਕਾਂਗੇ ਨਹੀਂ, ਡਰਾਂਗੇ ਨਹੀਂ।

ਇਹ ਮਾਰਚ ਪਿਛਲੇ ਤਿੰਨ ਮਹੀਨਿਆਂ ਵਿੱਚ ਵੈਸਟ ਮਿਡਲੈਂਡਜ਼ ਵਿੱਚ ਸਿੱਖ ਤੇ ਮੁਸਲਿਮ ਔਰਤਾਂ 'ਤੇ ਹੋਏ ਨਸਲੀ ਰੇਪਾਂ ਤੇ ਹਮਲਿਆਂ ਦੇ ਵਿਰੋਧ ਵਿੱਚ ਸੀ। ਲੋਕਾਂ ਦਾ ਗੁੱਸਾ ਸਿਰਫ਼ ਹਮਲਾਵਰਾਂ 'ਤੇ ਨਹੀਂ, ਸਗੋਂ ਪੁਲਿਸ ਤੇ ਨਿਆਂ ਪ੍ਰਣਾਲੀ 'ਤੇ ਵੀ ਸੀ।

**ਤਿੰਨ ਵੱਡੇ ਹਮਲੇ ਜਿਨ੍ਹਾਂ ਨੇ ਕਮਿਊਨਿਟੀ ਨੂੰ ਹਿਲਾ ਦਿੱਤਾ**

**9 ਸਤੰਬਰ 2025 - ਓਲਡਬਰੀ**

ਇੱਕ 20 ਸਾਲਾ ਸਿੱਖ ਵਿਦਿਆਰਥਣ ਨੂੰ ਸਕੂਲ ਜਾਂਦੇ ਸਮੇਂ ਦੋ ਗੋਰੇ ਮਰਦ ਉਸ ਨੂੰ ਝਾੜੀਆਂ ਵਿੱਚ ਘਸੀਟ ਕੇ ਲੈ ਗਏ ਤੇ ਬਲਾਤਕਾਰ ਕੀਤਾ। ਹਮਲਾਵਰਾਂ ਨੇ ਕਿਹਾ, ਇਹ ਦੇਸ਼ ਤੇਰਾ ਨਹੀਂ, ਨਿਕਲ ਜਾ ਇਥੋਂ।

ਤਿੰਨ ਵਿਅਕਤੀ (ਦੋ ਮਰਦ ਤੇ ਇੱਕ ਔਰਤ) ਗ੍ਰਿਫ਼ਤਾਰ ਹੋਏ, ਪਰ ਸਾਰੇ ਜ਼ਮਾਨਤ 'ਤੇ ਛੁੱਟ ਗਏ। ਪੀੜਤਾ ਦੇ ਪਰਿਵਾਰ ਨੂੰ ਘਰ ਛੱਡਣਾ ਪਿਆ, ਉਹ ਦਹਿਸ਼ਤ ਕਾਰਣ ਆਪਣੇ ਘਰੋਂ ਦੂਰ ਰਹਿ ਰਹੇ ਨੇ।

**ਅਕਤੂਬਰ ਅਖ਼ੀਰ - ਪਾਰਕ ਹਾਲ, ਵਾਲਸਾਲ**

ਇੱਕ ਹੋਰ ਸਿੱਖ ਔਰਤ ਘਰ ਦੇ ਨੇੜੇ ਹੀ ਸੀ ਜਦੋਂ ਇੱਕ ਵਿਅਕਤੀ ਨੇ ਉਸ ਨੂੰ ਘਸੀਟ ਕੇ ਬਲਾਤਕਾਰ ਕੀਤਾ ਤੇ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ। ਮੁਲਜ਼ਮ 32 ਸਾਲਾ ਜੌਹਨ ਐਸ਼ਬੀ ਹੈ। ਉਸ 'ਤੇ ਨਸਲੀ ਬਲਾਤਕਾਰ ਤੇ ਗਲਾ ਘੁੱਟਣ ਦਾ ਦੋਸ਼ ਹੈ।

ਅਕਤੂਬਰ ਅਖ਼ੀਰ – ਵੁਲਵਰਹੈਂਪਟਨ 50 ਸਾਲਾ ਮੁਸਲਿਮ ਔਰਤ 'ਤੇ ਸਟਨ ਗਨ ਤੇ ਲੋਹੇ ਦੀ ਰਾਡ ਨਾਲ ਹਮਲਾ ਹੋਇਆ। ਪੁਲਿਸ ਨੇ ਇਸ ਨੂੰ ਵੀ ਨਸਲੀ ਹਮਲਾ ਮੰਨਿਆ ਹੈ।

ਪੁਲਿਸ ਦਾ ਅਧਿਕਾਰਤ ਬਿਆਨ ਹੈ ਕਿ ਇਹ ਤਿੰਨੇ ਮਾਮਲੇ ਆਪਸ ਵਿੱਚ ਜੁੜੇ ਨਹੀਂ ਹਨ, ਪਰ ਸਮਾਜ ਵਿੱਚ ਡਰ ਦਾ ਮਾਹੌਲ ਇੰਨਾ ਡੂੰਘਾ ਹੋ ਗਿਆ ਹੈ ਕਿ ਏਸ਼ੀਅਨ ਔਰਤਾਂ ਹੁਣ ਇਕੱਲੀਆਂ ਬਾਹਰ ਨਿਕਲਣ ਤੋਂ ਡਰਦੀਆਂ ਹਨ।

ਰੋਸ਼ਨੀ ਬਰਮਿੰਘਮ ਦੀ ਸੀ.ਈ.ਓ. ਸੁਰਵਤ ਸੋਹੇਲ (42) ਨੇ ਮਾਰਚ ਨੂੰ ਸੰਬੋਧਨ ਕਰਦਿਆਂ ਕਿਹਾ:

ਇਹ ਹਮਲਾਵਰ ਚੰਗੀ ਤਰ੍ਹਾਂ ਜਾਣਦੇ ਨੇ ਕਿ ਸਾਡੇ ਭਾਈਚਾਰੇ ਵਿੱਚ ਔਰਤ ਦੀ ਇੱਜ਼ਤ ਨਾਲ ਪੂਰਾ ਘਰਾਣਾ ਜੁੜਿਆ ਹੁੰਦਾ ਹੈ। ਔਰਤ ਨੂੰ ਨਿਸ਼ਾਨਾ ਬਣਾ ਕੇ ਉਹ ਸਾਨੂੰ ਅੰਦਰੋਂ ਤੋੜਨਾ ਚਾਹੁੰਦੇ ਨੇ। ਇਹ ਇੱਕ ਨਵੀਂ ਕਿਸਮ ਦਾ 'ਆਨਰ-ਬੇਸਡ ਅਬਿਊਜ਼' ਹੈ, ਜਿਸ ਵਿੱਚ ਨਸਲਵਾਦ ਨੂੰ ਹਥਿਆਰ ਬਣਾਇਆ ਜਾ ਰਿਹਾ ਹੈ।

ਬਰਮਿੰਘਮ ਬਲੈਕ ਸਿਸਟਰਜ਼ ਦੀ ਡਾ. ਸ਼ਿਰੀਨ ਹਾਊਸੀ (64) ਨੇ ਕਿਹਾ:

ਗਰਮੀਆਂ ਵਿੱਚ ਜਦੋਂ ਯੂਰੋ ਤੇ ਫੁੱਟਬਾਲ ਦੌਰਾਨ ਸਾਰੇ ਪਾਸੇ ਯੂਨੀਅਨ ਜੈੱਕ ਤੇ ਸੇਂਟ ਜਾਰਜ ਝੰਡੇ ਲਹਿਰਾਏ ਜਾ ਰਹੇ ਸਨ, ਮੈਂ ਆਪਣੇ ਬੱਚਿਆਂ ਨੂੰ ਕਿਹਾ ਸੀ – ਡਰੋ। ਉਹ ਹੱਸ ਪਏ ਸਨ। ਹੁਣ ਉਹ ਖ਼ੁਦ ਕਹਿੰਦੇ ਨੇ, 'ਮੰਮੀ, ਹੁਣ ਸਾਨੂੰ ਸਮਝ ਆ ਗਈ।' ਇਹ ਨਸਲਵਾਦ ਖਤਰਨਾਕ ਹੈ ਤੇ ਸਰਕਾਰ ਦੀ ਕਾਰਵਾਈ ਢਿੱਲੀ ਹੈ।

**ਨੌਜਵਾਨ ਔਰਤਾਂ ਦਾ ਡਰ**

23 ਸਾਲਾ ਨਾਦਿਆ (ਨਾਮ ਬਦਲਿਆ) ਨੇ ਦੱਸਿਆ:

ਓਲਡਬਰੀ ਵਾਲੀ ਘਟਨਾ ਤੋਂ ਬਾਅਦ ਡਰ ਲੱਗਣ ਲੱਗ ਪਿਆ ਸੀ। ਵਾਲਸਾਲ ਵਾਲੀ ਖ਼ਬਰ ਆਈ ਤਾਂ ਦਿਲ ਵਿੱਚ ਆਵਾਜ਼ ਆਈ – ਅਗਲੀ ਮੈਂ ਵੀ ਹੋ ਸਕਦੀ ਹਾਂ। ਹੁਣ ਮੈਂ ਰਾਤ ਨੂੰ 8 ਵਜੇ ਤੋਂ ਬਾਅਦ ਬਾਹਰ ਨਹੀਂ ਨਿਕਲਦੀ।

30 ਸਾਲਾ ਅਲੀਆ, ਜੋ 30 ਸਾਲ ਤੋਂ ਵਾਲਸਾਲ ਰਹਿ ਰਹੀ ਹੈ, ਨੇ ਪਹਿਲੀ ਵਾਰ ਆਪਣੇ ਬੈਗ ਵਿੱਚ ਰੇਪ ਅਲਾਰਮ ਰੱਖਿਆ। ਉਹ ਮਾਰਚ ਵਿੱਚ ਔਰਤਾਂ ਨੂੰ ਮੁਫ਼ਤ ਅਲਾਰਮ ਵੰਡ ਰਹੀ ਸੀ। ਉਸ ਨੇ ਕਿਹਾ:

ਮੇਰੀ ਪੋਤੀ 6 ਹਫ਼ਤੇ ਪਹਿਲਾਂ ਜਨਮੀ ਹੈ। ਮੈਨੂੰ ਡਰ ਲੱਗਦਾ ਹੈ ਕਿ ਉਹ ਕਿਹੜੇ ਬਰਤਾਨੀਆ ਵਿੱਚ ਵੱਡੀ ਹੋਵੇਗੀ। ਕੀ ਉਸ ਨੂੰ ਵੀ ਸਕਾਰਫ਼ ਪਾਉਣ ਕਾਰਨ ਗਾਲ੍ਹਾਂ ਕੱਢੀਆਂ ਜਾਣਗੀਆਂ?

**ਮੁਸਲਿਮ ਤੇ ਸਿੱਖ ਭਾਈਚਾਰੇ ਦੀ ਏਕਤਾ**

ਮਾਰਚ ਵਿੱਚ ਸਭ ਤੋਂ ਦਿਲ ਛੂਹ ਲੈਣ ਵਾਲੀ ਗੱਲ ਸੀ ਮੁਸਲਿਮ ਭਾਈਚਾਰੇ ਦੀ ਡਟਵੀਂ ਸਾਂਝ। (**ਬਾਕੀ ਸਫ਼ਾ 26 'ਤੇ**)

# ਆਸਟ੍ਰੇਲੀਆ ਦੇ ਐਰਾਰਟ ਰੂਰਲ ਸਿਟੀ ਕੌਂਸਲ ਦੀ ਡਿਪਟੀ ਮੇਅਰ ਬਣੀ ਪੰਜਾਬਣ ਤਲਵਿੰਦਰ ਕੌਰ



ਮੈਲਬਰਨ/ਏ.ਟੀ.ਨਿਊਜ਼: ਆਸਟ੍ਰੇਲੀਆ ਦੇ ਵਿਕਟੋਰੀਆ ਸੂਬੇ ਵਿੱਚ ਸਥਿਤ ਸ਼ਹਿਰ ਐਰਾਰਟ ਦੀ ਪੰਜਾਬੀ ਮੂਲ ਦੀ ਤਲਵਿੰਦਰ ਕੌਰ (ਟੈਲੀ) ਨੂੰ ਐਰਾਰਟ ਰੂਰਲ ਸਿਟੀ ਕੌਂਸਲ ਦੀ ਡਿਪਟੀ ਮੇਅਰ ਚੁਣਿਆ ਗਿਆ ਤੇ ਸੂਬੇ ਦੇ ਇਤਿਹਾਸ ਵਿੱਚ ਇਸ ਅਹੁਦੇ 'ਤੇ ਪਹੁੰਚਣ ਵਾਲੀ ਪਹਿਲੀ ਪੰਜਾਬਣ ਬਣ ਗਈ ਹੈ।

ਪਿਛਲੇ ਸਾਲ ਕੌਂਸਲਰ ਵਜੋਂ ਚੋਣ ਜਿੱਤਣ ਵਾਲੀ ਤਲਵਿੰਦਰ ਕੌਰ ਨੇ ਸਿਰਫ਼ ਇੱਕ ਸਾਲ ਦੇ ਅੰਦਰ ਆਪਣੀ ਸੇਵਾ ਅਤੇ ਸਮਰਪਣ ਦੀ ਬੁਨਿਆਦ ਤੇ ਇਹ ਉਪਲਬਧੀ ਹਾਸਲ ਕੀਤੀ। ਐਰਾਰਟ ਕੌਂਸਲ ਦੀ ਬੈਠਕ ਦੌਰਾਨ ਬੋਬ ਸੈਂਡਰਜ਼ ਨੂੰ ਮੇਅਰ ਅਤੇ ਤਲਵਿੰਦਰ ਕੌਰ ਨੂੰ ਸਰਬਸੰਮਤੀ ਨਾਲ ਡਿਪਟੀ ਮੇਅਰ ਚੁਣਿਆ ਗਿਆ। ਡਿਪਟੀ ਮੇਅਰ ਬਣਨ ਤੋਂ ਬਾਅਦ ਤਲਵਿੰਦਰ ਕੌਰ ਨੇ ਆਪਣੇ ਸਾਥੀ ਕੌਂਸਲਰਾਂ ਅਤੇ ਨਿਵਾਸੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਡਿਪਟੀ ਮੇਅਰ ਦੇ ਤੌਰ 'ਤੇ ਉਹ ਪੂਰੀ ਤਨਦੇਹੀ ਨਾਲ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹਿਣਗੇ ਅਤੇ ਐਰਾਰਟ ਦੇ ਵਿਕਾਸ ਲਈ ਮਜ਼ਬੂਤੀ ਨਾਲ ਕੰਮ ਕਰਣਗੇ। ਜ਼ਿਕਰਯੋਗ ਹੈ ਕਿ ਤਲਵਿੰਦਰ ਕੌਰ ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਪਿੰਡ ਕੋਕਰੀ ਕਲਾਂ ਦੀ ਜੰਮਪਲ ਹਨ। ਉਹ ਇੱਕ ਸਧਾਰਣ ਕਿਸਾਨ ਪਰਿਵਾਰ ਨਾਲ ਸਬੰਧਿਤ ਹਨ ਅਤੇ ਉਨ੍ਹਾਂ ਦਾ ਸਹੁਰਾ ਘਰ ਫਤਿਹਗੜ੍ਹ ਸਾਹਿਬ ਦੇ ਪਿੰਡ ਖਾਨਪੁਰ ਵਿੱਚ ਹੈ। 2008 ਵਿੱਚ ਉਹ ਆਪਣੇ ਪਤੀ ਕਰਮਵੀਰ ਸਿੰਘ ਨਾਲ ਆਸਟ੍ਰੇਲੀਆ ਆਏ ਸਨ ਅਤੇ ਬੈਲਾਰਟ ਦੀ ਫੈਡਰੇਸ਼ਨ ਯੂਨੀਵਰਸਿਟੀ ਵਿੱਚ ਪੜ੍ਹਾਈ ਪੂਰੀ ਕੀਤੀ। ਤੇ ਪੱਕੇ ਹੋਣ ਦੀ ਸ਼ਰਤਾਂ ਪੂਰੀਆਂ ਕਰਨ ਲਈ ਐਰਾਰਟ ਚਲੇ ਗਏ ਤੇ ਐਰਾਰਟ ਪਹੁੰਚਣ ਮਗਰੋਂ ਤਲਵਿੰਦਰ ਨੇ ਸ਼ੈਫ਼ ਵਜੋਂ ਨੌਕਰੀ ਸ਼ੁਰੂ ਕੀਤੀ।

ਲਗਭਗ 12 ਸਾਲ ਦੀ ਮਿਹਨਤ ਦੀ ਸਖ਼ਤ ਮਿਹਨਤ ਦੇ ਨਾਲ ਨਾਲ ਸਮਾਜਿਕ ਕੰਮਾਂ ਵਿੱਚ ਵੀ ਵਧੇਰੇ ਰੁਚੀ ਲੈਣ ਲੱਗੀ ਤੇ ਇਸ ਦੇ ਚਲਦਿਆਂ ਐਰਾਰਟ ਨੇਬਰਹੁੱਡ ਹਾਊਸ ਦੀ ਮੈਨੇਜਰ ਬਣੀ ਜਿੱਥੇ ਉਹ ਬੇਘਰ, ਬੇਰੁਜ਼ਗਾਰ ਅਤੇ ਲੋੜਵੰਦ ਲੋਕਾਂ ਦੀ ਮਦਦ ਕਰਨ ਲਈ ਸੇਵਾਵਾਂ ਮੁਹੱਈਆ ਕਰਵਾਉਂਦੇ ਸਨ। ਇਸ ਨੌਕਰੀ ਨੇ ਉਨਾਂ ਦੀ ਜ਼ਿੰਦਗੀ ਨੂੰ ਇੱਕ ਨਵਾਂ ਮੋੜ ਦਿੱਤਾ ਇਸ ਦੌਰਾਨ ਜਿੱਥੇ ਆਮ ਲੋਕਾਂ ਨਾਲ ਸਿੱਧਾ ਰਾਬਤਾ ਹੋਇਆ ਉੱਥੇ ਹੀ ਉਨ੍ਹਾਂ ਦੀਆਂ ਮੁਸ਼ਕਿਲਾਂ ਦੇ ਹੱਲ ਕਰਾਉਣ ਲਈ ਵੀ ਹਰ ਸੰਭਵ ਉਪਰਾਲੇ ਕਰਨੇ ਸ਼ੁਰੂ ਕੀਤੇ। ਤਲਵਿੰਦਰ ਨੇ ਦੱਸਿਆ ਕਿ ਜਿਸ ਸੰਸਥਾ ਨਾਲ ਉਨ੍ਹਾਂ ਨੇ ਕੰਮ ਕੀਤਾ ਉਹ ਸਮਾਜ ਵਿਚਲੇ ਬੇਘਰ, ਬੇਰੋਜ਼ਗਾਰ ਤੇ ਲੋੜਵੰਦ ਲੋਕਾਂ ਦੀ ਮਦਦ ਕਰਦੀ ਸੀ ਜਿਸ ਵਿੱਚ ਮੁਫਤ ਕਾਨੂੰਨੀ ਸਹਾਇਤਾ ਤਾਂ ਸ਼ਾਮਲ ਹੈ, ਉੱਥੇ ਹੀ ਰੋਜ਼ਮਰਾ ਦੀਆਂ ਜ਼ਰੂਰਤ ਦੀਆਂ ਚੀਜ਼ਾਂ ਨੂੰ ਮੁਹਈਆ ਕਰਵਾਇਆ ਜਾਂਦਾ ਹੈ ਜਿਸ ਕਾਰਨ ਆਮ ਲੋਕਾਂ ਨਾਲ ਰਾਬਤਾ ਹੋਣਾ ਸ਼ੁਰੂ ਹੋਇਆ ਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਹਲ ਕਰਾਉਣਾ ਚੰਗਾ ਲੱਗਣ ਲੱਗਿਆ ਕਿਉਂਕਿ ਉਹ ਆਪਣੀ ਨੌਕਰੀ ਰਾਂਹੀ ਇੱਕ ਕੌਂਸਲਰ ਤੋਂ ਵੱਧ ਕੰਮ ਕਰ ਰਹੀ ਸੀ ਤੇ ਉਸ ਦੀ ਅਗਵਾਈ ਵਿੱਚ ਹੀ ਉਨ੍ਹਾਂ ਦੀ ਸੰਸਥਾ ਨੂੰ 44 ਸਾਲ ਬਾਅਦ ਵਧੀਆ ਸੇਵਾਵਾਂ ਬਦਲੇ ਐਵਾਰਡ ਵੀ ਮਿਲਿਆ ਜਿਸ ਨੇ ਉਨ੍ਹਾਂ ਦੇ ਮਾਣ 'ਚ ਹੋਰ ਵਾਧਾ ਕੀਤਾ। ਇਸ ਦੌਰਾਨ ਅਰਾਰਟ ਕੌਂਸਲ ਦੀ ਡੈਲੀਗੇਸ਼ਨ ਨੇ ਤਲਵਿੰਦਰ ਨੂੰ ਕੌਂਸਲ ਚੋਣਾਂ ਲੜਨ ਲਈ ਪ੍ਰੇਰਿਆ।

ਤਲਵਿੰਦਰ ਕੌਰ ਨੇ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਕੀਤਾ। ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਹੱਲ ਲਈ ਯੋਜਨਾਵਾਂ ਪੇਸ਼ ਕੀਤੀਆਂ। ਜਨਤਾ ਦੇ ਪੂਰੇ ਸਹਿਯੋਗ ਨਾਲ ਉਹ ਕੌਂਸਲਰ ਚੁਣੀ ਗਈ। ਉਨ੍ਹਾਂ ਨੇ ਕਿਹਾ ਕਿ ਚੋਣਾਂ ਦੌਰਾਨ ਉਨ੍ਹਾਂ ਨੂੰ ਕਿਸੇ ਵੀ ਰਾਜਨੀਤਿਕ ਪਿਛੋਕੜ ਜਾਂ ਨਸਲੀ ਵਿਤਕਰੇ ਦਾ ਸਾਹਮਣਾ ਨਹੀਂ ਕਰਨਾ ਪਿਆ। ਕੌਂਸਲਰ ਬਨਣ ਦੇ ਇੱਕ ਸਾਲ ਬਾਅਦ ਹੀ ਉਹ ਡਿਪਟੀ ਮੇਅਰ ਦੇ ਅਹੁਦੇ ਲਈ ਚੁਣੇ ਗਏ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਡਿਪਟੀ ਮੇਅਰ ਦਾ ਅਹੁਦਾ ਸਿਰਫ਼ ਮਾਣ ਹੀ ਨਹੀ ਬਲਕਿ ਵੱਡੀ ਜ਼ਿੰਮੇਵਾਰੀ ਹੈ। ਜਿਸ ਲਈ ਉਹ ਪੂਰੀ ਮਿਹਨਤ ਕਰਣਗੇ।

## ਐਲਨ ਮਸਕ ਪਿਛਲੀਆਂ ਗੱਲਾਂ ਭੁੱਲ ਕੇ ਚੁੱਪ ਚੁਪੀਤੇ ਵਾਈਟ ਹਾਊਸ ਪਰਤੇ



ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਝਗੜੇ ਤੋਂ ਬਾਅਦ 6 ਮਹੀਨੇ ਪਹਿਲਾਂ ਵਾਈਟ ਹਾਊਸ ਛੱਡ ਕੇ ਗਏ ਐਲਨ ਮਸਕ ਵਾਪਿਸ ਪਰਤ ਆਏ ਹਨ। ਬੀਤੇ ਦਿਨ ਟੈਸਲਾ ਤੇ ਸਪੇਸ ਐਕਸ ਦੇ ਸੀ ਈ ਓ ਮਸਕ ਚੁੱਪ ਚੁਪੀਤੇ ਵਾਈਟ ਹਾਊਸ ਵਿੱਚ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੇ ਮਾਣ ਵਿੱਚ ਰੱਖੇ ਰਾਤ ਦੇ ਖਾਣੇ ਵਿੱਚ 140 ਦੇ ਕਰੀਬ ਹੋਰ ਮਹਿਮਾਨਾਂ ਨਾਲ ਸ਼ਾਮਿਲ ਹੋਏ ਹਾਲਾਂ ਕਿ ਜਦੋਂ ਉਨ੍ਹਾਂ ਨੇ ਵਾਈਟ ਹਾਊਸ ਛੱਡਿਆ ਸੀ ਤਾਂ ਉਸ ਸਮੇਂ ਕਾਫ਼ੀ ਗਰਮਾ ਗਰਮੀ ਹੋਈ ਸੀ। ਜਿਸ ਤੋਂ ਬਾਅਦ ਟਰੰਪ ਨੇ ਉਸ ਨਾਲ ਸਿੱਝ ਲੈਣ ਤੱਕ ਦੀ ਚਿਤਾਵਨੀ ਦਿੱਤੀ ਸੀ। ਟਰੰਪ ਸਰਕਾਰਦੇ ਸਰਕਾਰੀ ਕੁਸ਼ਲਤਾ ਵਿਭਾਗ ਦੇ ਮੁਖੀ ਵਜੋਂ (**ਬਾਕੀ ਸਫ਼ਾ 27 'ਤੇ**)

## ਬਰਤਾਨੀਆ ਸਰਕਾਰ ਵੱਲੋਂ ਸ਼ਰਨ ਨੀਤੀ 'ਚ ਤਬਦੀਲੀ ਕਰਨ ਦਾ ਐਲਾਨ




ਲੰਡਨ/ਏ.ਟੀ.ਨਿਊਜ਼ : ਬ੍ਰਿਟੇਨ ਨੇ ਕਿਹਾ ਕਿ ਉਹ ਸ਼ਰਨਾਰਥੀ ਦਾ ਦਰਜਾ ਅਸਥਾਈ ਕਰ ਦੇਵੇਗਾ ਤੇ ਗ਼ੈਰ-ਕਾਨੂੰਨੀ ਰੂਪ ਨਾਲ ਆਉਣ ਵਾਲਿਆਂ ਨੂੰ ਵਾਪਸ ਉਨ੍ਹਾਂ ਦੇ ਦੇਸ਼ ਭੇਜਣ 'ਚ ਤੇਜ਼ੀ ਲਿਆਵੇਗਾ। ਇਹ ਵੱਡੀ ਤਬਦੀਲੀ ਮੌਜੂਦਾ ਪ੍ਰਣਾਲੀ ਦੀ ਦੁਰਵਰਤੋਂ ਨਾਲ ਨਜਿੱਠਣ ਦੇ ਟੀਚੇ ਨਾਲ ਕੀਤੀ ਗਈ ਹੈ। ਗ਼ੌਰਤਲਬ ਹੈ ਕਿ ਭਾਰਤ ਸਮੇਤ ਵੱਖ-ਵੱਖ ਦੇਸ਼ਾਂ ਦੇ ਲੋਕ ਬ੍ਰਿਟੇਨ 'ਚ ਸਾਲਾਂ ਤੱਕ ਸ਼ਰਨਾਰਥੀ ਵਜੋਂ ਰਹਿੰਦੇ ਹਨ। ਲੇਬਰ ਪਾਰਟੀ ਦੀ ਸਰਕਾਰ ਨੇ ਅਜੋਕੇ ਸਮੇਂ ਦੀ ਸਭ ਤੋਂ ਵਿਆਪਕ ਸ਼ਰਨ ਨੀਤੀ 'ਚ ਤਬਦੀਲੀ ਦਾ ਐਲਾਨ ਕੀਤਾ ਹੈ। ਇਸ ਦੇ ਤਹਿਤ ਸ਼ਰਨਾਰਥੀਆਂ ਨੂੰ ਸਥਾਈ ਰੂਪ ਨਾਲ ਵਸਣ ਲਈ ਉਡੀਕ ਕਰਨ ਦੇ ਸਮੇਂ ਨੂੰ ਚਾਰ ਗੁਣਾ ਵਧਾ ਕੇ 20 ਸਾਲ ਕਰਨਾ ਸ਼ਾਮਲ ਹੈ।

ਬ੍ਰਿਟਿਸ਼ ਸਰਕਾਰ ਨੇ ਇਹ ਵੀ ਧਮਕੀ ਦਿੱਤੀ ਕਿ ਜੇ ਅੰਗੋਲਾ, ਨਾਮੀਬੀਆ ਤੇ ਕਾਂਗੋ ਜਮਹੂਰੀ ਗਣਰਾਜ ਨੇ ਗ਼ੈਰ ਕਾਨੂੰਨੀ ਪਰਵਾਸੀਆਂ ਤੇ ਅਪਰਾਧੀਆਂ ਦੀ ਵਾਪਸੀ ਸਵੀਕਾਰ ਨਹੀਂ ਕੀਤੀ ਤਾਂ ਉਨ੍ਹਾਂ 'ਤੇ ਵੀਜ਼ਾ ਪਾਬੰਦੀਆਂ ਲਾ ਦਿੱਤੀਆਂ ਜਾਣਗੀਆਂ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਯੂਰਪੀ ਮਨੁੱਖੀ ਅਧਿਕਾਰ ਕਨਵੈਨਸ਼ਨ (ਈਸੀਐੱਚਆਰ) ਦੀ ਬ੍ਰਿਟੇਨ ਦੀਆਂ ਅਦਾਲਤਾਂ ਵੱਲੋਂ ਵਿਆਖਿਆ ਕਰਨ ਦੇ ਤਰੀਕੇ 'ਚ ਤਬਦੀਲੀ ਦਾ ਪ੍ਰਸਤਾਵ ਪੇਸ਼ ਕੀਤਾ ਤਾਂ ਜੋ ਸਰਕਾਰ ਨੂੰ ਇਸ ਗੱਲ 'ਤੇ ਵੱਧ ਕੰਟਰੋਲ ਮਿਲ ਸਕੇ ਕਿ ਬ੍ਰਿਟੇਨ ਵਿੱਚ ਕੌਣ ਰਹਿ ਸਕਦਾ ਹੈ। ਪ੍ਰਸਤਾਵਾਂ ਦੇ ਤਹਿਤ ਸਰਕਾਰ ਪਰਿਵਾਰਕ ਜੀਵਨ ਦੇ ਅਧਿਕਾਰ ਨੂੰ ਕੰਟਰੋਲ ਕਰਨ ਵਾਲੇ ਈਸੀਐੱਚਆਰ ਦੇ ਆਰਟੀਕਲ ਅੱਠ ਦੀ ਵਿਆਖਿਆ ਨੂੰ ਬਦਲਣਾ ਚਾਹੁੰਦੀ ਹੈ। ਇਸ ਨਾਲ ਇਹ ਸਪੱਸ਼ਟ ਹੋ ਜਾਵੇਗਾ ਕਿ ਪਰਿਵਾਰਕ ਸਬੰਧ ਦਾ ਮਤਲਬ ਨੇੜਲੇ ਪਰਿਵਾਰ, ਜਿਵੇਂ ਮਾਤਾ-ਪਿਤਾ ਤੇ ਬੱਚੇ ਨਾਲ ਹੈ। ਇਸ ਨਾਲ ਲੋਕਾਂ ਨੂੰ 'ਬ੍ਰਿਟੇਨ ਵਿਚ ਰਹਿਣ ਲਈ ਸ਼ੱਕੀ ਸਬੰਧਾਂ ਦੀ ਵਰਤੋਂ' ਕਰਨ ਤੋਂ ਰੋਕਿਆ ਜਾ ਸਕੇਗਾ। ਇਸ 'ਚ ਇਹ ਵੀ ਕਿਹਾ ਗਿਆ ਹੈ ਕਿ ਬ੍ਰਿਟੇਨ ਸਮਾਨ ਵਿਚਾਰਧਾਰਾ ਵਾਲੇ ਦੇਸ਼ਾਂ ਦੇ ਨਾਲ ਮਿਲ ਕੇ ਆਰਟੀਕਲ ਤਿੰਨ ਦੇ ਅਮਲ ਦੀ ਸਮੀਖਿਆ ਕਰੇਗਾ ਜੋ ਜ਼ੁਲਮ 'ਤੇ ਪਾਬੰਦੀ ਲਾਉਂਦਾ ਹੈ। ਕਿਹਾ ਗਿਆ ਕਿ ਅਣਮਨੁੱਖੀ ਤੇ ਅਪਮਾਨਜਨਕ ਵਿਵਹਾਰ ਦੇ ਆਧਾਰ 'ਤੇ ਡਿਪੋਰਟੇਸ਼ਨ ਨੂੰ ਚੁਣੌਤੀ ਦੇਣਾ ਬਹੁਤ ਸੌਖਾ ਹੋ ਗਿਆ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਕਸ਼ਮੀਰ ਟਾਈਮਜ਼ ਨੂੰ ਚੁੱਪ ਕਰਾਉਣ ਲਈ ਸਰਕਾਰ ਦਾ ਨਵਾਂ ਹਥਿਆਰ: ਦੇਸ਼ ਧ੍ਰੋਹ ਦਾ ਠੱਪਾ !

## ਚਾਰ ਸਾਲ ਤੋਂ ਤਾਲਾ ਲੱਗਾ ਦਫ਼ਤਰ, ਫਿਰ ਵੀ ਹਥਿਆਰਾਂ ਦਾ ਭੰਡਾਰ ਮਿਲ ਗਿਆ-ਕੀ ਹੈ ਸੱਚ ?

## ਸੱਤਾ ਨੂੰ ਸ਼ੀਸ਼ਾ ਵਿਖਾਉਣ ਵਾਲੇ ਅਖ਼ਬਾਰ ’ਤੇ ਛਾਪਾ: ਪ੍ਰੈੱਸ ਦੀ ਆਜ਼ਾਦੀ ਦਾ ਕਤਲ !

ਜੰਮੂ ਕਸ਼ਮੀਰ ਦੀ ਸਟੇਟ ਇਨਵੈਸਟੀਗੇਸ਼ਨ ਏਜੰਸੀ ਨੇ ਬੀਤੇ ਦਿਨੀਂ ਜੰਮੂ ਦੇ ਰੈਜ਼ੀਡੈਂਸੀ ਰੋਡ ਸਥਿਤ ‘ਕਸ਼ਮੀਰ ਟਾਈਮਜ਼’ ਅਖ਼ਬਾਰ ਦੇ ਪੁਰਾਣੇ ਦਫ਼ਤਰ ’ਤੇ ਛਾਪਾ ਮਾਰਿਆ। ਇਹ ਦਫ਼ਤਰ ਚਾਰ ਸਾਲਾਂ ਤੋਂ ਬੰਦ ਪਿਆ ਸੀ ਤੇ ਉੱਥੇ ਕੋਈ ਸਟਾਫ਼ ਵੀ ਨਹੀਂ ਸੀ। ਫਿਰ ਵੀ ਪੁਲੀਸ ਨੇ ਦਾਅਵਾ ਕੀਤਾ ਸੀ ਕਿ ਉੱਥੋਂ ਉਹਨਾਂ ਨੂੰ ਏਕੇ-47 ਰਾਈਫਲ ਦੇ ਕਈ ਕਾਰਤੂਸ, 9ਐਮ ਐਮ ਪਿਸਤੌਲ ਦੀਆਂ ਗੋਲੀਆਂ, ਹੈਂਡ ਗ੍ਰਨੇਡ ਦੀਆਂ ਪਿੰਨਾਂ ਤੇ ਕੁਝ ਹੋਰ ਸ਼ੱਕੀ ਸਾਮਾਨ ਮਿਲਿਆ ਸੀ।




ਅਧਿਕਾਰੀਆਂ ਮੁਤਾਬਕ ਅਖ਼ਬਾਰ ਦੇ ਪ੍ਰਕਾਸ਼ਕਾਂ ਤੇ ਪ੍ਰਮੋਟਰਾਂ ਖ਼ਿਲਾਫ਼ ਪਹਿਲਾਂ ਹੀ ਯੂ.ਏ.ਪੀ.ਏ. ਤੇ ਆਰਮਜ਼ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਸੇ ਕੇਸ ਦੀ ਪੜਤਾਲ ਵਿੱਚ ਇਹ ਛਾਪੇਮਾਰੀ ਕੀਤੀ ਗਈ। ਜੰਮੂ ਕਸ਼ਮੀਰ ਦੀ ਸਟੇਟ ਇਨਵੈਸਟੀਗੇਸ਼ਨ ਏਜੰਸੀ ਦੇ ਇੱਕ ਅਧਿਕਾਰੀ ਨੇ ਦੱਸਿਆ, ਸਾਨੂੰ ਭਰੋਸੇਯੋਗ ਇਨਪੁਟ ਸੀ ਕਿ ਇਸ ਬੰਦ ਪਏ ਦਫ਼ਤਰ ਵਿੱਚ ਵੀ ਕੁਝ ਸਬੂਤ ਹੋ ਸਕਦੇ ਨੇ। ਜਿਸ ਤੋਂ ਬਾਅਦ ਟੀਮ ਨੇ ਤਲਾਸ਼ੀ ਲਈ ਤੇ ਇਹ ਸਾਮਾਨ ਬਰਾਮਦ ਹੋਇਆ।

ਇਸ ਵੇਲੇ ਅਖ਼ਬਾਰ ਦੇ ਦੋਵੇਂ ਮੁੱਖ ਸੰਪਾਦਕ - ਪ੍ਰਬੋਧ ਜਾਮਵਾਲ ਤੇ ਅਨੁਰਾਧਾ ਭਸੀਨ ਜਾਮਵਾਲ - ਵਿਦੇਸ਼ ਵਿੱਚ ਨੇ। ਦੋਵਾਂ ਨੇ ਸਾਂਝਾ ਬਿਆਨ ਜਾਰੀ ਕਰਕੇ ਛਾਪੇ ਦੀ ਸਖ਼ਤ ਨਿਖੇਧੀ ਕੀਤੀ ਸੀ। ਉਹਨਾਂ ਲਿਖਿਆ ਸੀ ਕਿ ਚਾਰ ਸਾਲ ਤੋਂ ਬੰਦ ਪਏ ਦਫ਼ਤਰ ’ਤੇ ਛਾਪਾ, ਬਿਨਾਂ ਕਿਸੇ ਅਧਿਕਾਰਤ ਨੋਟਿਸ ਤੇ ਬਿਨਾਂ ਕਿਸੇ ਅਧਿਕਾਰੀ ਦੀ ਮੌਜੂਦਗੀ ਵਿੱਚ ਕਥਿਤ ਤੌਰ ’ਤੇ ਹਥਿਆਰ ਬਰਾਮਦ ਕਰਨਾ - ਇਹ ਸਭ ਕੁਝ ਇੱਕ ਡਰਾਮਾ ਹੈ। ਸਾਨੂੰ ਡਰਾਉਣ, ਬਦਨਾਮ ਕਰਨ ਤੇ ਆਖਿਰ ਚੁੱਪ ਕਰਾਉਣ ਦੀ ਯੋਜਨਾਬੱਧ ਕੋਸ਼ਿਸ਼ ਹੈ। ਪਰ ਅਸੀਂ ਚੁੱਪ ਨਹੀਂ ਰਹਾਂਗੇ। ਉਹਨਾਂ ਕਿਹਾ ਕਿ ਸਰਕਾਰ ਦੀ ਆਲੋਚਨਾ ਕਰਨਾ ਦੇਸ਼ ਵਿਰੋਧ ਨਹੀਂ ਹੁੰਦਾ। ਸੱਤਾ ਨੂੰ ਸਵਾਲ ਕਰਨਾ ਦੇਸ਼ ਧ੍ਰੋਹ ਨਹੀਂ ਹੁੰਦਾ। ਇਹ ਤਾਂ ਲੋਕਤੰਤਰ ਦੀ ਸਿਹਤ ਲਈ ਜ਼ਰੂਰੀ ਹੈ। ਜਦੋਂ ਸਾਰੇ ਚੁੱਪ ਹੋ ਰਹੇ ਨੇ, ਅਸੀਂ ਉਨ੍ਹਾਂ ਗਿਣੇ-ਚੁਣੇ ਅਖ਼ਬਾਰਾਂ ਵਿੱਚੋਂ ਇੱਕ ਹਾਂ ਜੋ ਅਜੇ ਵੀ ਸੱਚ ਬੋਲਣ ਤੋਂ ਡਰਦੇ ਨਹੀਂ। ਨੈਸ਼ਨਲ ਕਾਨਫਰੰਸ ਦੇ ਸੀਨੀਅਰ ਆਗੂ ਤੇ ਜੰਮੂ ਕਸ਼ਮੀਰ ਦੇ ਉਪ ਮੁੱਖ ਮੰਤਰੀ ਸੁਰਿੰਦਰ ਚੌਧਰੀ ਨੇ ਕਿਹਾ, ਕਾਰਵਾਈ ਤਦ ਹੀ ਹੋਣੀ ਚਾਹੀਦੀ ਹੈ ਜਦੋਂ ਗਲਤੀ ਸਾਬਤ ਹੋ ਜਾਵੇ, ਨਾ ਕਿ ਕਿਸੇ ਨੂੰ ਡਰਾਉਣ ਲਈ। ਮੀਡੀਆ ਨੂੰ ਡਰਾਉਣਾ ਲੋਕਤੰਤਰ ਲਈ ਖ਼ਤਰਨਾਕ ਹੈ।

ਪੀਪਲਜ਼ ਡੈਮੋਕਰੈਟਿਕ ਪਾਰਟੀ ਦੀ ਆਗੂ ਇਲਤਿਜਾ ਮੁਫ਼ਤੀ ਨੇ ਕਿਹਾ ਕਿ ਕਸ਼ਮੀਰ ਟਾਈਮਜ਼ ਉਹ ਗਿਣਿਆਂ-ਚੁਣਿਆਂ ਅਖ਼ਬਾਰਾਂ ਵਿੱਚੋਂ ਇੱਕ ਸੀ ਜਿਸ ਨੇ ਸੱਤਾ ਨੂੰ ਸ਼ੀਸ਼ਾ ਵਿਖਾਇਆ ਤੇ ਦਬਾਅ ਵਿੱਚ ਨਹੀਂ ਝੁੱਕਿਆ। ਦੇਸ਼ ਵਿਰੋਧੀ ਗਤੀਵਿਧੀਆਂ ਦੇ ਨਾਂ ’ਤੇ ਬੰਦ ਦਫ਼ਤਰ ਵਿਚੋਂ ਹਥਿਆਰ ‘ਲੱਭਣਾ’ ਸਿਰੇ ਦੀ ਗੈਰ ਜਮਹੂਰੀ ਕਾਰਵਾਈ ਹੈ। ਕਸ਼ਮੀਰ ਵਿੱਚ ਸੱਚ ਦੀ ਹਰ ਖਿੜਕੀ ਨੂੰ ‘ਦੇਸ਼ਵਿਰੋਧੀ’ ਦਾ ਠੱਪਾ ਲਗਾ ਕੇ ਬੰਦ ਕੀਤਾ ਜਾ ਰਿਹਾ ਹੈ। ਕੀ ਅਸੀਂ ਸਭ ਦੇਸ਼ਧ੍ਰੋਹੀ ਹਾਂ ? ਇਥੇ ਜ਼ਿਕਰਯੋਗ ਹੈ ਕਿ 1954 ਵਿੱਚ ਮਸ਼ਹੂਰ ਪੱਤਰਕਾਰ ਮਰਹੂਮ ਵੇਦ ਭਸੀਨ ਨੇ ‘ਕਸ਼ਮੀਰ ਟਾਈਮਜ਼’ ਸ਼ੁਰੂ ਕੀਤਾ ਸੀ। ਵੇਦ ਭਸੀਨ ਜੰਮੂ ਪ੍ਰੈੱਸ ਕਲੱਬ ਦੇ ਪ੍ਰਧਾਨ ਵੀ ਰਹੇ। ਉਹਨਾਂ ਦੇ ਸਮੇਂ ਤੋਂ ਹੀ ਇੱਕ ਧੜੇ ਵੱਲੋਂ ਅਖ਼ਬਾਰ ’ਤੇ ਅਲੱਗਾਵਵਾਦੀ ਵਿਚਾਰਧਾਰਾ ਨੂੰ ਸਮਰਥਨ ਦੇਣ ਦੇ ਦੋਸ਼ ਲਗਦੇ ਰਹੇ ਨੇ। ਖ਼ਾਸ ਕਰਕੇ 90 ਦੇ ਦਹਾਕੇ ਵਿੱਚ ਜਦੋਂ ਕਸ਼ਮੀਰ ਵਿੱਚ ਹਥਿਆਰਬੰਦ ਸੰਘਰਸ਼ ਚੱਲ ਰਿਹਾ ਸੀ, ਅਖ਼ਬਾਰ ਨੇ ਕਈ ਵਾਰ ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ’ਤੇ ਸਵਾਲ ਉਠਾਏ ਸਨ ਤੇ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਨੂੰ ਉਜਾਗਰ ਕੀਤਾ ਸੀ।

ਵੇਦ ਭਸੀਨ ਦੇ ਦੇਹਾਂਤ ਤੋਂ ਬਾਅਦ ਉਹਨਾਂ ਦੀ ਧੀ ਅਨੁਰਾਧਾ ਭਸੀਨ ਜਾਮਵਾਲ ਤੇ ਜਵਾਈ ਪ੍ਰਬੋਧ ਜਾਮਵਾਲ ਨੇ ਅਖ਼ਬਾਰ ਸੰਭਾਲਿਆ ਸੀ। 2019 ਵਿੱਚ ਧਾਰਾ 370 ਹਟਾਉਣ ਤੋਂ ਬਾਅਦ ਅਖ਼ਬਾਰ ਨੇ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਸਖ਼ਤ ਆਲੋਚਨਾ ਕੀਤੀ। 2021-22 ਵਿੱਚ ਜੰਮੂ ਤੇ ਸ੍ਰੀਨਗਰ ਤੋਂ ਛਪਣ ਵਾਲਾ ਪ੍ਰਿੰਟ ਐਡੀਸ਼ਨ ਬੰਦ ਹੋ ਗਿਆ। ਹੁਣ ਸਿਰਫ਼ ਆਨਲਾਈਨ ਐਡੀਸ਼ਨ ਚੱਲ ਰਿਹਾ ਹੈ।ਇਹ ਪਹਿਲੀ ਵਾਰ ਨਹੀਂ ਜਦੋਂ ਜੰਮੂ ਕਸ਼ਮੀਰ ਵਿੱਚ ਮੀਡੀਆ ’ਤੇ ਸਰਕਾਰੀ ਕਾਰਵਾਈ ਹੋਈ ਹੋਵੇ। 2019 ਤੋਂ ਬਾਅਦ ਕਈ ਪੱਤਰਕਾਰਾਂ ਨੂੰ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰ ਕੀਤਾ ਗਿਆ, ਕਈ ਅਖ਼ਬਾਰਾਂ ਦੀ ਸਰਕਾਰੀ ਇਸ਼ਤਿਹਾਰਬਾਜ਼ੀ ਰੋਕੀ ਗਈ, ਕਈ ਦਫ਼ਤਰਾਂ ’ਤੇ ਛਾਪੇ ਪਏ। ‘ਕਸ਼ਮੀਰ ਟਾਈਮਜ਼’ ਵਰਗੇ ਅਖ਼ਬਾਰਾਂ ਨੂੰ ਲੰਮੇ ਸਮੇਂ ਤੋਂ ਨਿਸ਼ਾਨੇ ’ਤੇ ਰੱਖਿਆ ਜਾ ਰਿਹਾ ਹੈ ,ਕਿਉਂਕਿ ਉਹ ਸੱਤਾ ਪੱਖੀ ਰਿਪੋਰਟਿੰਗ ਨਹੀਂ ਕਰਦੇ।

ਦੂਜੇ ਪਾਸੇ ਸਰਕਾਰ ਤੇ ਸੁਰੱਖਿਆ ਏਜੰਸੀਆਂ ਦਾ ਕਹਿਣਾ ਹੈ ਕਿ ਕਾਨੂੰਨ ਸਭ ਲਈ ਬਰਾਬਰ ਹੈ। ਜੇ ਕਿਸੇ ਕੋਲੋਂ ਹਥਿਆਰ ਬਰਾਮਦ ਹੁੰਦੇ ਨੇ ਤਾਂ ਕਾਰਵਾਈ ਹੋਣੀ ਜ਼ਰੂਰੀ ਹੈ, ਭਾਵੇਂ ਉਹ ਪੱਤਰਕਾਰ ਹੀ ਕਿਉਂ ਨਾ ਹੋਵੇ। ਪਰ ਸਵਾਲ ਇਹ ਉੱਠਦਾ ਹੈ ਕਿ ਚਾਰ ਸਾਲ ਤੋਂ ਬੰਦ ਪਏ ਦਫ਼ਤਰ ਵਿੱਚ ਅਚਾਨਕ ਹਥਿਆਰ ਕਿਵੇਂ ਆ ਗਏ ?

ਅੱਜ ਦੇ ਦਿਨ ਜੰਮੂ ਕਸ਼ਮੀਰ ਵਿੱਚ ‘ਕਸ਼ਮੀਰ ਟਾਈਮਜ਼’ ਵਰਗੇ ਅਖ਼ਬਾਰ ਬਹੁਤ ਘੱਟ ਬਚੇ ਨੇ ਜੋ ਬਿਨਾਂ ਡਰੇ ਸੱਚ ਲਿਖ ਸਕਦੇ ਨੇ। ਜੇ ਇਹ ਵੀ ਚੁੱਪ ਹੋ ਗਏ ਤਾਂ ਫਿਰ ਕੌਣ ਬੋਲੇਗਾ ? ਮਨੁੱਖੀ ਅਧਿਕਾਰ ਕਾਰਕੁੰਨਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਜੇ ਸੱਚਮੁੱਚ ਕੋਈ ਸਬੂਤ ਨੇ ਤਾਂ ਖੁੱਲ੍ਹੀ ਦਲੀਲ ਨਾਲ ਸਾਹਮਣੇ ਲਿਆਉਣ, ਨਾ ਕਿ ਬੰਦ ਦਫ਼ਤਰਾਂ ਵਿੱਚ ਹਥਿਆਰ ‘ਲੱਭ ਕੇ’ ਪੱਤਰਕਾਰਾਂ ਨੂੰ ਦੇਸ਼ਧ੍ਰੋਹੀ ਠਹਿਰਾਉਣ।

# ਜ਼ੋਨਲ ਕੌਂਸਲ ’ਚ ਭਗਵੰਤ ਸਿੰਘ ਮਾਨ ਪੰਜਾਬ ਦੀ ਕੋਈ ਮੰਗ ਕਿਉਂ ਨਹੀਂ ਮਨਵਾ ਸਕੇ ?

## ਪੰਜਾਬ ਦੇ ਮੁੱਦੇ ਮੁਲਤਵੀ ਕਰਵਾਉਣਾ ਕੀ ਮਾਨ ਦੀ ਜਿੱਤ ਹੈ ?

## ਚੰਡੀਗੜ੍ਹ, ਪਾਣੀ, ਬਿਜਲੀ-ਸਭ ਕੁਝ ਵੀ ਨਾ ਮਿਲਿਆ, ਬੱਸ ਮਾਨ ਨੂੰ ਮਿਲਿਆ ਫੋਟੋ ਸੈਸ਼ਨ: ਖਹਿਰਾ

ਬੀਤੇ ਦਿਨੀਂ ਜੰਮੂ ਵਿਖੇ ਹੋਈ ਉੱਤਰੀ ਜ਼ੋਨਲ ਕੌਂਸਲ ਦੀ 32ਵੀਂ ਮੀਟਿੰਗ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਜੰਮੂ-ਕਸ਼ਮੀਰ, ਦਿੱਲੀ ਤੇ ਲੱਦਾਖ ਦੇ ਮੁੱਖ ਮੰਤਰੀ/ਲੈਫਟੀਨੈਂਟ ਗਵਰਨਰ ਤੇ ਉੱਚ ਅਧਿਕਾਰੀ ਸ਼ਾਮਲ ਹੋਏ ਸਨ। ਮੀਟਿੰਗ ਦੀ ਪ੍ਰਧਾਨਗੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੀਤੀ ਸੀ। ਏਜੰਡੇ ਵਿੱਚ 28 ਮੁੱਦੇ ਸਨ, ਜਿਨ੍ਹਾਂ ਵਿੱਚੋਂ 11 ਸਿੱਧੇ ਤੌਰ ’ਤੇ ਪੰਜਾਬ ਨਾਲ ਜੁੜੇ ਹੋਏ ਸਨ। ਪਰ ਮੀਟਿੰਗ ਖ਼ਤਮ ਹੋਣ ਤੋਂ ਬਾਅਦ ਜੋ ਤਸਵੀਰ ਸਾਹਮਣੇ ਆਈ ਉਹ ਬੜੀ ਹੈਰਾਨ ਕਰਨ ਵਾਲੀ ਸੀ - ਪੰਜਾਬ ਨਾਲ ਸਬੰਧਿਤ ਸਾਰੇ 11ਮੁੱਦੇ ਅਗਲੀ ਮੀਟਿੰਗ ਤੱਕ ਮੁਲਤਵੀ ਕਰ ਦਿੱਤੇ ਗਏ ਸਨ। ਕੋਈ ਸਿਫ਼ਾਰਸ਼ ਨਹੀਂ, ਕੋਈ ਸਹਿਮਤੀ ਨਹੀਂ, ਕੋਈ ਸਮਾਂ-ਸੀਮਾ ਨਹੀਂ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੀਟਿੰਗ ਤੋਂ ਬਾਅਦ ਦਿੱਲੀ ਵਿੱਚ ਪ੍ਰੈੱਸ ਕਾਨਫ਼ਰੰਸ ਕਰਕੇ ਦਾਅਵਾ ਕੀਤਾ ਕਿ ਹਰਿਆਣਾ, ਰਾਜਸਥਾਨ ਤੇ ਹਿਮਾਚਲ ਵਰਗੇ ਰਾਜ ਪੰਜਾਬ ਦੇ ਹੱਕ ਖੋਹਣ ਲਈ ਤੁਲੇ ਹੋਏ ਸਨ, ਮੈਂ ਉਨ੍ਹਾਂ ਦਾ ਜ਼ੋਰਦਾਰ ਵਿਰੋਧ ਕੀਤਾ। ਗਿਆਰਾਂ ਮੁੱਦੇ ਪਹਿਲੀ ਵਾਰ ਮੁਲਤਵੀ ਕਰਵਾ ਕੇ ਮੈਂ ਪੰਜਾਬ ਦੇ ਹੱਕ ਬਚਾਏ ਹਨ। ਮਾਨ ਨੇ ਇਹ ਵੀ ਕਿਹਾ ਕਿ ਉਹਨਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸਪੱਸ਼ਟ ਕਿਹਾ ਕਿ ਕਿਸੇ ਵੀ ਰਾਜ ਨੂੰ ਪੰਜਾਬ ਦੇ ਹੱਕ ਖੋਹਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਪਰ ਵਿਰੋਧੀ ਪਾਰਟੀਆਂ ਸਵਾਲ ਉੱਠ ਰਹੀਆਂ ਹਨ ਕਿ ਕੀ ਮੁੱਦੇ ਮੁਲਤਵੀ ਕਰਵਾ ਲੈਣਾ ਕੋਈ ਜਿੱਤ ਹੈ ? ਜਾਂ ਇਹ ਪੰਜਾਬੀਆਂ ਨੂੰ ਗੁੰਮਰਾਹ ਕਰਨ ਦਾ ਤਰੀਕਾ ਹੈ ?




ਜ਼ੋਨਲ ਕੌਂਸਲ ਦੀ ਅਸਲ ਹਕੀਕਤ 1956 ਦੇ ਸਟੇਟਸ ਰੀਆਰਗੇਨਾਈਜ਼ੇਸ਼ਨ ਐਕਟ ਦੀ ਧਾਰਾ 15 ਤੋਂ 22 ਅਧੀਨ ਬਣੀਆਂ ਪੰਜ ਜ਼ੋਨਲ ਕੌਂਸਲਾਂ (ਉੱਤਰੀ, ਦੱਖਣੀ, ਪੂਰਬੀ, ਪੱਛਮੀ ਤੇ ਉੱਤਰ-ਪੂਰਬੀ) ਸਿਰਫ਼ ਸਲਾਹਕਾਰ ਸੰਸਥਾਵਾਂ ਹਨ। ਧਾਰਾ 21(1) ਵਿੱਚ ਸਾਫ਼ ਲਿਖਿਆ ਹੈ ਕਿ ਇਹ ਸੰਸਥਾਵਾਂ ਸਲਾਹਕਾਰ ਕਮੇਟੀ ਹੈ। ਧਾਰਾ 21(2) ਮੁਤਾਬਕ ਇਨ੍ਹਾਂ ਕੋਲ ਸਿਰਫ਼ ਚਰਚਾ ਕਰਨ ਤੇ ਸਿਫ਼ਾਰਸ਼ਾਂ ਕਰਨ ਦਾ ਹੱਕ ਹੈ, ਫ਼ੈਸਲਾ ਲੈਣ ਜਾਂ ਲਾਗੂ ਕਰਨ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ।ਭਾਵ, ਤੁਸੀਂ ਇੱਥੇ ਜਿੰਨਾ ਮਰਜ਼ੀ ਰੌਲਾ ਪਾਓ, ਰੋਵੋ, - ਉਸ ਦਾ ਕੋਈ ਕਾਨੂੰਨੀ ਅਸਰ ਨਹੀਂ। ਜੇ ਸਾਰੇ ਰਾਜ ਆਪਸ ਵਿੱਚ ਸਹਿਮਤ ਹੋ ਜਾਣ ਤਾਂ ਗੱਲ ਵੱਖਰੀ ਐ, ਪਰ ਜਦੋਂ ਵਿਰੋਧੀ ਧਿਰਾਂ ਹੋਣ ਤਾਂ ਇੱਥੇ ਕੋਈ ਫ਼ੈਸਲਾ ਹੋਇਆ ਵੀ ਤਾਂ ਉਹ ਸਿਰਫ਼ ਸਿਫ਼ਾਰਸ਼ ਹੀ ਰਹਿੰਦੀ ਹੈ, ਜਿਸ ਨੂੰ ਮੰਨਣਾ ਜਾਂ ਨਾ ਮੰਨਣਾ ਰਾਜ ਸਰਕਾਰ ਦੀ ਮਰਜ਼ੀ ਹੁੰਦੀ ਐ।ਇਸੇ ਲਈ ਪੰਜਾਬ ਦੇ ਸਾਰੇ 11ਮੁੱਦੇ - ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, ਬੀ.ਬੀ.ਐੱਮ.ਬੀ. ਵਿੱਚ ਰਾਜਸਥਾਨ-ਹਿਮਾਚਲ ਨੂੰ ਸ਼ਾਮਲ ਨਾ ਕਰਨਾ, ਸਤਲੁਜ-ਯਮੁਨਾ ਲਿੰਕ ਨਹਿਰ, ਪੌਂਗ ਡੈਮ ਦੀ ਡੀ-ਸਿਲਟਿੰਗ ਦਾ ਖਰਚਾ ਸਾਂਝਾ ਕਰਨਾ, ਚਨਾਬ ਦਾ ਪਾਣੀ (ਜਿਸ ’ਤੇ ਹੁਣ ਇੰਡਸ ਟ੍ਰੀਟੀ ਖ਼ਤਮ ਹੋਣ ਕਾਰਨ ਪੰਜਾਬ ਦਾ ਪੂਰਾ ਹੱਕ ਬਣਦਾ ਹੈ), ਪਰਾਲੀ ਤੇ ਪ੍ਰਦੂਸ਼ਣ ਲਈ ਸਿਰਫ਼ ਪੰਜਾਬ ਨੂੰ ਜ਼ਿੰਮੇਵਾਰ ਠਹਿਰਾਉਣਾ - ਸਾਰੇ ਮੁਲਤਵੀ ਹੋਏ। ਕਿਉਂਕਿ ਕੋਈ ਵੀ ਰਾਜ ਸਹਿਮਤ ਨਹੀਂ ਸੀ।ਮੁੱਖ ਮੰਤਰੀ ਮਾਨ ਦਾ ਦਾਅਵਾ ਹੈ ਕਿ ਪਹਿਲੀ ਵਾਰ 11 ਮੁੱਦੇ ਮੁਲਤਵੀ ਕਰਵਾਏ । ਪਰ ਪਿਛਲੇ 30-35 ਸਾਲਾਂ ਤੋਂ ਇਹੀ ਹੁੰਦਾ ਆ ਰਿਹਾ ਹੈ - ਪੰਜਾਬ ਵਾਲੇ ਰੌਲਾ ਪਾਉਂਦੇ ਨੇ, ਬਾਕੀ ਰਾਜ ਵਿਰੋਧ ਕਰਦੇ ਨੇ, ਮੁੱਦੇ ਮੁਲਤਵੀ ਹੋ ਜਾਂਦੇ ਨੇ। ਕੈਪਟਨ ਅਮਰਿੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ, ਬੇਅੰਤ ਸਿੰਘ - ਹਰ ਮੁੱਖ ਮੰਤਰੀ ਨੇ ਇਸੇ ਤਰ੍ਹਾਂ ਦਾਅਵੇ ਕੀਤੇ ਕਿ ਮੈਂ ਜ਼ੋਰਦਾਰ ਵਿਰੋਧ ਕੀਤਾ । ਪਰ ਨਤੀਜਾ ? ਜ਼ੀਰੋ। ਸਤਲੁਜ-ਯਮੁਨਾ ਲਿੰਕ ਮਸਲੇ ’ਤੇ ਸੁਪਰੀਮ ਕੋਰਟ ਨੇ 2004 ਤੇ 2016 ਵਿੱਚ ਪੰਜਾਬ ਖਿਲਾਫ਼ ਫ਼ੈਸਲਾ ਦਿੱਤਾ, ਪਰ ਪੰਜਾਬ ਨੇ ਨਹਿਰ ਦੀ ਜ਼ਮੀਨ ਵਾਪਸ ਲੈ ਕੇ ਐਕਟ ਪਾਸ ਕੀਤਾ ਤੇ ਅਦਾਲਤ ਨੇ ਉਸ ਨੂੰ ਵੀ ਅਸੰਵਿਧਾਨਕ ਕਹਿ ਕੇ ਰੱਦ ਕਰ ਦਿੱਤਾ।

(ਬਾਕੀ ਸਫ਼ਾ 27 ’ਤੇ)

# ਦਿੱਲੀ ਲਾਲ ਕਿਲ੍ਹੇ ਵਿਖੇ ਧਮਾਕੇ ਤੋਂ ਬਾਅਦ ਕਸ਼ਮੀਰੀ ਵਿਦਿਆਰਥੀ ਫਿਰਕੂਵਾਦ ਦੇ ਸ਼ਿਕਾਰ

## ਡਰ ਦੇ ਪਰਛਾਵੇਂ ਹੇਠ ਜੀ ਰਹੇ ਨੇ ਕਸ਼ਮੀਰੀ ਵਿਦਿਆਰਥੀ

10 ਨਵੰਬਰ ਦੀ ਰਾਤ ਲਾਲ ਕਿਲ੍ਹੇ ਦੇ ਨੇੜੇ ਹੋਏ ਛੋਟੇ ਜਿਹੇ ਧਮਾਕੇ ਨੇ ਨਾ ਸਿਰਫ਼ ਰਾਜਧਾਨੀ ਦੀ ਸੁਰੱਖਿਆ ਏਜੰਸੀਆਂ ਨੂੰ ਹਿਲਾ ਕੇ ਰੱਖ ਦਿੱਤਾ ਸੀ, ਸਗੋਂ ਦੇਸ਼ ਭਰ ਵਿੱਚ ਪੜ੍ਹ ਰਹੇ ਹਜ਼ਾਰਾਂ ਕਸ਼ਮੀਰੀ ਵਿਦਿਆਰਥੀਆਂ ਦੇ ਜੀਵਨ ਨੂੰ ਵੀ ਨਰਕ ਬਣਾ ਦਿੱਤਾ ਹੈ। ਸਧਾਰਨ ਕਸ਼ਮੀਰੀ ਵਿਦਿਆਰਥੀਆਂ ਨੂੰ ਰੋਜ਼ਾਨਾ ਜੀਵਨ ਵਿੱਚ ਅਪਮਾਨ, ਡਰ ,ਫਿਰਕੂਵਾਦ ਅਤੇ ਬਾਈਕਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਵਿਦਿਆਰਥੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਕਾਨਾਂ ’ਤੇ ਚੀਜ਼ਾਂ ਨਹੀਂ ਵੇਚੀਆਂ ਜਾ ਰਹੀਆਂ, ਹਮਜਮਾਤੀ ਆਤੰਕਵਾਦੀ ਪਰਿਵਾਰ ਵਰਗੇ ਤੰਜ ਕੱਸ ਰਹੇ ਨੇ ਤੇ ਕਈ ਵਿਦਿਆਰਥੀ ਤਾਂ ਘਰੋਂ ਬਾਹਰ ਨਿਕਲਣ ਤੋਂ ਵੀ ਡਰ ਰਹੇ ਨੇ।

ਦਿੱਲੀ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਇਬਰਾਹੀਮ (ਨਾਂ ਬਦਲਿਆ ਗਿਆ) ਨੇ ਦੱਸਿਆ, ਧਮਾਕੇ ਵਾਲੇ ਦਿਨ ਜਦੋਂ ਮੈਂ ਕਲਾਸ ਵਿੱਚ ਗਿਆ ਤਾਂ ਕਿਸੇ ਨੇ ਚੀਕ ਕੇ ਕਿਹਾ - ‘ਆਪਣੇ ਮਾਂ-ਪਿਓ ਨੂੰ ਕਹੋ ਆਤੰਕਵਾਦੀ ਗਤੀਵਿਧੀਆਂ ਬੰਦ ਕਰਨ’। ਮੈਂ ਤਾਂ ਇਸ ਘਟਨਾ ਦੀ ਨਿਖੇਧੀ ਕਰਦਾ ਹਾਂ, ਪਰ ਮੇਰੇ ਨਾਲ ਅਜਿਹਾ ਕਿਉਂ ਕੀਤਾ ਜਾ ਰਿਹਾ ਹੈ ? ਮੈਂ ਤਾਂ ਪੜ੍ਹਨ ਆਇਆ ਹਾਂ।

ਉਹ ਅੱਗੇ ਦੱਸਦਾ ਹੈ ਕਿ ਇਸ ਹਫ਼ਤੇ ਰਾਤ ਦਾ ਖਾਣਾ ਲੈਣ ਗਿਆ ਤਾਂ ਦੁਕਾਨਦਾਰ ਨੇ ਪੁੱਛਿਆ - ਕਿੱਥੋਂ ਦਾ ਹੈਂ ? ਮੈਂ ਡਰ ਕੇ ਕਿਹਾ ਪੰਜਾਬ । ਮੈਨੂੰ ਆਪਣੀ ਅਸਲ ਪਛਾਣ ਲੁਕਾਉਣੀ ਪੈ ਰਹੀ ਹੈ। ਅਨੰਤਨਾਗ ਦੀ 20 ਸਾਲਾ ਮੁਨੱਜ਼ਾ, ਜੋ ਹਿਜਾਬ ਪਾਉਂਦੀ ਹੈ, ਨੇ ਦੱਸਿਆ, ਕਿ ਉੱਤਰੀ ਕੈਂਪਸ ਦੇ ਇੱਕ ਸਟੋਰ ’ਤੇ ਦੁੱਧ ਲੈਣ ਗਈ ਤਾਂ ਵੈਂਡਰ ਟੀਵੀ ’ਤੇ ਲਾਲ ਕਿਲ੍ਹੇ ਵਾਲੀ ਖ਼ਬਰ ਵੇਖ ਰਿਹਾ ਸੀ। ਮੇਰੇ ਮੂੰਹ ਵੱਲ ਵੇਖ ਕੇ ਬੋਲਿਆ, ‘ਮੁਸਲਮਾਨਾਂ ਨੂੰ ਸਾਮਾਨ ਨਹੀਂ ਵੇਚਦਾ।’ ਮੈਂ ਚੁੱਪ ਕਰਕੇ ਵਾਪਸ ਆ ਗਈ। ਕਾਲਜ ਵਿੱਚ ਜਮਾਤੀਆਂ ਮਜ਼ਾਕ ਵਿੱਚ ਕਹਿੰਦੇ ਨੇ, ‘ਤੇਰੇ ਬੈਗ ਵਿੱਚ ਪੱਥਰ ਨੇ ਜਾਂ ਏਕੇ-47 ?’ ਮਜ਼ਾਕ ਸੁਣ ਕੇ ਹੱਸਣਾ ਪੈਂਦਾ ਹੈ, ਪਰ ਦਿਲ ਵਿੱਚ ਤੀਰ ਵਾਂਗ ਚੁਭਦਾ ਹੈ। ਫਰੀਦਾਬਾਦ ਪੁਲਿਸ ਨੇ ਲਗਭਗ 2,000 ਕਸ਼ਮੀਰੀ ਵਿਦਿਆਰਥੀਆਂ ਅਤੇ ਕਿਰਾਏਦਾਰਾਂ ਤੋਂ ਪੁੱਛਗਿੱਛ ਕੀਤੀ। ਇਸ ਤੋਂ ਬਾਅਦ ਵਿਦਿਆਰਥੀਆਂ ਵਿੱਚ ਡਰ ਦਾ ਮਾਹੌਲ ਹੈ। ਕਈ ਵਿਦਿਆਰਥੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਸਾਥੀ ਹੁਣ ਤੰਜ ਕਸਦੇ ਨੇ ਕਿ ਤੇਰੇ ਘਰ ਵਿੱਚ ਵੀ ਤਾਂ ਅੱਤਵਾਦੀ ਹੋਣਗੇ। ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਸਾਰੇ ਮੁੱਖ ਮੰਤਰੀਆਂ ਨੂੰ ਅਪੀਲ ਕੀਤੀ ਹੈ ਕਿ ਦੇਸ਼ ਭਰ ਵਿੱਚ ਪੜ੍ਹ ਰਹੇ ਅਤੇ ਕੰਮ ਕਰ ਰਹੇ ਕਸ਼ਮੀਰੀਆਂ ਨਾਲ ਕੋਈ ਵਿਤਕਰਾ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਪਰਾਧੀ ਬਹੁਤ ਘੱਟ ਗਿਣਤੀ ਵਿੱਚ ਹਨ, ਉਹ ਪੂਰੇ ਜੰਮੂ-ਕਸ਼ਮੀਰ ਦੀ ਨੁਮਾਇੰਦਗੀ ਨਹੀਂ ਕਰਦੇ। ਜੰਮੂ ਐਂਡ ਕਸ਼ਮੀਰ ਸਟੂਡੈਂਟਸ ਐਸੋਸੀਏਸ਼ਨ (ਜੇ.ਕੇ.ਐਸ.ਏ.) ਨੇ ਲਾਲ ਕਿਲ੍ਹੇ ਦੇ ਧਮਾਕੇ ਦੀ ਸਖ਼ਤ ਨਿਖੇਧੀ ਕੀਤੀ ਹੈ ਪਰ ਨਾਲ ਹੀ ਕਿਹਾ ਹੈ ਕਿ ਇਸ ਘਟਨਾ ਨੇ ਸੂਬੇ ਤੋਂ ਬਾਹਰ ਪੜ੍ਹ ਰਹੇ ਹਜ਼ਾਰਾਂ ਵਿਦਿਆਰਥੀਆਂ ਨੂੰ ਗੰਭੀਰ ਸੰਕਟ ਵਿੱਚ ਧੱਕ ਦਿੱਤਾ ਹੈ। ਐਸੋਸੀਏਸ਼ਨ ਦੇ ਇੱਕ ਨੁਮਾਇੰਦੇ ਨੇ ਕਿਹਾ ਕਿ ਪੁਲਸ ਵੀ ਸਾਨੂੰ ਸ਼ੱਕੀ ਨਜ਼ਰ ਨਾਲ ਵੇਖ ਰਹੀ ਹੈ। ਕਈ ਵਿਦਿਆਰਥੀ ਇਮਤਿਹਾਨ ਛੱਡ ਕੇ ਘਰ ਭੱਜ ਗਏ ਨੇ। ਉੱਤਰਾਖੰਡ ਦੇ ਦੇਹਰਾਦੂਨ ਵਿੱਚ ਤਾਂ 1700 ਕਸ਼ਮੀਰੀ ਵਿਦਿਆਰਥੀਆਂ ਦੀ ਨਿਗਰਾਨੀ ਸਖ਼ਤ ਕਰ ਦਿੱਤੀ ਗਈ ਹੈ। ਉਨ੍ਹਾਂ ਦੀਆਂ ਮੋਬਾਈਲ ਕਾਲਾਂ ਦੀ ਵੀ ਜਾਸੂਸੀ ਹੋ ਰਹੀ ਹੈ। ਨਵੇਂ ਸਿਰਿਓਂ ਵੈਰੀਫਿਕੇਸ਼ਨ ਮੁਹਿੰਮ ਚਲਾਈ ਜਾ ਰਹੀ ਹੈ।

(ਬਾਕੀ ਸਫ਼ਾ 27 ’ਤੇ)

# ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਹੜ੍ਹ ਪੀੜਤਾਂ ਦੇ ਢਹੇ ਘਰ ਮੁੜ ਉਸਾਰਨ ਦਾ ਐਲਾਨ

## ਪੰਜ ਘਰਾਂ ਦਾ ਪੱਚੀ ਲੱਖ ਦੇ ਕਰੀਬ ਖਰਚਾ ਆਵੇਗਾ

## ਹੜ੍ਹ ਪੀੜਤ ਸਿੱਖ ਮਿਹਨਤ ਮਜ਼ਦੂਰੀ ਕਰਨ ਵਾਲੇ





ਜਲੰਧਰ/ਏ.ਟੀ.ਨਿਊਜ਼: ਪੰਜਾਬ ਦੇ ਬਾਰਡਰ ਇਲਾਕਿਆਂ ਵਿੱਚ ਆਈਆਂ ਭਿਆਨਕ ਹੜ੍ਹਾਂ ਨੇ ਹਜ਼ਾਰਾਂ ਪਰਿਵਾਰਾਂ ਨੂੰ ਬੇਘਰ ਕਰ ਦਿੱਤਾ ਸੀ। ਸਰਹੱਦ ਨਾਲ ਲੱਗਦੇ ਪਿੰਡ ਖੋਖਰ, ਅਜਨਾਲਾ, ਦਿਆਲ ਭੱਟੀ, ਡੇਰਾ ਬਾਬਾ ਨਾਨਕ ਤੇ ਚੌਂਤਰਾਂ ਵਰਗੇ ਇਲਾਕਿਆਂ ਵਿੱਚ ਲੋਕ ਅੱਜ ਵੀ ਟੁੱਟੇ-ਫੁੱਟੇ ਘਰਾਂ ਵਿੱਚ ਜਾਂ ਰਿਸ਼ਤੇਦਾਰਾਂ ਕੋਲ ਪਨਾਹ ਲੈ ਕੇ ਰਹਿਣ ਲਈ ਮਜਬੂਰ ਹਨ। ਸਰਕਾਰੀ ਮਦਦ ਦਾ ਇੰਤਜ਼ਾਰ ਕਰਦਿਆਂ ਕਰਦਿਆਂ ਬਹੁਤ ਸਾਰੇ ਪੀੜਤ ਥੱਕ ਚੁੱਕੇ ਹਨ। ਇਸੇ ਦੌਰਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਮਾਨਵਤਾ ਦੀ ਸੇਵਾ ਦਾ ਇੱਕ ਸ਼ਾਨਦਾਰ ਉਦਾਹਰਣ ਪੇਸ਼ ਕੀਤਾ ਹੈ।

ਸੁਸਾਇਟੀ ਦੇ ਚੇਅਰਮੈਨ ਰਜਿੰਦਰ ਸਿੰਘ ਪੁਰੇਵਾਲ (ਯੂ.ਕੇ.) ਤੇ ਮੁੱਖ ਜਥੇਦਾਰ ਪਰਮਿੰਦਰ ਪਾਲ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਬੀਤੇ ਦਿਨੀਂ ਇਨ੍ਹਾਂ ਪਿੰਡਾਂ ਦਾ ਦੌਰਾ ਕੀਤਾ। ਵਫ਼ਦ ਨੇ ਖ਼ੁਦ ਜਾ ਕੇ ਪੀੜਤ ਪਰਿਵਾਰਾਂ ਦੀ ਦੁੱਖ-ਤਕਲੀਫ਼ ਸੁਣੀ ਤੇ ਉਨ੍ਹਾਂ ਦੇ ਢਹਿ-ਢੇਰੀ ਹੋਏ ਮਕਾਨਾਂ ਦਾ ਜਾਇਜ਼ਾ ਲਿਆ। ਇਸ ਮੌਕੇ ਸੁਸਾਇਟੀ ਨੇ ਪੰਜ ਹੜ ਪੀੜਤ ਕਿਰਤੀ ਪਰਿਵਾਰਾਂ ਦੇ ਮਕਾਨ ਪੂਰੀ ਤਰ੍ਹਾਂ ਮੁੜ ਉਸਾਰ ਕੇ ਦੇਣ ਦਾ ਐਲਾਨ ਕੀਤਾ।

ਜਿਨ੍ਹਾਂ ਪਰਿਵਾਰਾਂ ਨੂੰ ਇਹ ਸਹਾਇਤਾ ਮਿਲੇਗੀ, ਉਨ੍ਹਾਂ ਵਿੱਚ ਸ਼ਾਮਲ ਹਨ:

ਪਿੰਡ ਖੋਖਰ ਤੋਂ ਅੰਮ੍ਰਿਤਧਾਰੀ ਬੀਬੀ ਹਰਜੀਤ ਕੌਰ

ਪਿੰਡ ਦਿਆਲ ਭੱਟੀ ਤੋਂ ਰਮਨਦੀਪ ਕੌਰ

ਅਜਨਾਲਾ ਤੋਂ ਗੁਰਮੀਤ ਸਿੰਘ


ਗੁਰਦਾਸਪੁਰ ਬਾਰਡਰ ਨੇੜੇ ਪਿੰਡ ਚੌਂਤਰਾਂ ਤੋਂ ਰਛਪਾਲ ਸਿੰਘ ਤੇ ਦੀਪਕ ਕੌਰ ਵਫ਼ਦ ਨਾਲ ਗਏ ਮਸ਼ਹੂਰ ਬਿਲਡਰ ਹਰਦੇਵ ਸਿੰਘ ਗਰਚਾ ਨੇ ਮੌਕੇ 'ਤੇ ਹੀ ਹਰੇਕ ਮਕਾਨ ਦਾ ਅੰਦਾਜ਼ਨ ਲਗਾਇਆ ਤੇ ਦੱਸਿਆ ਕਿ ਇੱਕ ਪੱਕਾ ਮਕਾਨ ਬਣਾਉਣ ਵਿੱਚ ਲਗਭਗ ਪੰਜ ਲੱਖ ਰੁਪਏ ਦਾ ਖਰਚ ਆਵੇਗਾ। ਸੁਸਾਇਟੀ ਨੇ ਸਪੱਸ਼ਟ ਕੀਤਾ ਕਿ ਸਾਰਾ ਖਰਚਾ ਉਹ ਆਪਣੇ ਸੰਗਤ ਦੇ ਸਹਿਯੋਗ ਨਾਲ ਚੁੱਕੇਗੀ।

ਰਜਿੰਦਰ ਸਿੰਘ ਪੁਰੇਵਾਲ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਉਪਰ ਸਾਨੂੰ ਇਹ ਮੌਕਾ ਮਿਲਿਆ ਹੈ ਕਿ ਅਸੀਂ ਸੱਚੇ ਅਰਥਾਂ ਵਿੱਚ 'ਵੰਡ ਛਕੀਏ' ਦਾ ਸਿਧਾਂਤ ਅਮਲੀ ਰੂਪ ਦੇ ਸਕੀਏ। ਸਰਕਾਰ ਕਈ ਇਲਾਕਿਆਂ ਤੱਕ ਨਹੀਂ ਪਹੁੰਚ ਸਕੀ, ਪਰ ਸੰਗਤ ਦੀ ਸੇਵਾ ਕਿਤੇ ਵੀ ਰੁਕਦੀ ਨਹੀਂ। ਪਰਮਿੰਦਰ ਪਾਲ ਸਿੰਘ ਖਾਲਸਾ ਨੇ ਪੰਜਾਬ ਸਰਕਾਰ ਨੂੰ ਸਿੱਧੀ ਅਪੀਲ ਕੀਤੀ ਕਿ ਹੜ ਪੀੜਤਾਂ ਦੀ ਸਹਾਇਤਾ ਕੀਤੀ ਜਾਵੇ ਤੇ ਜਿਨ੍ਹਾਂ ਘਰ ਢਹਿ ਗਏ ਹਨ, ਉਨ੍ਹਾਂ ਨੂੰ ਤੁਰੰਤ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਕਿਹਾ, ਸਾਡੀ ਸੁਸਾਇਟੀ ਆਪਣੇ ਪੱਧਰ 'ਤੇ ਜਿੱਥੇ ਵੀ ਸੰਭਵ ਹੋਵੇਗਾ, ਬਾਂਹ ਫੜੇਗੀ, ਪਰ ਸਰਕਾਰ ਦੀ ਜ਼ਿੰਮੇਵਾਰੀ ਸਭ ਤੋਂ ਵੱਡੀ ਹੈ। ਖਾਲਸਾ ਨੇ ਕਿਹਾ ਕਿ ਹਰ ਇਨਸਾਨ ਦੀ ਮੁੱਖ ਲੋੜ 'ਰੋਟੀ, ਕੱਪੜਾ ਤੇ ਮਕਾਨ' ਹੈ ਅਤੇ ਇੱਥੇ ਲੋਕਾਂ ਕੋਲ ਕੁਝ ਰਿਹਾ ਹੀ ਨਹੀਂ ਸੀ, ਨਾ ਮਕਾਨ, ਨਾ ਪਾਉਣ ਵਾਲਾ ਕੱਪੜਾ ਤੇ ਨਾ ਰਾਸ਼ਨ। ਹਾਲਾਤ ਬੇਹੱਦ ਚੁਣੌਤੀ ਭਰੇ ਹੋ ਗਏ ਸਨ।

ਇਸ ਦੌਰੇ ਮੌਕੇ ਸਾਹਿਬ ਸਿੰਘ, ਬਿਲਡਰ ਹਰਦੇਵ ਸਿੰਘ ਗਰਚਾ, ਸੰਦੀਪ ਸਿੰਘ ਚਾਵਲਾ, ਹਰਿਭਜਨ ਸਿੰਘ ਬੈਂਸ, ਕਮਲਜੀਤ ਸਿੰਘ ਜਮਸ਼ੇਰ, ਗੁਰਪ੍ਰੀਤ ਸਿੰਘ ਰਾਜੂ, ਅਰਿੰਦਰਜੀਤ ਸਿੰਘ ਚੱਡਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਥਾਨਕ ਸੇਵਾਦਾਰ ਤੇ ਪੀੜਤ ਪਰਿਵਾਰ ਮੌਜੂਦ ਸਨ ।ਅਜਨਾਲਾ ਤੋਂ ਗੁਰਮੀਤ ਸਿੰਘ ਨੇ ਕਿਹਾ ਕਿ ਹਾਲਾਤ ਬਹੁਤ ਮਾੜੇ ਸਨ, ਪਤਾ ਹੀ ਨਹੀਂ ਸੀ ਕਿ ਪਾਣੀ ਵਧੇਗਾ ਜਾਂ ਘਟੇਗਾ। ਕੁਝ ਸਮਾਨ ਗਿੱਲਾ ਹੋ ਗਿਆ, ਕੁਝ ਬਚ ਗਿਆ। ਨੁਕਸਾਨ ਕਾਫੀ ਹੋਇਆ ਹੈ।

ਪੀੜਤ ਬੀਬੀ ਹਰਜੀਤ ਕੌਰ ਨੇ ਅੱਖਾਂ ਵਿੱਚ ਹੰਝੂ ਭਰ ਕੇ ਕਿਹਾ ਕਿ ਪਾਣੀ ਆਉਣ ਤੋਂ ਬਾਅਦ ਹਾਲਾਤ ਬਹੁਤ ਮਾੜੇ ਹੋ ਗਏ ਸਨ ਤੇ ਕੋਈ ਆਸ ਹੀ ਨਹੀਂ ਬਚੀ ਸੀ। ਅਸੀਂ ਆਪਣੀ ਜਾਨਾਂ ਬਚਾ ਕੇ ਛੱਤ ਉੱਤੇ ਰਹੇ। 10-15 ਦਿਨਾਂ ਤੱਕ ਅਸੀਂ ਛੱਤ 'ਤੇ ਰਹੇ। ਸਾਨੂੰ ਲੱਗਦਾ ਸੀ ਸਾਡਾ ਸੁਪਨਾ ਹੀ ਢਹਿ ਗਿਆ, ਪਰ ਗੁਰੂ ਦੀ ਕਿਰਪਾ ਨਾਲ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਸਾਡੀ ਬਾਂਹ ਫੜ ਲਈ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਦਰਸਾਇਆ ਹੈ ਕਿ ਸਿੱਖੀ ਦਾ ਸਿਧਾਂਤ ਸਰਬਤ ਦਾ ਭਲਾ ਜ਼ਿੰਦਾ ਹੈ ਤੇ ਸੰਗਤ ਦੀ ਸੇਵਾ ਕਦੇ ਨਹੀਂ ਰੁਕਦੀ। ਪੀੜਤਾਂ ਦੀ ਬਾਂਹ ਫੜਨਾ ਹਰੇਕ ਸਿੱਖ ਦਾ ਕਰਮ ਹੈ।

# ਸ੍ਰੀ ਗੁਰੂ ਤੇਗ਼ ਬਹਾਦਰ ਦੇ ਸ਼ਹੀਦੀ ਪੁਰਬ ਮੌਕੇ ਪ੍ਰਧਾਨ ਮੰਤਰੀ ਵੱਲੋਂ ਵਿਸ਼ੇਸ਼ ਸਿੱਕਾ ਅਤੇ ਯਾਦਗਾਰੀ ਡਾਕ ਟਿਕਟ ਜਾਰੀ



ਕੁਰੂਕਸ਼ੇਤਰ/ਏ.ਟੀ.ਨਿਊਜ਼: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਮੌਕੇ ਵਿਸ਼ੇਸ਼ ਸਿੱਕਾ ਅਤੇ ਯਾਦਗਾਰੀ ਡਾਕ ਟਿਕਟ ਜਾਰੀ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਨੇ ਸੱਚ, ਨਿਆਂ, ਵਿਸ਼ਵਾਸ ਦੀ ਰੱਖਿਆ ਨੂੰ ਆਪਣਾ ਧਰਮ ਮੰਨਿਆ ਤੇ ਇਸ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਸ੍ਰੀ ਮੋਦੀ ਪਿਛਲੇ ਦਿਨੀਂ ਹਰਿਆਣਾ ਦੇ ਕੁਰੂਕਸ਼ੇਤਰ ਪੁੱਜੇ ਜਿਥੇ ਉਨ੍ਹਾਂ ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੀ ਯਾਦ ਵਿੱਚ ਇੱਕ ਵਿਸ਼ੇਸ਼ ਸਮਾਗਮ ਵਿਚ ਹਿੱਸਾ ਲਿਆ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਮੌਜੂਦ ਸਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਅੱਜ ਸਵੇਰੇ ਰਾਮਾਇਣ ਦੀ ਨਗਰੀ ਅਯੁੱਧਿਆ ਵਿੱਚ ਸਨ ਅਤੇ ਹੁਣ ਉਹ ਗੀਤਾ ਦੀ ਨਗਰੀ ਕੁਰੂਕਸ਼ੇਤਰ ਵਿੱਚ ਹਨ। ਉਨ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਆ।


ਉਨ੍ਹਾਂ ਕਿਹਾ, 'ਅਸੀਂ ਸ਼ਾਂਤੀ ਚਾਹੁੰਦੇ ਹਾਂ ਪਰ ਅਸੀਂ ਆਪਣੀ ਸੁਰੱਖਿਆ ਨਾਲ ਸਮਝੌਤਾ ਨਹੀਂ ਕਰਦੇ, 'ਅਪਰੇਸ਼ਨ ਸਿੰਧੂਰ' ਇਸ ਦੀ ਸਭ ਤੋਂ ਵੱਡੀ ਉਦਾਹਰਣ ਹੈ।' ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰ ਦੀ ਧਰਤੀ ਧਰਮ ਦਾ ਕੇਂਦਰ ਰਹੀ ਹੈ। ਉਨ੍ਹਾਂ ਦੀ ਸਰਕਾਰ ਹਰ ਧਰਮ ਦਾ ਸਤਿਕਾਰ ਕਰਦੀ ਹੈ। ਉਨ੍ਹਾਂ ਹਾਲ ਹੀ ਵਿੱਚ ਪਾਕਿਸਤਾਨ 'ਤੇ ਕੀਤੇ ਹਮਲੇ ਦੀ ਗੱਲ ਕਰਦਿਆਂ ਕਿਹਾ ਕਿ ਦੁਨੀਆ ਭਰ ਨੇ ਦੇਖਿਆ ਹੈ ਕਿ ਹੁਣ ਵਾਲਾ ਭਾਰਤ ਨਾ ਤਾਂ ਦਹਿਸ਼ਤਗਰਦੀ ਤੋਂ ਡਰਦਾ ਹੈ ਤੇ ਨਾ ਹੀ ਉਨ੍ਹਾਂ ਅੱਗੇ ਝੁਕਦਾ ਹੈ। ਉਨ੍ਹਾਂ ਦਹਿਸ਼ਤਗਰਦੀ ਖ਼ਿਲਾਫ਼ ਹਰ ਕਾਰਵਾਈ ਕਰਨ ਦਾ ਅਹਿਦ ਦੁਹਰਾਇਆ।

# ਸਰਬਜੀਤ ਕੌਰ ਨੇ ਨਾਸਿਰ ਨਾਲ ਪਹਿਲਾਂ ਤੁਰਕੀ ਵਿੱਚ ਨਿਕਾਹ ਕਰਨ ਦੀ ਬਣਾਈ ਸੀ ਸਕੀਮ

## ਜਲਦੀ ਸਰਬਜੀਤ ਦੇ ਵੀਜ਼ੇ ਵਿੱਚ ਵਾਧਾ ਹੋਣ ਦੀ ਸੰਭਾਵਨਾ

ਅੰਮ੍ਰਿਤਸਰ/ਏ.ਟੀ.ਨਿਊਜ਼: ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਥੇ ਨਾਲ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਪਹੁੰਚੀ ਸਰਬਜੀਤ ਕੌਰ ਦੇ ਪਾਕਿਸਤਾਨੀ ਪਤੀ ਨਾਸਿਰ ਹੁਸੈਨ ਵਾਸੀ ਸ਼ੇਖ਼ੂਪੁਰਾ ਬਾਰੇ ਉੱਥੋਂ ਦੇ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿੱਚ ਕੰਮ ਕਰਦੇ ਮੁਜਾਹਿਦ ਬਸ਼ੀਰ ਨੇ ਕਈ ਖ਼ੁਲਾਸੇ ਕੀਤੇ ਹਨ। ਸ਼ੇਖ਼ੂਪੁਰਾ ਦੇ ਰਾਣਾ ਓਮੇਰ ਨੇ ਮੁਜਾਹਿਦ ਬਸ਼ੀਰ ਤੋਂ ਮਿਲੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਧਰਮ ਪਰਿਵਰਤਨ ਕਰਕੇ ਨੂਰ ਹੁਸੈਨ ਬਣੀ ਸਰਬਜੀਤ ਕੌਰ ਨੇ ਪਹਿਲਾਂ ਜੁਲਾਈ 2024 'ਚ ਨਾਸਿਰ ਹੁਸੈਨ ਨੂੰ ਤੁਰਕੀ ਪਹੁੰਚ ਕੇ ਨਿਕਾਹ ਕਰਵਾਉਣ ਲਈ ਮਨਾਇਆ ਸੀ । ਇਸ ਦੇ ਲਈ ਸਰਬਜੀਤ ਕੌਰ ਨੇ ਉਸ ਤੋਂ 4 ਲੱਖ ਰੁਪਏ





ਦੀ ਮੰਗ ਵੀ ਕੀਤੀ ਸੀ। ਬਸ਼ੀਰ ਮੁਤਾਬਿਕ ਨਾਸਿਰ ਨੇ ਸਰਬਜੀਤ ਨੂੰ ਤੁਰਕੀ ਭੇਜਣ ਲਈ ਦੋਸਤਾਂ ਕੋਲੋਂ ਉਧਾਰੇ ਪੈਸੇ ਵੀ ਮੰਗੇ ਸਨ, ਪਰ ਫਿਰ ਇਹ ਮਾਮਲਾ ਵਿਚਾਲੇ ਲਟਕ ਗਿਆ। ਉਸ ਨੇ ਦੱਸਿਆ ਕਿ ਸਰਬਜੀਤ ਕੌਰ ਨੇ ਭਾਰਤ ਵਿਚੋਂ ਫ਼ਰਾਰ ਹੋਣ ਲਈ ਯੋਜਨਾ ਤਹਿਤ ਇੱਕ ਜਨਵਰੀ 2024 ਨੂੰ ਜਲੰਧਰ ਤੋਂ ਆਪਣਾ ਪਾਸਪੋਰਟ ਬਣਵਾਇਆ। ਉਸ ਨੇ ਜਥੇ ਨਾਲ ਪਾਕਿ ਆਉਣ ਦੀ ਯੋਜਨਾ ਇਸ ਕਰਕੇ ਬਣਾਈ ਤਾਂ ਕਿ ਉਸ ਦੇ ਇਕੱਲਿਆਂ ਪਾਕਿ ਵੀਜ਼ਾ ਲਗਵਾ ਕੇ ਆਉਣ 'ਤੇ ਉਹ ਭਾਰਤੀ ਖ਼ੁਫ਼ੀਆ ਏਜੰਸੀਆਂ ਦੀਆਂ ਨਜ਼ਰਾਂ 'ਚ ਆ ਸਕਦੀ ਸੀ। ਸ਼ੇਖ਼ੂਪੁਰਾ ਬਾਰ ਐਸੋਸੀਏਸ਼ਨ ਦੇ ਵਕੀਲਾਂ ਮੁਤਾਬਿਕ ਸਰਬਜੀਤ ਕੌਰ ਦੇ ਭਾਰਤ ਵਾਪਸੀ ਦੀ ਕੋਈ ਸੰਭਾਵਨਾ ਨਹੀਂ ਹੈ, ਕਿਉਂਕਿ ਲਾਹੌਰ ਹਾਈ ਕੋਰਟ ਨੇ ਵੀ ਪੁਲਿਸ ਨੂੰ ਉਕਤ ਜੋੜੇ ਨੂੰ ਤੰਗ ਪਰੇਸ਼ਾਨ ਨਾ ਕਰਨ ਦਾ ਹੁਕਮ ਦੇ ਕੇ ਇਹ ਸਾਫ਼ ਕਰ ਦਿੱਤਾ ਹੈ ਕਿ ਜਲਦੀ ਉਸ ਦੇ ਵੀਜ਼ੇ 'ਚ ਵਾਧਾ ਕੀਤਾ ਜਾਵੇਗਾ।

# ਬਿਹਾਰ ਸਰਕਾਰ ਦਾ ਰਿਮੋਟ ਕੰਟਰੋਲ ਮੋਦੀ -ਸ਼ਾਹ ਦੇ ਹੱਥ ਵਿੱਚ

## ਭਾਜਪਾ ਦੀ ਚਾਣਕਿਆ ਨੀਤੀ - ਨਿਤਿਸ਼ ਨੂੰ ਬਿਹਾਰ ਦੀ ਕੁਰਸੀ ਤਾਂ ਮਿਲੀ ਪਰ ਤਾਕਤ ਖੋਹ ਲਈ!

ਬਿਹਾਰ ਦੀ ਰਾਜਨੀਤੀ ਨੇ ਫਿਰ ਤੋਂ ਇੱਕ ਵੱਡਾ ਮੋੜ ਲਿਆ ਹੈ। 75 ਸਾਲਾ ਨਿਤੀਸ਼ ਕੁਮਾਰ ਨੇ ਰਿਕਾਰਡ 10ਵੀਂ ਵਾਰ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਹੈ। ਬੀਤੇ ਦਿਨੀਂ ਰਾਜਪਾਲ ਆਰਿਫ ਮੁਹੰਮਦ ਖ਼ਾਨ ਨੇ ਗਾਂਧੀ ਮੈਦਾਨ ਵਿੱਚ ਹੋਏ ਸਮਾਗਮ ਵਿੱਚ ਨਿਤੀਸ਼ ਦੇ ਨਾਲ-ਨਾਲ ਦੋ ਉਪ ਮੁੱਖ ਮੰਤਰੀਆਂ ਅਤੇ 26 ਮੰਤਰੀਆਂ ਨੂੰ ਵੀ ਸੋਹੰ ਚੁਕਾਈ ਸੀ। ਪਰ ਸਹੁੰ ਚੁੱਕਣ ਤੋਂ ਅਗਲੇ ਹੀ ਦਿਨ ਜਦੋਂ ਵਿਭਾਗਾਂ ਦੀ ਵੰਡ ਹੋਈ ਤਾਂ ਭਾਜਪਾ ਨੇ ਬਿਹਾਰ ਦੀ ਸੱਤਾ ਉਪਰ ਕੰਟਰੋਲ ਕਰ ਲਿਆ। ਇਹ ਸਭ ਮੋਦੀ -ਸ਼ਾਹ ਦੀਆਂ ਚਾਣਕਿਆ ਨੀਤੀ ਕਾਰਨ ਸੰਭਵ ਹੋਇਆ ਹੈ।

20 ਸਾਲ ਤੋਂ ਲਗਾਤਾਰ ਆਪਣੇ ਹੱਥਾਂ ਵਿੱਚ ਰੱਖਿਆ ਗਿਆ ਸਭ ਤੋਂ ਤਾਕਤਵਰ ਗ੍ਰਹਿ ਵਿਭਾਗ ਨਿਤੀਸ਼ ਕੁਮਾਰ ਨੇ ਭਾਜਪਾ ਦੇ ਕੱਦਾਵਰ ਆਗੂ ਅਤੇ ਉਪ ਮੁੱਖ ਮੰਤਰੀ ਸਮਰਾਟ ਚੌਧਰੀ ਨੂੰ ਸੌਂਪ ਦਿੱਤਾ। ਇਹ ਪਹਿਲੀ ਵਾਰ ਹੈ ਜਦੋਂ 2005 ਤੋਂ ਬਾਅਦ ਗ੍ਰਹਿ ਵਿਭਾਗ ਨਿਤੀਸ਼ ਦੇ ਹੱਥੋਂ ਬਾਹਰ ਗਿਆ ਹੈ। ਸਿਆਸੀ ਗਲਿਆਰਿਆਂ ਵਿੱਚ ਇਸ ਨੂੰ ਸਪੱਸ਼ਟ ਸੰਕੇਤ ਮੰਨਿਆ ਜਾ ਰਿਹਾ ਹੈ ਕਿ ਬਿਹਾਰ ਵਿੱਚ ਐੱਨਡੀਏ ਦੀ ਗੱਡੀ ਹੁਣ ਪੂਰੀ ਤਰ੍ਹਾਂ ਭਾਜਪਾ ਦੇ ਹੱਥਾਂ ਵਿੱਚ ਆ ਚੁਕੀ ਹੈ।

ਸਮਰਾਟ ਚੌਧਰੀ ਦੀ ਵਧੀ ਤਾਕਤ

ਕੁਸ਼ਵਾਹਾ ਭਾਈਚਾਰੇ ਦੇ ਵੱਡੇ ਚਿਹਰੇ ਸਮਰਾਟ ਚੌਧਰੀ ਹੁਣ ਬਿਹਾਰ ਦੇ ਕਾਨੂੰਨ-ਵਿਵਸਥਾ ਦੇ ਪੂਰੇ ਮਾਲਕ ਬਣ ਗਏ ਹਨ। ਸੀਮਾਂਚਲ ਦੇ ਚਾਰ ਜ਼ਿਲ੍ਹਿਆਂ - ਕਿਸ਼ਨਗੰਜ, ਅਰਰੀਆ, ਪੂਰਨੀਆ ਤੇ ਕਟਿਹਾਰ ਵਿੱਚ ਘੁਸਪੈਠ ਦਾ ਮੁੱਦਾ ਲੰਮੇ ਸਮੇਂ ਤੋਂ ਭਾਜਪਾ ਦਾ ਸਭ ਤੋਂ ਵੱਡਾ ਹਥਿਆਰ ਰਿਹਾ ਹੈ। ਹੁਣ ਗ੍ਰਹਿ ਵਿਭਾਗ ਮਿਲਣ ਨਾਲ ਸਮਰਾਟ ਚੌਧਰੀ ਨੂੰ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਨੈਸ਼ਨਲ ਰਜਿਸਟਰ ਆਫ਼ ਸਿਟੀਜ਼ਨਜ਼ ਵਰਗੇ ਮੁੱਦਿਆਂ ਤੇ ਸਿੱਧਾ ਐਕਸ਼ਨ ਲੈਣ ਦੀ ਖੁੱਲ੍ਹ ਮਿਲ ਗਈ ਹੈ।

ਸੂਤਰ ਦੱਸਦੇ ਹਨ ਕਿ ਸਹੁੰ ਚੁੱਕਣ ਤੋਂ ਇੱਕ ਦਿਨ ਪਹਿਲਾਂ ਤੱਕ ਜੇਡੀਯੂ ਗ੍ਰਹਿ ਵਿਭਾਗ ਛੱਡਣ ਲਈ ਤਿਆਰ ਨਹੀਂ ਸੀ। ਮੀਡੀਆ ਰਿਪੋਰਟਾਂ ਵਿੱਚ ਆਈਆਂ ਖ਼ਬਰਾਂ ਮੁਤਾਬਕ ਐੱਨਡੀਏ ਸਹਿਯੋਗੀਆਂ ਵਿੱਚ ਇਸ ਮੁੱਦੇ ਤੇ ਤਣਾਅ ਸੀ। ਆਖਿਰਕਾਰ ਨਿਤੀਸ਼ ਕੁਮਾਰ ਨੇ ਇਸ ਨੂੰ ਭਾਜਪਾ ਨੂੰ ਸੌਂਪ ਕੇ ਵੱਡਾ ਸੰਦੇਸ਼ ਦਿੱਤਾ - (**ਬਾਕੀ ਸਫ਼ਾ 26 'ਤੇ**)

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਮਨੁੱਖਤਾ ਅਤੇ ਧਾਰਮਿਕ ਅਧਿਕਾਰਾਂ ਦੀ ਰਾਖੀ ਦੀ ਅਦੁੱਤੀ ਮਿਸਾਲ : ਮਾਨ

## ਸਰਬ-ਧਰਮ ਸੰਮੇਲਨ ’ਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸਿਜਦਾ



ਸ੍ਰੀ ਆਨੰਦਪੁਰ ਸਾਹਿਬ/ ਏ.ਟੀ.ਨਿਊਜ਼ : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਰਬ-ਧਰਮ ਸੰਮੇਲਨ ਵਿੱਚ 9ਵੀਂ ਪਾਤਸ਼ਾਹੀ ਦੀ ਅਦੁੱਤੀ ਸ਼ਹਾਦਤ ਨੂੰ ਸਿਜਦਾ ਕੀਤਾ ਗਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵਿਸ਼ਵ ਭਰ ਦੇ ਧਾਰਮਿਕ ਆਗੂਆਂ ਦੇ ਨਾਲ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਭੇਟ ਕੀਤੀ।

ਸਰਬ-ਧਰਮ ਸੰਮੇਲਨ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪੰਜਾਬ ਗੁਰੂਆਂ ਅਤੇ ਸ਼ਹੀਦਾਂ ਦੀ ਧਰਤੀ ਹੈ, ਜਿਸ ਨੇ ਹਮੇਸ਼ਾ ਜ਼ੁਲਮ ਅਤੇ ਅਨਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਦੀ ਪ੍ਰੇਰਨਾ ਦਿੱਤੀ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖਤਾ ਅਤੇ ਧਾਰਮਿਕ ਅਧਿਕਾਰਾਂ ਦੀ ਰਾਖੀ ਦੀ ਅਦੁੱਤੀ ਮਿਸਾਲ ਹੈ। ਸੂਬਾ ਸਰਕਾਰ ਵੱਲੋਂ ਸ਼ਹੀਦੀ ਸਮਾਗਮਾਂ ਨੂੰ ਸਾਲ ਭਰ ਜਾਰੀ ਰੱਖਣ ਲਈ ਲੜੀਵਾਰ ਪ੍ਰੋਗਰਾਮ ਚੱਲ ਰਹੇ ਹਨ। ਸੰਗਤ ਦੀ ਆਵਾਜਾਈ ਅਤੇ ਰਹਿਣ-ਸਹਿਣ ਲਈ ਟੈਂਟ ਸਿਟੀ, ਵਿਸ਼ਾਲ ਪਾਰਕਿੰਗਾਂ, 700 ਇਲੈਕਟ੍ਰਿਕ ਰਿਕਸ਼ਿਆਂ ਅਤੇ ਮਿੰਨੀ ਬੱਸਾਂ ਸਮੇਤ ਵੱਖ-ਵੱਖ ਸਹੂਲਤਾਂ ਦਿੱਤੀਆਂ ਗਈਆਂ ਹਨ। ਸਿੱਖ ਇਤਿਹਾਸ ਤੋਂ ਨੌਜਵਾਨਾਂ ਨੂੰ ਜਾਣੂ ਕਰਵਾਉਣ ਲਈ ਸਿਲੇਬਸ ਵਿੱਚ ਤਬਦੀਲੀਆਂ ਕੀਤੀਆਂ ਜਾਣਗੀਆਂ ਤਾਂ ਜੋ ਗੁਰੂ ਸਾਹਿਬ ਅਤੇ ਮਹਾਨ ਸ਼ਹੀਦਾਂ ਦੇ ਯੋਗਦਾਨ ਬਾਰੇ ਅਗਲੀ ਪੀੜ੍ਹੀ ਨੂੰ ਪੂਰੀ ਜਾਣਕਾਰੀ ਮਿਲ ਸਕੇ।

ਸ੍ਰੀ ਕੇਜਰੀਵਾਲ ਨੇ ਕਿਹਾ ਕਿ ਇਤਿਹਾਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਿਸਾਲ ਕਿਤੇ ਨਹੀਂ ਮਿਲਦੀ ਜਿਥੇ ਕਿਸੇ ਨੇ ਧਰਮ ਦੀ ਰਾਖੀ ਲਈ ਆਪਣੀ ਸ਼ਾਹਦਤ ਦਿੱਤੀ ਹੋਵੇ। ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੀ ਗਈ ਇਹ ਬੇਮਿਸਾਲ ਸ਼ਹਾਦਤ ਪੂਰੇ ਸੰਸਾਰ ਲਈ ਪ੍ਰੇਰਨਾ ਹੈ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੇ ਚਰਨ ਛੋਹ ਪ੍ਰਾਪਤ 142 ਪਿੰਡਾਂ ਦੀ ਨੁਹਾਰ ਬਦਲਣ ਲਈ ਫੰਡ ਜਾਰੀ ਕੀਤੇ ਗਏ ਹਨ।

### ਅਧਿਆਤਮਕ ਸ਼ਖ਼ਸੀਅਤਾਂ ਨੇ ਕੀਤੀ ਸ਼ਿਰਕਤ

ਬਾਬਾ ਬੁੱਢਾ ਦਲ ਛਾਉਣੀ ਵਿੱਚ ਸਰਬ-ਧਰਮ ਸੰਮੇਲਨ ਦੌਰਾਨ ਸਿੱਖ, ਹਿੰਦੂ, ਮੁਸਲਮਾਨ, ਇਸਾਈ, ਬੁੱਧ, ਜੈਨ ਅਤੇ ਯਹੂਦੀ ਧਰਮਾਂ ਦੇ ਮੁੱਖ ਅਧਿਆਤਮਕ ਆਗੂਆਂ ਨੇ ਸ਼ਿਰਕਤ ਕੀਤੀ ਅਤੇ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਨਮਨ ਕੀਤਾ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸੈਰ-ਸਪਾਟਾ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਆਗੂਆਂ ਦਾ ਸਵਾਗਤ ਕੀਤਾ। ਸਿੱਖ ਆਗੂ ਬਾਬਾ ਬਲਬੀਰ ਸਿੰਘ, ਬਾਬਾ ਹਰਨਾਮ ਸਿੰਘ ਖਾਲਸਾ ਅਤੇ ਬਾਬਾ ਸੇਵਾ ਸਿੰਘ ਨੇ ਸ਼ਾਂਤੀ, ਪਿਆਰ ਅਤੇ ਮਨੁੱਖਤਾ ਦੇ ਗੁਰੂ ਮਰਯਾਦਾ-ਆਧਾਰਿਤ ਸਿਧਾਂਤਾਂ ਨੂੰ ਸਭ ਲਈ ਰਾਹਦਾਰੀ ਦੱਸਿਆ। ਰਾਧਾ ਸੁਆਮੀ ਸਤਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਅਤੇ ਬਾਬਾ ਕਸ਼ਮੀਰ ਸਿੰਘ ਨੇ ਗੁਰੂ ਦੀ ਸ਼ਹਾਦਤ ਨੂੰ ਵਿਸ਼ਵ ਮਨੁੱਖਤਾ ਲਈ ਚਾਨਣ-ਮੁਨਾਰਾ ਕਰਾਰ ਦਿੱਤਾ। ਨਵੀਂ ਦਿੱਲੀ ਦੇ ਜੂਡਾ ਹਯਾਮ ਸਿਨਾਗੌਗ ਦੇ ਰੱਬੀ ਡਾ. ਮਾਲੇਕਰ ਨੇ ਗੁਰੂ ਸਾਹਿਬ ਨੂੰ ਧਾਰਮਿਕ ਆਜ਼ਾਦੀ ਦੇ ਸਭ ਤੋਂ ਵੱਡੇ ਰੱਖਿਅਕ ਵਜੋਂ ਸਲਾਮ ਕੀਤਾ। ਫਾਦਰ ਜੌਨ, ਸ੍ਰੀ ਸ੍ਰੀ ਰਵੀਸ਼ੰਕਰ, ਚਿਸ਼ਤੀ ਦਰਗਾਹ ਦੇ ਗੱਦੀਨਸ਼ੀਨ ਹਾਜ਼ੀ ਸਈਦ ਸਲਮਾਨ ਚਿਸ਼ਤੀ ਅਤੇ ਹੋਰ ਧਾਰਮਿਕ ਆਗੂਆਂ ਨੇ ਵੀ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਵਿਸ਼ਵ ਭਰ ਲਈ ਪ੍ਰੇਰਕ ਮਿਸਾਲ ਦੱਸਿਆ।

# ਕੇਂਦਰ ਸਰਕਾਰ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰੇ: ਜਥੇ. ਗੜਗੱਜ



ਸ੍ਰੀ ਅਨੰਦਪੁਰ ਸਾਹਿਬ/ ਏ.ਟੀ.ਨਿਊਜ਼: ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਸਬੰਧੀ ਚੱਲ ਰਹੇ ਸਮਾਗਮਾਂ ਦੌਰਾਨ ਵੱਡੀ ਗਿਣਤੀ ਵਿੱਚ ਸੰਗਤਾਂ ਅਤੇ ਧਾਰਮਿਕ, ਪੰਥਕ ਤੇ ਰਾਜਨੀਤਕ ਸ਼ਖਸੀਅਤਾਂ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ।

ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਸਜੇ ਮੁੱਖ ਪੰਡਾਲ ਵਿਚ ਸ਼੍ਰੋਮਣੀ ਕਮੇਟੀ ਅਧੀਨ ਚੱਲਦੇ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੇ ਗੁਰਬਾਣੀ ਕੀਰਤਨ, ਕਵੀਸ਼ਰੀ, ਢਾਡੀ ਵਾਰਾਂ, ਕਵਿਤਾ ਅਤੇ ਭਾਸ਼ਣ ਰਾਹੀਂ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ। ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ ਸਮੇਤ ਹੋਰ ਸ਼ਖ਼ਸੀਅਤਾਂ ਵੱਲੋਂ ਸੰਬੋਧਨ ਕੀਤਾ ਗਿਆ।

ਗੁਰਦੁਆਰਾ ਸੀਸ ਗੰਜ ਸਾਹਿਬ ਦੇ ਭਰੇ ਦੀਵਾਨ ਵਿਚ ਜਥੇਦਾਰ ਗੜਗੱਜ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਨੇ ਧਰਮ ਅਤੇ ਜ਼ਮੀਰ ਦੀ ਆਜ਼ਾਦੀ ਲਈ ਸ਼ਹਾਦਤ ਦੇ ਕੇ ਮੁਗ਼ਲ ਜ਼ੁਲਮ ਦੀ ਜੜ੍ਹ ਹਿਲਾ ਦਿੱਤੀ ਸੀ ਪਰ ਅੱਜ ਦੀਆਂ ਸਰਕਾਰਾਂ ਗੁਰੂ ਸਾਹਿਬ ਦੀ ਸੋਚ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਨੀਤੀਆਂ ਅਪਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇ ਪੰਜਾਬ ਵਿਧਾਨ ਸਭਾ ਦਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਲੱਗਿਆ ਵਿਸ਼ੇਸ਼ ਸੈਸ਼ਨ ਸਿੱਖ ਕੌਮ ਦੇ ਹੱਕਾਂ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਲਈ ਮਤਾ ਪਾਸ ਕਰਦਾ ਤਾਂ ਇਹ ਸਮਾਗਮ ਸਾਰਥਿਕ ਹੋ ਜਾਂਦੇ। ਜਥੇਦਾਰ ਨੇ ਸਰਕਾਰਾਂ ਨੂੰ ਸਿੱਖ ਕੈਦੀਆਂ ਨਾਲ ਹੋ ਰਹੇ ਵਰਤਾਓ ’ਤੇ ਸਪੱਸ਼ਟ ਸਟੈਂਡ ਲੈਣ ਲਈ ਕਿਹਾ ਅਤੇ ਦੱਸਿਆ ਕਿ ਗੁਰੂ ਸਾਹਿਬ ਦੀ ਸ਼ਹਾਦਤ ਸਿਖਾਉਂਦੀ ਹੈ ਕਿ ਜ਼ੁਲਮ ’ਤੇ ਅਧਿਕਾਰਾਂ ਦੀ ਕੁਰਬਾਨੀ ਨਾਲ ਕੋਈ ਰਾਜ ਨਹੀਂ ਟਿਕਦਾ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਬੰਦੀ ਸਿੰਘਾਂ ਦੀ ਰਿਹਾਈ ਤੁਰੰਤ ਕੀਤੀ ਜਾਵੇ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਸੰਕਲਪ ਅਤੇ ਸਿਧਾਂਤਾਂ ਦੇ ਅਨੁਸਾਰੀ ਹੋਣ ਦੀ ਲੋੜ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਬਾਣੀ ਅਤੇ ਉਪਦੇਸ਼ ਆਤਮ ਚਿੰਤਨ ਅਤੇ ਸਰਬ ਸਾਂਝੀਵਾਲਤਾ ਦੀ ਪ੍ਰੇਰਨਾ ਦਿੰਦੇ ਹਨ। ਇਸ ਮੌਕੇ ਬਾਬਾ ਗੁਰਦਿਆਲ ਸਿੰਘ ਟਾਂਡੇ ਵਾਲੇ, ਬਾਬਾ ਜੀਤ ਸਿੰਘ ਜੌਹਲੇ ਵਾਲੇ, ਬਾਬਾ ਦਵਿੰਦਰ ਸਿੰਘ ਸ਼ਹਾਬਪੁਰ ਅਤੇ ਬਾਬਾ ਜੀਵਨ ਸਿੰਘ ਹਾਂਗਕਾਂਗ ਨੇ ਵੀ ਸੰਬੋਧਨ ਕੀਤਾ। ਸ਼੍ਰੋਮਣੀ ਕਮੇਟੀ ਵੱਲੋਂ ਕਈ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਦਲਜੀਤ ਸਿੰਘ ਭਿੰਡਰ, ਅਮਰਜੀਤ ਸਿੰਘ ਚਾਵਲਾ, ਗੁਰਚਰਨ ਸਿੰਘ ਗਰੇਵਾਲ, ਗੁਰਬਖਸ਼ ਸਿੰਘ ਖਾਲਸਾ, ਭੁਪਿੰਦਰ ਸਿੰਘ ਭਲਵਾਨ, ਰਘਬੀਰ ਸਿੰਘ ਸਹਾਰਨਮਾਜਰਾ, ਅਜੈਬ ਸਿੰਘ ਅਭਿਆਸੀ, ਅਵਤਾਰ ਸਿੰਘ ਰੀਆ, ਅਮਰਜੀਤ ਸਿੰਘ ਬੰਡਾਲਾ, ਅਮਰਜੀਤ ਸਿੰਘ ਭਲਾਈਪੁਰ, ਅਮਰੀਕ ਸਿੰਘ ਸਾਹਪੁਰ, ਸਤਬੀਰ ਸਿੰਘ ਧਾਮੀ, ਪ੍ਰਤਾਪ ਸਿੰਘ, ਇੰਜੀ ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਕੁਲਦੀਪ ਸਿੰਘ ਰੋਡੇ, ਜਸਵਿੰਦਰ ਸਿੰਘ ਜੱਸੀ, ਗੁਰਨਾਮ ਸਿੰਘ, ਗੁਰਦਿਆਲ ਸਿੰਘ, ਹਰਭਜਨ ਸਿੰਘ ਵਕਤਾ, ਸੁਖਬੀਰ ਸਿੰਘ, ਬੀਬੀ ਸਤਵੰਤ ਕੌਰ, ਗਿਆਨੀ ਜੋਗਿੰਦਰ ਸਿੰਘ, ਰਾਮ ਸਿੰਘ ਮੁੰਬਈ ਆਦਿ ਸਮੇਤ ਵੱਡੀ ਗਿਣਤੀ ’ਚ ਸੰਗਤ ਹਾਜ਼ਰ ਸੀ।

## ਗੁਰਦੁਆਰਾ ਬਿਬਾਨਗੜ੍ਹ ਸਾਹਿਬ ਤੋਂ ਸਜਾਇਆ ਨਗਰ ਕੀਰਤਨ



ਸ੍ਰੀ ਕੀਰਤਪੁਰ ਸਾਹਿਬ/ ਏ.ਟੀ.ਨਿਊਜ਼: ਇੱਥੋਂ ਦੇ ਇਤਿਹਾਸਿਕ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਤੋਂ ਨਗਰ ਕੀਰਤਨ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਇਆ, ਜਿਸ ਵਿੱਚ ਸੰਤ ਸਮਾਜ ਦੇ ਮੁਖੀ ਅਤੇ ਰਾਜਨੀਤਿਕ ਨੇਤਾਵਾਂ ਨੇ ਹਿੱਸਾ ਲੈ ਕੇ ਇਸ ਦਾ ਮਾਣ ਵਧਾਇਆ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਨਮਨ ਕੀਤਾ। ਇਸ ਦੌਰਾਨ ਵੱਡੀ ਗਿਣਤੀ ਵਿੱਚ ਸ਼ਰਧਾਲੂ ਵੀ ਮੌਜੂਦ ਸਨ, ਜੋ ਪੈਦਲ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਏ। ਸਭ ਤੋਂ ਪਹਿਲਾਂ ਪਹੁੰਚੇ ਮਹਾਪੁਰਸ਼ਾਂ ਵੱਲੋਂ ਆਰੰਭਤਾ ਦੀ ਅਰਦਾਸ ਨਾਲ ਨਗਰ ਕੀਰਤਨ ਦਾ ਆਗਾਜ਼ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਇਸ ਨਗਰ ਕੀਰਤਨ ਦੀ ਆਰੰਭਤਾ ਹੋਈ ਜਿਸ ਤੋਂ ਬਾਅਦ ਇਲਾਹੀ ਬਾਣੀ ਦਾ ਜਾਪ ਕੀਤਾ ਗਿਆ। ਸੁੰਦਰ ਬੈਂਡ ਧੁਨਾਂ ਦੇ ਨਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਫੁੱਲਾਂ ਨਾਲ ਸਜਾਈ ਹੋਈ ਪਾਲਕੀ ਵਿੱਚ ਸੁਸ਼ੋਭਿਤ ਕੀਤਾ ਗਿਆ ਅਤੇ ਸੰਗਤਾਂ ’ਤੇ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਪੰਜ ਪਿਆਰੇ ਨਾਲ ਨਾਲ ਚੱਲ ਰਹੇ ਸਨ।

# ‘ਹਿੰਦ ਦੀ ਚਾਦਰ’ ਫ਼ਿਲਮ ’ਤੇ ਅਕਾਲ ਤਖ਼ਤ ਸਾਹਿਬ ਦੀ ਰੋਕ: 21 ਨੂੰ ਰਿਲੀਜ਼ ਨਹੀਂ ਹੋਈ

## ਬਵੇਜਾ ਸਟੂਡੀਓ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਅੱਗੇ ਗੋਡੇ ਟੇਕੇ

## ਐਨੀਮੇਸ਼ਨ ਰਾਹੀਂ ਗੁਰੂ ਰੂਪ ਦਰਸਾਉਣ ਦੀ ਕੋਸ਼ਿਸ਼ ਹੋਈ ਫਿਰ ਫੇਲ੍ਹ





ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਯਾਦ ਨੂੰ ਸਮਰਪਿਤ ਐਨੀਮੇਟਿਡ ਫਿਲਮ ‘ਹਿੰਦ ਦੀ ਚਾਦਰ - ਗੁਰੂ ਲਾਧੋ ਰੇ’ ਦੀ 21 ਨਵੰਬਰ ਨੂੰ ਹੋਣ ਵਾਲੀ ਰਿਲੀਜ਼ ਆਖਿਰ ਰੋਕ ਦਿੱਤੀ ਗਈ ਸੀ । ਮੁੰਬਈ ਸਥਿਤ ਬਵੇਜਾ ਸਟੂਡੀਓ ਨੇ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਲਿਖ ਕੇ ਤੇ ਸੋਸ਼ਲ ਮੀਡੀਆ ’ਤੇ ਅਧਿਕਾਰਤ ਬਿਆਨ ਜਾਰੀ ਕਰਕੇ ਫਿਲਮ ਦੀ ਰਿਲੀਜ਼ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਸੀ।

ਇਹ ਫੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਫਿਲਮ ’ਤੇ ਪੂਰਨ ਰੋਕ ਲਾਉਣ ਦੇ ਹੁਕਮ ਤੋਂ ਬਾਅਦ ਆਇਆ ਸੀ। ਜਥੇਦਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਨਿਰਦੇਸ਼ ਦਿੱਤੇ ਸਨ ਕਿ ਕੇਂਦਰ ਤੇ ਪੰਜਾਬ ਸਰਕਾਰ ਨਾਲ ਗੱਲਬਾਤ ਕਰਕੇ ਫਿਲਮ ਨੂੰ ਰੋਕਿਆ ਜਾਵੇ।

ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਅਨੁਸਾਰ ਇਹ ਫਿਲਮ ਧਰਮ ਪ੍ਰਚਾਰ ਕਮੇਟੀ ਵੱਲੋਂ 13 ਦਸੰਬਰ 2022 ਨੂੰ ਪਾਸ ਕੀਤੇ ਮਤਾ ਨੰਬਰ 651 ਦੀ ਸਿੱਧੀ ਉਲੰਘਣਾ ਹੈ। ਇਸ ਮਤੇ ਵਿੱਚ ਸਪੱਸ਼ਟ ਲਿਖਿਆ ਹੈ ਕਿ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਬਾਰੇ ਕਿਸੇ ਵੀ ਤਰ੍ਹਾਂ ਦੀ ਫਿਲਮ ਜਾਂ ਐਨੀਮੇਸ਼ਨ ਫਿਲਮ ਬਣਾਉਣ ’ਤੇ ਪੂਰਨ ਰੋਕ ਹੈ।

ਇਸ ਤੋਂ ਇਲਾਵਾ 2 ਮਈ 2025 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਵਿਸ਼ੇਸ਼ ਪੰਥਕ ਇਕੱਤਰਤਾ ਵਿੱਚ ਸਿੱਖ ਵਿਦਵਾਨਾਂ, ਬੁੱਧੀਜੀਵੀਆਂ ਤੇ ਕਲਾਕਾਰਾਂ ਨੇ ਇਕਮੱਤ ਹੋ ਕੇ ਫੈਸਲਾ ਕੀਤਾ ਸੀ ਕਿ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ, ਸ਼ਹੀਦਾਂ ਤੇ ਸਿੱਖ ਸੰਸਕਾਰਾਂ ਦੀਆਂ ਨਕਲਾਂ ਕਰਕੇ ਫਿਲਮਾਂ ਨਹੀਂ ਬਣਾਈਆਂ ਜਾ ਸਕਦੀਆਂ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਜਾਂਚ ਕਮੇਟੀ ਨੇ ਫਿਲਮ ਵੇਖ ਕੇ ਰਿਪੋਰਟ ਦਿੱਤੀ ਕਿ ਇਸ ਵਿੱਚ ਸਿੱਧਾਂਤਕ, ਇਤਿਹਾਸਕ ਤੇ ਫਿਲਮਾਂਕਣ ਦੇ ਪੱਖੋਂ ਕਈ ਗੰਭੀਰ ਖਾਮੀਆਂ ਹਨ, ਜਿਨ੍ਹਾਂ ਨੂੰ ਸਿੱਖ ਸੰਗਤ ਕਦੇ ਸਵੀਕਾਰ ਨਹੀਂ ਕਰ ਸਕਦੀ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਵੀ ਕਿਹਾ ਸੀ ਕਿ ਗੁਰੂ ਸਾਹਿਬ ਨੂੰ ਐਨੀਮੇਸ਼ਨ ਰਾਹੀਂ ਦਰਸਾਉਣਾ ਸਿੱਖ ਮਰਯਾਦਾ ਦੀ ਖੁੱਲ੍ਹੀ ਉਲੰਘਣਾ ਹੈ ।

ਬਵੇਜਾ ਸਟੂਡੀਓ ਨੇ ਜਥੇਦਾਰ ਨੂੰ ਲਿਖੇ ਪੱਤਰ ਵਿੱਚ ਲਿਖਿਆ ਸੀ ਕਿ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦਾ ਸਤਿਕਾਰ ਕਰਦੇ ਹਾਂ ਤੇ ਫਿਲਮ ਦੀ ਰਿਲੀਜ਼ ਫਿਲਹਾਲ ਰੋਕ ਦਿੱਤੀ ਹੈ। ਜੇਕਰ ਕੋਈ ਖਾਮੀਆਂ ਹਨ ਤਾਂ ਸਾਨੂੰ ਦੱਸੀਆਂ ਜਾਣ। ਉਨ੍ਹਾਂ ਨੇ ਸੰਗਤ ਨੂੰ ਵੀ ਸੋਸ਼ਲ ਮੀਡੀਆ ’ਤੇ ਸੂਚਿਤ ਕੀਤਾ ਹੈ।

ਯਾਦ ਰਹੇ ਕਿ ਇਹ ਪਹਿਲੀ ਵਾਰ ਨਹੀਂ ਜਦੋਂ ਗੁਰੂ ਸਾਹਿਬਾਨ ’ਤੇ ਫਿਲਮਾਂ ਵਿਵਾਦਾਂ ਵਿੱਚ ਫਸੀਆਂ ਹਨ।

2015 ਵਿੱਚ ‘ਨਾਨਕ ਸ਼ਾਹ ਫ਼ਕੀਰ’ ਨੂੰ ਵੀ ਰੋਕ ਦਿੱਤਾ ਗਿਆ ਸੀ।

2022 ਵਿੱਚ ‘ਦਾਸਤਾਨ-ਏ-ਸਰਹਿੰਦ’ ’ਤੇ ਵੀ ਇਤਰਾਜ਼ ਉਠੇ।

ਕੰਗਨਾ ਰਣੌਤ ਦੀ ‘ਐਮਰਜੈਂਸੀ’ ਵਿੱਚ ਵੀ ਸਿੱਖ ਅਕਸ ਨੂੰ ਗਲਤ ਦਰਸਾਉਣ ਦਾ ਦੋਸ਼ ਲੱਗਾ।

ਸਿੱਖ ਜਥੇਬੰਦੀਆਂ ਦਾ ਸਾਂਝਾ ਸਟੈਂਡ ਹੈ ਕਿ ਗੁਰੂ ਸਾਹਿਬਾਨ ਦਾ ਰੂਪ ਕਿਸੇ ਵੀ ਕਲਾਕਾਰ, ਐਨੀਮੇਸ਼ਨ ਜਾਂ ਏ.ਆਈ. ਰਾਹੀਂ ਨਹੀਂ ਬਣਾਇਆ ਜਾ ਸਕਦਾ। ਇਹ ਸਿੱਖ ਰਹਿਤ ਮਰਯਾਦਾ ਤੇ ਅਕਾਲ ਤਖ਼ਤ ਸਾਹਿਬ ਦੇ ਪੁਰਾਣੇ ਹੁਕਮਨਾਮਿਆਂ ਦੀ ਸਿੱਧੀ ਉਲੰਘਣਾ ਮੰਨਿਆ ਜਾਂਦਾ ਹੈ।

ਹੁਣ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਵੀ ਕੋਈ ਨਿਰਮਾਤਾ ਗੁਰੂ ਸਾਹਿਬਾਨ ਦੀ ਸ਼ਖਸੀਅਤ ਨੂੰ ਪਰਦੇ ’ਤੇ ਉਤਾਰਨ ਦੀ ਜੁਰਅਤ ਨਹੀਂ ਕਰੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਪ੍ਰਵਾਸ ਬਨਾਮ ਆਰਥਿਕਤਾ

ਵੱਡੀ ਗਿਣਤੀ ਪੰਜਾਬੀਆਂ ਵੱਲੋਂ ਕੀਤੇ ਗਏ ਦੂਜੇ ਮੁਲਕਾਂ ਨੂੰ ਪ੍ਰਵਾਸ ਨੇ ਪੰਜਾਬ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਦਿੱਤਾ ਹੈ। ਪ੍ਰਵਾਸੀ ਪੰਜਾਬੀ ਹਰ ਸਾਲ ਹੀ ਕਰੋੜਾਂ-ਅਰਬਾਂ ਰੁਪਏ ਦੇ ਰੂਪ ਵਿੱਚ ਬੇਗਾਨੇ ਮੁਲਕਾਂ ਵਿਚੋਂ ਪੰਜਾਬ ਵਿੱਚ ਡਾਲਰ ਅਤੇ ਪੌਂਡ ਭੇਜਦੇ ਹਨ, ਜਿਸ ਕਾਰਨ ਇਧਰ ਰਹਿੰਦੇ ਉਹਨਾਂ ਦੇ ਪਰਿਵਾਰ ਅਤੇ ਹੋਰ ਰਿਸ਼ਤੇਦਾਰਾਂ ਦੀ ਰੋਜ਼ੀ ਰੋਟੀ ਚਲਣ ਦੇ ਨਾਲ ਹੀ ਉਹਨਾਂ ਨੂੰ ਅਨੇਕਾਂ ਹੀ ਵਡਮੁੱਲੀਆਂ ਸਹੂਲਤਾਂ ਵੀ ਮਿਲ ਰਹੀਆਂ ਹਨ। ਇੱਕ ਅੰਦਾਜ਼ੇ ਮੁਤਾਬਕ ਪੰਜਾਬ ਦੇ ਹਰ ਦੂਜੇ ਘਰ ਵਿੱਚ ਰਹਿੰਦੇ ਪਰਿਵਾਰ ਦਾ ਕੋਈ ਨਾ ਕੋਈ ਮੈਂਬਰ ਜਾਂ ਫਿਰ ਰਿਸ਼ਤੇਦਾਰ ਪ੍ਰਵਾਸ ਕਰਕੇ ਵਿਦੇਸ਼ ਗਿਆ ਹੋਇਆ ਹੈ, ਜੋ ਕਿ ਵਿਦੇਸ਼ ਵਿੱਚ ਸਖ਼ਤ ਮਿਹਨਤ ਕਰਦਾ ਹੋਇਆ ਵੀ ਇਹਨਾਂ ਦਾ ਪੂਰਾ ਧਿਆਨ ਰੱਖਦਾ ਹੈ। ਇਸ ਪਰਵਾਸੀ ਪਰਿਵਾਰਕ ਮੈਂਬਰ ਜਾਂ ਰਿਸ਼ਤੇਦਾਰ ਵੱਲੋਂ ਭੇਜੇ ਜਾਂਦੇ ਡਾਲਰਾਂ ਤੇ ਪੌਂਡਾਂ ਦੀ ਚਮਕ ਇਹਨਾਂ ਪੰਜਾਬੀਆਂ ਦੇ ਨਾਲ- ਨਾਲ ਹੋਰਨਾਂ ਲੋਕਾਂ ਦੀਆਂ ਵੀ ਅੱਖਾਂ ਚੁੰਧਿਆਈ ਰੱਖਦੀ ਹੈ ਅਤੇ ਇਹ ਪ੍ਰਵਾਸੀ ਪੰਜਾਬੀਆਂ ਵੱਲੋਂ ਭੇਜੇ ਜਾਂਦੇ ਪੈਸੇ ਦੇ ਸਿਰ ਉੱਪਰ ਸੁੱਖਾਂ ਭਰੀ ਜਿੰਦਗੀ ਬਤੀਤ ਕਰ ਰਹੇ ਹਨ।

ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਦੁਨੀਆ ਭਰ ਵਿੱਚ ਵਸੇ ਵਿਦੇਸ਼ੀ ਭਾਰਤੀਆਂ ਨੇ ਵਿੱਤੀ ਸਾਲ 2025 ਵਿੱਚ 135.46 ਬਿਲੀਅਨ ਡਾਲਰ ਆਪਣੇ ਘਰਾਂ ਨੂੰ ਭਾਵ ਭਾਰਤ ਵਿੱਚ ਭੇਜੇ ਹਨ। ਇਹ ਹੁਣ ਤੱਕ ਦਾ ਸਭ ਤੋਂ ਵੱਡਾ ਅੰਕੜਾ ਹੈ। ਆਰ.ਬੀ.ਆਈ. ਅਨੁਸਾਰ ਇਸ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਲਗਭਗ 14% ਦਾ ਵਾਧਾ ਦਰਜ ਕੀਤਾ ਗਿਆ ਹੈ। ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਭਾਰਤ ਪ੍ਰਵਾਸੀਆਂ ਤੋਂ ਪੈਸੇ ਲੈਣ ਵਿੱਚ ਸਭ ਤੋਂ ਅੱਗੇ ਰਿਹਾ ਹੈ। 2016-17 ਵਿੱਚ ਜਿੱਥੇ ਇਹ 61 ਬਿਲੀਅਨ ਡਾਲਰ ਸੀ। ਹੁਣ ਇਹ ਪਿਛਲੇ 8 ਸਾਲਾਂ ਵਿੱਚ ਦੁੱਗਣੇ ਤੋਂ ਵੀ ਵੱਧ ਹੋ ਗਿਆ ਹੈ। ਆਰ.ਬੀ.ਆਈ. ਮੁਤਾਬਕ ਅਮਰੀਕਾ, ਬ੍ਰਿਟੇਨ ਅਤੇ ਸਿੰਗਾਪੁਰ ਵਰਗੇ ਵਿਕਸਿਤ ਦੇਸ਼ਾਂ ਤੋਂ ਭਾਰਤ ਭੇਜੇ ਜਾਣ ਵਾਲੇ ਪੈਸੇ ਦਾ ਹਿੱਸਾ ਸਭ ਤੋਂ ਜ਼ਿਆਦਾ ਹੈ। ਵਿਦੇਸ਼ਾਂ ਤੋਂ ਪ੍ਰਵਾਸੀਆਂ ਭਾਰਤੀਆਂ ਵੱਲੋਂ ਭਾਰਤ ਭੇਜੇ ਗਏ ਕੁੱਲ ਪੈਸੇ ਦਾ ਲਗਭਗ 45% ਇਨ੍ਹਾਂ ਤਿੰਨ ਦੇਸ਼ਾਂ ਤੋਂ ਆਇਆ ਹੈ। ਵਿਦੇਸ਼ੀ ਭਾਰਤੀਆਂ ਵੱਲੋਂ ਵਿੱਤੀ ਸਾਲ 2025 ਦੌਰਾਨ ਹੁਣ ਤੱਕ ਭਾਰਤ ਵਿੱਚ ਭੇਜੇ ਗਏ ਪੈਸੇ ਵਿੱਚ ਵੱਖ ਵੱਖ ਮੁਲਕਾਂ 'ਚ ਰਹਿੰਦੇ ਪ੍ਰਵਾਸੀ ਪੰਜਾਬੀਆਂ ਵੱਲੋਂ ਪੰਜਾਬ ਵਿੱਚ ਭੇਜਿਆ ਗਿਆ ਪੈਸਾ ਵੀ ਸ਼ਾਮਲ ਹੈ।

ਪੰਜਾਬ ਵਿੱਚ ਅੱਤਵਾਦ ਦੇ ਦੌਰ 1980-81 ਤੋਂ 1992 ਦੌਰਾਨ ਵਿਸ਼ਵ ਬੈਂਕ ਦੀ ਇੱਕ ਰਿਪੋਰਟ ਆਈ ਸੀ ਜਿਸ ਵਿੱਚ ਸਪਸ਼ਟ ਕਿਹਾ ਗਿਆ ਸੀ ਪੰਜਾਬ ਨੇ ਇਹਨਾਂ ਸਾਲਾਂ ਦੌਰਾਨ ਸੰਤਾਪ ਹੰਢਾਇਆ ਪਰ ਪੰਜਾਬ ਦੀ ਅਰਥ ਵਿਵਸਥਾ ਨੂੰ ਢਾਹ ਨਹੀਂ ਲੱਗ ਸਕੀ ਕਿਉਂਕਿ ਪ੍ਰਵਾਸੀ ਪੰਜਾਬੀਆਂ ਦਾ ਜੋ ਪੈਸਾ ਪੰਜਾਬ ਵਿੱਚ ਆਉਂਦਾ ਰਿਹਾ ਉਸਨੇ ਪੰਜਾਬ ਦੀ ਅਰਥ ਵਿਵਸਥਾ ਨੂੰ ਬਦਹਾਲ ਹੋਣ ਤੋਂ ਬਚਾ ਲਿਆ। ਇੱਕ ਪੱਖ ਇਹ ਵੀ ਹੈ ਕਿ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਪੰਜਾਬ ਵਿੱਚ ਆਲੀਸ਼ਾਨ ਘਰ ਬਣਾਉਂਦੇ ਰਹੇ, ਪੰਜਾਬ ਦਾ ਦੁਆਬਾ ਖੇਤਰ ਐਨ.ਆਰ.ਆਈਜ਼ ਵੱਲੋਂ ਬਣਾਈਆਂ ਕੋਠੀਆਂ ਦੀ ਮੂੰਹੋਂ ਬੋਲਦੀ ਤਸਵੀਰ ਹੈ। ਜਿਸਦਾ ਮਤਲਬ ਹੈ ਕਿ ਵਿਦੇਸ਼ੀ ਪੈਸਾ ਪੰਜਾਬ ਵਿੱਚ ਆਉਂਦਾ ਰਿਹਾ। ਰੇਤਾ, ਬੱਜਰੀ ਅਤੇ ਹੋਰ ਬਿਲਡਿੰਗ ਮੈਟੀਰੀਅਲ ਪੰਜਾਬ ਵਿਚੋਂ ਖਰੀਦਿਆ ਗਿਆ। ਇਥੋਂ ਤੱਕ ਕਿ ਜਦੋਂ ਪੰਜਾਬ ਵਿੱਚ ਅਰਬਨ ਡਿਵੈਲਪਮੈਂਟ ਸ਼ੁਰੂ ਹੋਈ ਤਾਂ ਪ੍ਰਵਾਸੀ ਪੰਜਾਬੀਆਂ ਵੱਲੋਂ ਪਲਾਟ, ਕੋਠੀਆ, ਫਲੈਟ ਵੀ ਵੱਡੀ ਗਿਣਤੀ ਵਿੱਚ ਖਰੀਦੇ ਗਏ ਨਾਲ ਹੀ ਉਹਨਾਂ ਵੱਲੋਂ ਜ਼ਮੀਨਾਂ ਵੀ ਖਰੀਦੀਆਂ ਗਈਆਂ। ਇਹ ਸਾਰਾ ਪੈਸਾ ਪੰਜਾਬ ਵਿੱਚ ਆਇਆ ਅਤੇ ਪੰਜਾਬ ਦੀ ਅਰਥ ਵਿਵਸਥਾ ਨੂੰ ਮਜ਼ਬੂਤ ਕਰਦਾ ਰਿਹਾ। ਪ੍ਰਵਾਸੀ ਪੰਜਾਬੀਆਂ ਵੱਲੋਂ ਪਿਛਲੇ ਸਮੇਂ 'ਚ ਪ੍ਰਾਪਰਟੀ ਲਈ ਬਹੁਤ ਇਨਵੈਸਟਮੈਂਟ ਕੀਤੀ ਗਈ। ਇਸਦੇ ਨਾਲ ਹੀ ਪਿੰਡਾਂ ਸ਼ਹਿਰਾਂ ਵਿਚ ਸਕੂਲ, ਹਸਪਤਾਲ ਅਤੇ ਵਿਕਾਸ ਕਾਰਜਾਂ ਲਈ ਯੋਗਦਾਨ ਦਿੱਤਾ ਜਾਂਦਾ ਹੈ। ਵਿਦੇਸ਼ਾਂ ਵਿੱਚ ਰਹਿੰਦੇ ਬਹੁਗਿਣਤੀ ਪੰਜਾਬੀ ਖਾਸ ਤੌਰ 'ਤੇ ਪੰਜਾਬ ਵਿੱਚ ਆ ਕੇ ਆਪਣੇ ਬੱਚਿਆਂ ਦੇ ਵਿਆਹ ਕਰਦੇ ਹਨ। ਇਸਦਾ ਸਿੱਧਾ ਮਤਲਬ ਕਿ ਡਾਲਰਾਂ ਅਤੇ ਪੌਂਡਾ ਦਾ ਖਰਚਾ ਰੁਪਈਆ ਵਿੱਚ ਹੋ ਰਿਹਾ ਹੈ। ਕੱਪੜੇ, ਗਹਿਣੇ, ਕੇਟਰਿੰਗ, ਲੈਣ ਦੇਣ ਇਹ ਸਭ ਕੁਝ ਪੰਜਾਬ ਦੇ ਖਾਤੇ ਵਿੱਚ ਹੀ ਜਾ ਰਹੇ ਹਨ। ਪ੍ਰਵਾਸੀ ਪੰਜਾਬੀਆਂ ਵੱਲੋਂ ਵਿਆਹਾਂ ਦੌਰਾਨ ਸਭ ਤੋਂ ਜ਼ਿਆਦਾ ਖ਼ਰਦ ਕੀਤਾ ਜਾਂਦਾ ਹੈ ।ਜਿਸ ਦਾ ਸਿੱਧਾ ਲਾਭ ਪੰਜਾਬ ਦੀ ਆਰਥਿਕਤਾ ਨੂੰ ਹੋ ਰਿਹਾ ਹੈ।

ਵੱਡੀ ਗਿਣਤੀ ਪਰਵਾਸੀ ਪੰਜਾਬੀ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਸਖ਼ਤ ਮਿਹਨਤ ਕਰਦੇ ਸਮੇਂ ਆਪਣੀਆਂ ਅੱਖਾਂ ਅੱਗੇ ਉਸ ਛੋਟੀ ਭੈਣ ਦਾ ਮਾਸੂਮ ਚਿਹਰਾ ਵੀ ਆਉਂਦਾ ਰਹਿੰਦਾ ਹੈ, ਜਿਹੜੀ ਨਿੱਕੀ ਭੈਣ ਨੂੰ ਉਹ ਛੋਟੀ ਜਿਹੀ ਨੂੰ ਹੀ ਪਿੰਡ ਛੱਡ ਕੇ ਅੱਧ ਮਿਚੀਆਂ ਅੱਖਾਂ ਵਿੱਚ ਕਈ ਤਰ੍ਹਾਂ ਦੇ ਸੁਪਨੇ ਲੈਂਦਿਆਂ ਦਿੱਲੀ ਦੇ ਹਵਾਈ ਅੱਡੇ ਤੋਂ ਵਿਦੇਸ਼ ਲਈ ਜਹਾਜ਼ ਚੜ੍ਹੇ ਸਨ, ਇਹਨਾਂ ਨੂੰ ਪਤਾ ਹੈ ਕਿ ਇਹਨਾਂ ਦੀਆਂ ਨਿੱਕੀਆਂ ਭੈਣਾਂ ਹੁਣ ਜਵਾਨ ਹੋ ਚੁੱਕੀਆਂ ਹਨ ਅਤੇ ਉਹਨਾਂ ਦੇ ਵਿਆਹਾਂ ਦਾ ਫਿਕਰ ਉਹਨਾਂ ਦੇ ਬੇਬੇ ਬਾਪੂ ਨੂੰ ਵੱਢ ਵੱਢ ਖਾਂਦਾ ਹੈ ਅਤੇ ਸਭ ਦੀ ਟੇਕ ਪ੍ਰਵਾਸ ਦਾ ਦਰਦ ਹੰਢਾ ਰਹੇ ਪੰਜਾਬੀ ਪ੍ਰਵਾਸੀ ਪੁੱਤਰਾਂ ਉੱਪਰ ਹੀ ਹੁੰਦੀ ਹੈ। ਇਸ ਤਰ੍ਹਾਂ ਆਪਣੇ ਪਰਿਵਾਰ ਦੇ ਲਈ ਇਹ ਪਰਵਾਸੀ ਪੰਜਾਬੀ ਨੌਜਵਾਨ ਆਪਣੀ ਜਿੰਦਗੀ ਕੁਰਬਾਨ ਕਰ ਦਿੰਦੇ ਹਨ । ਖ਼ੁਦ ਭੁੱਖੇ ਰਹਿ ਕੇ ਆਪਣੇ ਪੰਜਾਬ ਰਹਿੰਦੇ ਪਰਿਵਾਰ ਨੂੰ ਹਰ ਮਹੀਨੇ ਹੀ ਮੋਟੀ ਰਕਮ ਭੇਜਦੇ ਹਨ ਤਾਂ ਕਿ ਭੈਣਾਂ ਦੇ ਵਿਆਹ ਲਈ ਦਾਜ ਦਾ ਪ੍ਰਬੰਧ ਹੋ ਸਕੇ ਅਤੇ ਬਾਪੂ ਸਿਰ ਚੜ੍ਹੇ ਕਰਜ਼ੇ ਦੀ ਪੰਡ ਕੁਝ ਹੋਲੀ ਹੋ ਸਕੇ।

ਜਿਹੜੇ ਪ੍ਰਵਾਸੀ ਪੰਜਾਬੀ ਪੰਜਾਬ ਵਿੱਚ ਸੱਭਿਆਚਾਰਕ ਮੇਲਿਆਂ ਅਤੇ ਖੇਡ ਮੇਲਿਆਂ ਲਈ ਲੱਖਾਂ ਡਾਲਰ ਭੇਜ ਸਕਦੇ ਹਨ ਤਾਂ ਉਹ ਪ੍ਰਵਾਸੀ ਪੰਜਾਬੀ ਆਪਣੇ ਪਿੰਡ ਦੇ ਜੇ ਇੱਕ ਇੱਕ ਗਰੀਬ ਪਰਿਵਾਰ ਦੀ ਵੀ ਸਹਾਇਤਾ ਕਰ ਦੇਣ ਤਾਂ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਕੋਈ ਗਰੀਬ ਵਿਅਕਤੀ ਖ਼ੁਦਕੁਸ਼ੀ ਕਰਨ ਬਾਰੇ ਨਹੀਂ ਸੋਚੇਗਾ। ਕਰਜ਼ੇ ਦੇ ਝੰਬੇ ਅਤੇ ਜਵਾਨ ਧੀ ਦੀ ਡੋਲੀ ਨਾ ਤੋਰ ਸਕਣ ਦਾ ਗਮ ਦਿਲ ਨੂੰ ਲਾਈ ਬੈਠੇ ਗਰੀਬ ਅਤੇ ਲੋੜਵੰਦ ਲੋਕਾਂ ਨੂੰ ਖ਼ੁਦਕੁਸ਼ੀਆਂ ਕਰਨ ਤੋਂ ਰੋਕਣ ਲਈ ਪਰਵਾਸੀ ਪੰਜਾਬੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ।

# ਕੀ ਬਿਹਾਰ ਜਿੱਤਿਆ ਗਿਆ ਹੈ ?



ਗੁਰਮੀਤ ਸਿੰਘ ਪਲਾਹੀ



ਕੀ ਬਿਹਾਰ ਗਰੀਬ ਹੈ ? ਕੀ ਬਿਹਾਰ ਵਿੱਚ ਵੱਡੇ ਪੈਮਾਨੇ 'ਤੇ ਬੇਰੁਜ਼ਗਾਰੀ ਹੈ? ਕੀ ਬਿਹਾਰ 'ਚ ਕਰੋੜਾਂ ਲੋਕ ਨੌਕਰੀ ਦੀ ਭਾਲ ਵਿੱਚ ਦੂਜੇ ਸੂਬਿਆਂ ਵਿੱਚ ਪਲਾਇਨ ਕਰ ਰਹੇ ਹਨ? ਕੀ ਅਤਿ ਦੀ ਗ਼ਰੀਬੀ ਨੇ ਬਿਹਾਰ ਦੇ ਲੋਕਾਂ ਦੇ ਇੱਕ ਵੱਡੇ ਹਿੱਸੇ ਨੂੰ ਪ੍ਰਭਾਵਿਤ ਕੀਤਾ ਹੋਇਆ ਹੈ? ਕੀ ਬਿਹਾਰ ਵਿੱਚ ਸਿੱਖਿਆ ਤੇ ਸਿਹਤ ਸੇਵਾਵਾਂ ਦੇ ਹਾਲਤ ਤਰਸਯੋਗ ਹਨ? ਜੇਕਰ ਹਰ ਸਵਾਲ ਦਾ ਜਵਾਬ ਹਾਂ ਹੈ, ਤਾਂ ਹੁਣੇ ਜਿਹੇ ਹੋਈਆਂ ਬਿਹਾਰ ਚੋਣਾਂ ਵਿੱਚ ਵੋਟਰਾਂ ਨੇ ਆਪਣੀ ਵੋਟ ਦੀ ਵਰਤੋਂ ਕੀਤੀ ਹੈ ਤਾਂ ਉਸਦਾ ਕੋਈ ਸਪਸ਼ਟ ਕਾਰਨ ਨਜ਼ਰ ਨਹੀਂ ਆਉਂਦਾ।

ਬਿਹਾਰ ਦੀਆਂ ਚੋਣਾਂ 'ਚ ਐਨ.ਡੀ.ਏ. ( ਭਾਜਪਾ ਜਮ੍ਹਾਂ ਨਿਤੀਸ਼ ਕੁਮਾਰ ਜਮ੍ਹਾਂ ਹੋਰ ਪਾਰਟੀਆਂ) ਨੂੰ 202 ਵਿਧਾਨ ਸਭਾ ਸੀਟਾਂ ਮਿਲੀਆਂ ਜਦਕਿ ਮਹਾਂਗਠਬੰਧਨ (ਤੇਜਸਵੀ ਯਾਦਵ ਜਮ੍ਹਾਂ ਕਾਂਗਰਸ ਜਮ੍ਹਾਂ ਹੋਰ ਪਾਰਟੀਆਂ) ਨੂੰ ਸਿਰਫ਼ 35 ਸੀਟਾਂ ਮਿਲੀਆਂ ਹਨ।

ਇਹਨਾਂ ਬਿਹਾਰ ਵਿਧਾਨ ਸਭਾ ਚੋਣਾਂ 'ਚ ਇੱਕ ਨਵਾਂ ਗੀਤ ਸੀ- ਮਤਦਾਨ ਤੋਂ ਪਹਿਲਾਂ, ਮਤਦਾਨ ਦੇ ਦੌਰਾਨ ਅਤੇ ਮਤਦਾਨ ਦੇ ਬਾਅਦ ਹਰ ਘਰ ਦੀ ਇੱਕ ਔਰਤ ਨੂੰ 10 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਦੇਣਾ। ਚੋਣਾਂ ਦੌਰਾਨ ਕੀ ਇਹ ਖੁੱਲ੍ਹੀ ਰਿਸ਼ਵਤ ਨਹੀਂ ਸੀ? ਬਿਹਾਰ 'ਚ 62.98% ਔਰਤਾਂ ਨੇ ਵੋਟਾਂ ਪਾਈਆਂ ਅਤੇ ਮਰਦਾਂ ਨੇ 71.78 ਪ੍ਰਤੀਸ਼ਤ। ਪਰ ਬਿਹਾਰ 'ਚ ਸੱਤ ਜ਼ਿਲਿਆਂ 'ਚ ਮਰਦਾਂ ਦੇ ਮੁਕਾਬਲੇ ਔਰਤਾਂ ਨੇ ਜ਼ਿਆਦਾ ਪ੍ਰਤੀਸ਼ਤ ਮਤਦਾਨ ਕੀਤਾ। ਕੀ ਇਹ 10 ਹਜ਼ਾਰ ਰੁਪਏ ਰਿਸ਼ਵਤ ਦੀ ਕਰਾਮਾਤ ਨਹੀਂ ਸੀ ਕਿ ਸੱਤਾਧਾਰੀ ਪਾਰਟੀ ਪੈਸੇ ਦੇ ਕੇ ਚੋਣਾਂ ਜਿੱਤ ਗਈ?

ਭਾਰਤੀ ਚੋਣ ਕਮਿਸ਼ਨ ਵੱਲੋਂ ਬਿਹਾਰ ਚੋਣਾਂ ਦੀਆਂ ਤਾਰੀਖਾਂ ਦੀ ਘੋਸ਼ਣਾ ਤੋਂ 10 ਦਿਨ ਪਹਿਲਾਂ ਪ੍ਰਧਾਨ ਮੰਤਰੀ ਵੱਲੋਂ ਮੁੱਖ ਮੰਤਰੀ ਮਹਿਲਾ ਰੋਜ਼ਗਾਰ ਯੋਜਨਾ ਦੇ ਐਲਾਨ 'ਤੇ ਭਾਰਤੀ ਚੋਣ ਕਮਿਸ਼ਨ ਨੇ ਚੁੱਪੀ ਸਾਧ ਲਈ। ਔਰਤਾਂ ਦੇ ਖ਼ਾਤਿਆਂ ਵਿੱਚ 10 ਹਜ਼ਾਰ ਰੁਪਏ ਚੋਣਾਂ ਤੋਂ ਪਹਿਲਾਂ ਪੈਣੇ ਸ਼ੁਰੂ ਹੋਏ ਅਤੇ ਚੋਣਾਂ ਦੌਰਾਨ ਵੀ ਜਾਰੀ ਰਹੇ। ਚੋਣ ਕਮਿਸ਼ਨ ਨੇ ਕਿਸੇ ਵੀ ਪੱਧਰ 'ਤੇ ਇਸ ਨੂੰ ਨਹੀਂ ਰੋਕਿਆ।

ਭਾਰਤੀ ਚੋਣ ਕਮਿਸ਼ਨ ਦੇ ਪੱਖਪਾਤ ਦੀ ਕਾਰਵਾਈ ਇਸ ਗੱਲ ਤੋਂ ਵੇਖੀ ਜਾ ਸਕਦੀ ਹੈ ਕਿ ਜਦ 2004 ਵਿੱਚ ਲੋਕ ਸਭਾ ਚੋਣਾਂ ਦੀਆਂ ਤਰੀਖਾਂ ਐਲਾਨੀਆਂ ਗਈਆਂ ਤਾਂ ਮਾਰਚ 2003 ਵਿੱਚ ਸ਼ੁਰੂ ਕੀਤੀ ਗਈ ਕਿਸਾਨਾਂ ਲਈ ਤਮਿਲਨਾਡੂ ਵਿੱਚ ਨਕਦ ਰਾਸ਼ੀ ਯੋਜਨਾ ਬੰਦ ਕਰ ਦਿੱਤੀ ਗਈ ਸੀ। ਸਾਲ 2006 ਵਿੱਚ ਇੱਕ ਮੁਫ਼ਤ ਰੰਗੀਨ ਟੀਵੀ ਯੋਜਨਾ ਲਾਗੂ ਕੀਤੀ ਗਈ ਸੀ। ਸਾਲ 2011 ਵਿੱਚ ਜਦੋਂ ਵਿਧਾਨ ਸਭਾ ਚੋਣਾਂ ਐਲਾਨੀਆਂ ਗਈਆਂ ਤਾਂ ਇਹ ਯੋਜਨਾ ਅਚਾਨਕ ਬੰਦ ਕਰ ਦਿੱਤੀ ਗਈ। ਕੀ ਇਹ ਚੋਣ ਕਮਿਸ਼ਨ ਦਾ ਪੱਖਪਾਤ ਨਹੀਂ ਹੈ ਕਿ 10 ਹਜ਼ਾਰ ਰੁਪਏ ਚੋਣਾਂ 'ਚ ਔਰਤਾਂ ਨੂੰ ਦਿੱਤੇ ਗਏ ਤੇ ਕੋਈ ਪਾਬੰਦੀ ਨਹੀਂ ਲਗਾਈ ਗਈ?

ਬਿਹਾਰ ਚੋਣਾਂ ਦੇਸ਼ ਲਈ ਅਹਿਮ ਸਨ। ਸੱਤਾ ਧਿਰ ਅਤੇ ਵਿਰੋਧੀ ਧਿਰ ਦੇ ਨੇਤਾ ਪੂਰੇ ਜੋਸ਼ ਨਾਲ ਬਿਹਾਰ ਦੇ ਲੋਕਾਂ ਦੀ ਕਚਹਿਰੀ 'ਚ ਪੁੱਜੇ। ਚੋਣਾਂ 'ਚ ਸੱਤਾ ਧਿਰ ਸਮੇਤ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੇ ਸਾਰੀ ਤਾਕਤ ਝੌਂਕ ਦਿੱਤੀ। ਨਿਤੀਸ਼ ਕੁਮਾਰ ਮੁੱਖ ਮੰਤਰੀ ਅਤੇ ਉਸਦੀ ਪਾਰਟੀ ਵੱਲੋਂ ਵੀ ਪੂਰਾ ਜ਼ੋਰ ਚੋਣ ਜਿੱਤਣ ਲਈ ਲਗਾਇਆ ਗਿਆ ।

ਜੇਕਰ ਸੱਤਾ ਧਿਰ ਚੋਣ ਹਾਰ ਜਾਂਦੀ, ਤਾਂ ਅਗਲੀਆਂ ਲੋਕ ਸਭਾ ਚੋਣਾਂ 'ਚ ਉਸ ਦੀ ਜਿੱਤ ਉੱਤੇ ਵੱਡੇ ਪ੍ਰਸ਼ਨ ਚਿੰਨ੍ਹ ਲੱਗਣੇ ਸਨ। ਬਿਹਾਰ ਦੀਆਂ ਚੋਣ ਗਤੀਵਿਧੀਆਂ ਦੇ ਪ੍ਰਕਾਸ਼ਨ ਅਤੇ ਪ੍ਰਸਾਰਨ ਨੇ ਸੱਤਾ ਧਿਰ ਦੇ ਹੱਕ 'ਚ ਪੂਰਾ ਜ਼ੋਰ ਲਗਾਇਆ । ਵੱਖਰੇ-ਵੱਖਰੇ ਖੇਤਰਾਂ 'ਚ ਮੀਡੀਆ ਸੰਸਥਾਨ ਇੱਕੋ ਆਵਾਜ਼ 'ਚ ਬੋਲ ਰਹੇ ਸਨ ਕਿ ਲੋਕ ਜਾਤੀ ਦੇ ਆਧਾਰ 'ਤੇ ਵੋਟ ਦੇ ਰਹੇ ਹਨ। ਇਹ ਵੀ ਕਹਿ ਰਹੇ ਸਨ ਕਿ ਨਿਤੀਸ਼ ਕੁਮਾਰ ਦੇ ਖਿਲਾਫ਼ ਕੋਈ ਵਿਰੋਧੀ ਲਹਿਰ ਨਹੀਂ ਹੈ? ਪ੍ਰਧਾਨ ਮੰਤਰੀ ਨੇ ਚੋਣਾਂ ਦੌਰਾਨ 20 ਵਾਰ ਬਿਹਾਰ ਚੋਣ-ਯਾਤਰਾ ਕੀਤੀ ਤੇ ਪ੍ਰੈਸ ਨੇ ਇਸਨੂੰ ਭਾਰੀ ਕਵਰੇਜ ਦਿੱਤੀ।

ਬਿਨਾਂ ਸ਼ੱਕ ਰਾਹੁਲ ਗਾਂਧੀ ਆਪਣੇ ਮੁੱਖ ਮੁੱਦੇ -ਵੋਟ ਚੋਰੀ ਅਤੇ ਬੇਰੁਜ਼ਗਾਰੀ ਉੱਤੇ ਅੜੇ ਰਹੇ। ਤੇਜਸਵੀ ਯਾਦਵ ਚੋਣ ਪ੍ਰਚਾਰ ਵਿੱਚ ਊਰਜਾ ਤਾਂ ਲਿਆ ਸਕੇ ਪਰ ਲੋਕਾਂ ਵਿੱਚ ਆਪਣੇ ਪਰਿਵਾਰ ਦੇ ਬਣੇ 'ਜੰਗਲ ਰਾਜ' ਦੇ ਅਕਸ ਨੂੰ ਸਾਫ਼ ਨਾ ਕਰ ਸਕੇ। ਲਾਲੂ ਪ੍ਰਸਾਦ ਯਾਦਵ ਅਤੇ ਉਸ ਦੀ ਪਤਨੀ ਨੇ ਬਿਹਾਰ 'ਚ 15 ਸਾਲ (1990 -2005) ਤੱਕ ਰਾਜ ਕੀਤਾ ਅਤੇ ਨਿਤੀਸ਼ ਕੁਮਾਰ 20 ਸਾਲ ਤੋਂ ਰਾਜ ਕਰ ਰਹੇ ਹਨ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹਨਾਂ 20 ਵਰ੍ਹਿਆਂ 'ਚ ਬਿਹਾਰ ਦੀ ਹਾਲਤ ਨਹੀਂ ਸੁਧਰੀ।

ਦੇਸ਼ 'ਚ ਬਿਹਾਰ ਵਿਕਾਸ ਦੇ ਮਾਮਲੇ 'ਚ ਫਾਡੀ ਹੈ। ਸਿਹਤ, ਸਿੱਖਿਆ ਸਹੂਲਤਾਂ ਨਿਕੰਮੀਆਂ ਹਨ, ਪਰ ਇਵੇਂ ਲੱਗਿਆ ਇਸ ਚੋਣ ਦੇ ਨਤੀਜਿਆਂ ਤੋਂ ਕਿ ਨਿਤੀਸ਼ ਕੁਮਾਰ ਦੀਆਂ ਨਕਾਮੀਆਂ ਤੋਂ ਵੀ ਲੋਕਾਂ 'ਚ ਕੋਈ ਨਰਾਜ਼ਗੀ ਨਹੀਂ ਹੈ।

ਬਿਹਾਰ ਵਿਧਾਨ ਸਭਾ 'ਚ ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਕਈ ਸੀਟਾਂ ਉੱਤੇ ਜਿੱਤਣ ਤੇ ਹਾਰਨ ਵਾਲੀ ਉਮੀਦਵਾਰਾਂ ਦੀਆਂ ਵੋਟਾਂ ਦਾ ਫ਼ਰਕ 50 ਵੋਟਾਂ ਤੋਂ ਵੀ ਘੱਟ ਹੈ ਅਤੇ ਕਈ ਸੀਟਾਂ ਉੱਤੇ ਫ਼ਰਕ 500 ਤੋਂ ਇੱਕ ਹਜ਼ਾਰ ਵੋਟਾਂ ਤੋਂ ਵੀ ਘੱਟ।

ਚੋਣ ਨਤੀਜਿਆਂ ਸੰਬੰਧੀ ਹੋਰ ਵੀ ਕਈ ਕਿੰਤੂ-ਪ੍ਰੰਤੂ ਸਾਹਮਣੇ ਆਏ ਹਨ। ਪਰ ਕੁਝ ਇੱਕ ਗੱਲਾਂ ਜਿਹੜੀਆਂ ਸਪਸ਼ਟ ਤੌਰ 'ਤੇ ਬਿਹਾਰ ਚੋਣਾਂ 'ਚ ਵੇਖਣ ਨੂੰ ਮਿਲੀਆਂ ਉਹ ਇਹ ਹੈ ਕਿ ਪਹਿਲੀ ਫੇਜ਼ ਦੀ ਚੋਣ ਤੋਂ ਬਾਅਦ ਇੱਕ ਵੱਡੇ ਭਾਜਪਾ ਨੇਤਾ ਵੱਲੋਂ ਇਹ ਬਿਆਨ ਦੇਣਾ ਕਿ 'ਸਾਨੂੰ ਨਮਕ ਹਰਾਮ ਲੋਕਾਂ ਦੀਆਂ ਵੋਟਾਂ ਨਹੀਂ ਚਾਹੀਦੀਆਂ।' ਇੱਕ ਵੱਡੀ ਚਰਚਾ ਦਾ ਵਿਸ਼ਾ ਬਣਿਆ। ਇਸ ਨਾਲ ਵੋਟਾਂ ਦਾ ਧਰੁਵੀਕਰਨ ਵਧਿਆ। ਇਸ ਬਿਆਨ ਬਾਰੇ ਭਾਰਤੀ ਚੋਣ ਕਮਿਸ਼ਨ ਦੀ ਚੁੱਪੀ ਚਰਚਾ 'ਚ ਰਹੀ।

ਵਿਰੋਧੀ ਧਿਰ ਵੱਲੋਂ ਖ਼ਾਸ ਕਰਕੇ ਰਾਹੁਲ ਗਾਂਧੀ ਵੱਲੋਂ ਵੋਟ ਚੋਰੀ ਦੇ ਮਾਮਲੇ ਉੱਤੇ ਜ਼ੋਰ ਦਿੱਤਾ ਗਿਆ ਅਤੇ ਇਸ ਮਾਮਲੇ ਨੂੰ ਹੀ ਪ੍ਰਚਾਰਨ ਦਾ ਪੂਰਾ ਟਿੱਲ ਲਾ ਦਿੱਤਾ ਗਿਆ। ਪਰ ਲੋਕਾਂ ਦੀਆਂ ਵੱਡੀਆਂ ਸਮੱਸਿਆਵਾਂ ਵੱਲ ਅਤੇ ਮੁੱਦਿਆਂ ਪ੍ਰਤੀ ਲੋਕਾਂ 'ਚੋਂ ਉਭਾਰ ਨਾ ਪੈਦਾ ਕਰ ਸਕਣਾ, ਇਸ ਚੋਣ 'ਚ ਨਾਕਾਮੀ ਦਾ ਕਾਰਨ ਬਣਿਆ।

ਦੂਜਾ ਵੱਡਾ ਤੱਥ ਜੋ ਸਾਹਮਣੇ ਵੇਖਣ 'ਚ ਆਇਆ ਉਹ ਇਹ ਕਿ ਭਾਰਤੀ ਲੋਕਤੰਤਰ ਦੀ ਸਭ ਤੋਂ ਵੱਡੀ ਘਾਟ ਇਹੀ ਹੈ ਕਿ ਰਾਸ਼ਟਰੀ ਦਲ ਹੋਣ ਜਾਂ ਖੇਤਰੀ ਪਾਰਟੀਆਂ, ਉਹਨਾਂ 'ਚ ਅੰਦਰੂਨੀ ਲੋਕਤੰਤਰ ਦੀ ਵੱਡੀ ਘਾਟ ਹੈ। ਉਹ ਇੱਕ ਵਿਅਕਤੀ ਜਾਂ ਪਰਿਵਾਰ ਤੋਂ ਆਪਣੇ ਸਮੁੱਚੀ ਊਰਜਾ ਲੱਭਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਪਾਰਟੀ ਨੀਤੀਆਂ ਤੋਂ ਜ਼ਿਆਦਾ ਅਹਿਮ ਸੱਤਾ ਵਟੋਰਨਾ ਬਣ ਗਈ ਹੈ। ਉਹ ਨੈਤਿਕ- ਅਨੈਤਿਕ ਕਿਸੇ ਵੀ ਤਰ੍ਹਾਂ ਬਸ ਗੱਦੀ ਤੱਕ ਪਹੁੰਚਣ ਦੀ ਤਾਕ 'ਚ ਰਹਿੰਦੇ ਹਨ।

ਅੱਜ ਭਾਰਤ ਦੀ ਆਬਾਦੀ ਡੇਢ ਅਰਬ ਟੱਪ ਗਈ ਹੈ। ਦੇਸ਼ ਦੇ ਲੋਕਾਂ ਦਾ ਲੋਕਤੰਤਰ ਕੁਝ ਸਿਆਸੀ ਪਰਿਵਾਰਾਂ ਅਤੇ ਧਨਾਡ ਲੋਕਾਂ ਦੀ ਸ਼ਿਕੰਜੇ 'ਚ ਫਸ ਚੁੱਕਾ ਹੈ। ਸੱਤਾ ਉੱਤੇ ਪਾਰਲੀਮੈਂਟ ਵਿਧਾਨ ਸਭਾਵਾਂ 'ਚੋਂ ਇਹਨਾਂ ਲੋਕਾਂ ਦੀ ਗਿਣਤੀ ਵੱਧ ਰਹੀ ਹੈ। ਆਮ ਨਾਗਰਿਕ ਜਿਵੇਂ ਸਿਰਫ਼ ਵੋਟਰ ਬਣ ਗਿਆ ਹੈ, ਜਿਸ ਨੂੰ ਜਿਵੇਂ- ਕਿਵੇਂ ਵੀ ਤਰੋੜਿਆ- ਮਰੋੜਿਆ ਜਾ ਰਿਹਾ ਹੈ। ਬਿਹਾਰ ਦਾ ਦ੍ਰਿਸ਼ ਇਵੇਂ ਦਾ ਹੀ ਰਿਹਾ। ਜਿੱਥੇ ਸੱਤਾ ਧਿਰ ਨੇ ਵੋਟਰਾਂ ਨੂੰ ਭਰਮਾਇਆ, ਵਿਰੋਧੀ ਧਿਰ ਨੇ ਵੀ ਵੋਟਰਾਂ ਨੂੰ ਸਾਧਣ ਲਈ ਜ਼ੋਰ ਲਾਇਆ। ਨਤੀਜੇ ਹੈਰਾਨੀਜਨਕ ਰਹੇ।

ਬਿਹਾਰ 'ਚ ਭਾਜਪਾ ਇਹਨਾਂ ਚੋਣਾਂ 'ਚ 20. 08% ਵੋਟਾਂ ਲੈ ਕੇ 89 ਸੀਟਾਂ ਜਿੱਤ ਗਈ। ਨਿਤੀਸ਼ ਕੁਮਾਰ ਦੀ ਸਿਆਸੀ ਧਿਰ 19.25 ਪ੍ਰਤੀਸ਼ਤ ਵੋਟਾਂ ਲੈ ਕੇ 85 ਸੀਟਾਂ ਜਿੱਤ ਗਈ। ਜਦ ਕਿ ਮਹਾਂਗਠਬੰਧਨ 31.7 ਪ੍ਰਤੀਸ਼ਤ (ਕਾਂਗਰਸ 8.7%, ਆਰਜੀਡੀ 23 ਪ੍ਰਤੀਸ਼ਤ) ਵੋਟਾਂ ਲੈ ਕੇ 35 ਸੀਟਾਂ ਤੱਕ ਸਿਮਟ ਗਿਆ।

ਲਾਲੂ ਪ੍ਰਸਾਦ ਯਾਦਵ ਦਾ ਜਨਤਾ ਦਲ 23 ਫ਼ੀਸਦੀ ਵੋਟਾਂ ਲੈ ਕੇ ਵੀ 25 ਸੀਟਾਂ ਲੈ ਜਾ ਸਕੀ, ਜਦ ਕਿ ਭਾਜਪਾ 20.8 ਪ੍ਰਤੀਸ਼ਤ ਲੈ ਕੇ ਵੀ 89 ਸੀਟਾਂ ਲੈ ਗਈ। ਇਸ ਚੋਣ ਨਤੀਜੇ ਨੇ ਹੈਰਾਨੀ ਵਧਾਈ ਹੈ। ਇਹ ਕਿਵੇਂ ਤੇ ਕਿਉਂ ਵਾਪਰਿਆ ਹੈਰਾਨੀਕੁਨ ਹੈ। ਪ੍ਰਸ਼ਾਂਤ ਕਿਸ਼ੋਰ ਦੀ ਪਾਰਟੀ, ਕੋਈ ਸੀਟ ਨਾ ਜਿੱਤ ਸਕੀ। ਮੁਸਲਿਮ ਪਾਰਟੀ ਏ.ਆਈ.ਐਮ.ਆਈ. ਐਮ. ਨੇ 1.85 ਫ਼ੀਸਦੀ ਵੋਟਾਂ ਲਈਆਂ ਤੇ ਪੰਜ ਸੀਟਾਂ ਜਿੱਤੀਆਂ, ਪਰ ਮਹਾਂਗਠਬੰਧਨ ਦੀਆਂ ਕਾਫ਼ੀ ਸੀਟਾਂ 'ਤੇ ਜਿੱਤ ਨੂੰ ਪ੍ਰਭਾਵਿਤ ਕੀਤਾ। ਇਸ ਚੋਣ 'ਚ ਭਾਵੇਂ ਐਨ.ਡੀ.ਏ. ਨੇ ਵੱਡੀ ਜਿੱਤ ਪ੍ਰਾਪਤ ਕੀਤੀ ਪਰ ਆਮ ਲੋਕ ਸਮਰੱਥਨ ਰਾਸ਼ਟਰੀ ਜਨਤਾ ਦਲ (ਤੇਜਸਵੀ ਯਾਦਵ) ਦੇ ਹੱਕ ਚ ਅਰਥਾਤ ਮਹਾਂਗਠਬੰਧਨ ਦੇ ਹੱਕ 'ਚ ਰਿਹਾ।

ਪਰ ਇੱਕ ਗੱਲ ਸ਼ੀਸ਼ੇ ਵਾਂਗੂੰ ਸਾਫ਼ ਦਿਸਦੀ ਹੈ ਕਿ ਬਿਹਾਰ 'ਚ ਲੋਕਤੰਤਰ ਦਾ ਘਾਣ ਹੋਇਆ ਹੈ। ਸਾਮ, ਦਾਮ, ਦੰਡ ਦੀ ਸਿਆਸਤ ਮੁੜ ਉਭਾਰ 'ਤੇ ਰਹੀ ਹੈ, ਕਿਉਂਕਿ ਹਾਸ਼ੀਏ 'ਤੇ ਪਏ ਬਿਹਾਰ ਦੇ ਆਮ ਲੋਕ, ਲੋਕਾਂ ਦੇ ਪ੍ਰਤੀਨਿਧ ਬਣਨ 'ਚ ਕਾਮਯਾਬ ਨਹੀਂ ਹੋਏ। ਇਹ ਗੱਲ ਵੀ ਵੇਖਣੀ ਬਣਦੀ ਹੈ ਕਿ ਲੋਕਤੰਤਰ ਦੀ ਸਫ਼ਲਤਾ ਸਿਰਫ਼ ਚੋਣਾਂ ਕਰਵਾਉਣ ਅਤੇ ਸਰਕਾਰ ਬਣਾਉਣ ਤੱਕ ਸੀਮਤ ਨਹੀਂ ਹੈ । ਆਮ ਲੋਕਾਂ ਦੀ ਸ਼ਮੂਲੀਅਤ ਜ਼ਰੂਰੀ ਹੈ, ਜੋ ਬਿਹਾਰ ਵਿੱਚ ਗਾਇਬ ਰਹੀ।

ਬਿਹਾਰ ਦੀ 33.76 ਫ਼ੀਸਦੀ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ ਹੈ। ਇਹ ਦੇਸ਼ ਦੇ ਸਭ ਤੋਂ ਗਰੀਬ ਸੂਬਿਆਂ 'ਚੋਂ ਇੱਕ ਹੈ। ਬਿਹਾਰ ਦੇ ਨਾਗਰਿਕਾਂ ਦੀ ਪ੍ਰਤੀ ਵਿਅਕਤੀ ਆਮਦਨ ਦੇਸ਼ ਸਭ ਤੋਂ ਘੱਟ ਹੈ। ਸੂਬੇ 'ਚ ਨੌਕਰੀਆਂ ਦੀ ਘਾਟ ਹੈ। ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਦੇ ਰਹਿਣ-ਸਹਿਣ ਅਤੇ ਸੁਵਿਧਾਵਾਂ 'ਚ ਵੱਡਾ ਪਾੜਾ ਹੈ।

ਬਿਹਾਰ ਕਦੇ ਦੇਸ਼ 'ਚ ਸਿੱਖਿਆ ਦਾ ਸੂਚਕ ਸੀ, ਅੱਜ ਵਿਦਿਆਰਥੀਆਂ ਲਈ ਉੱਥੇ ਅਯੋਗ ਟੀਚਰ ਹਨ। ਲਾਈਬ੍ਰੇਰੀਆਂ, ਪ੍ਰਯੋਗਸ਼ਾਲਾਵਾਂ ਅਤੇ ਟੀਚਰਾਂ ਰਹਿਤ ਕਾਲਜ ਅਤੇ ਸਕੂਲ, ਨਕਲ ਦਾ ਬੋਲਬਾਲਾ, ਬਾਕੀ ਨਤੀਜਿਆਂ 'ਚ ਹੇਰਾ-ਫੇਰੀ, ਬੇਕਾਰ ਜਾਅਲੀ ਡਿਗਰੀਆਂ ਬਿਹਾਰ ਦੀ ਸਿੱਖਿਆ ਦੀ ਪਛਾਣ ਬਣ ਚੁੱਕੀ ਹੈ। ਨੌਜਵਾਨਾਂ ਲਈ ਨੌਕਰੀਆਂ ਨਹੀਂ ਹਨ। ਇਸ ਅਸੰਤੋਸ਼ਜਨਕ ਸਥਿਤੀ 'ਚ ਬਿਹਾਰ ਦੀ ਵਿਰੋਧੀ ਧਿਰ ਬਦਲਾਅ ਦੀ ਸਥਿਤੀ ਪੈਦਾ ਨਹੀਂ ਕਰ ਸਕੀ, ਕੋਈ ਵਿਕਲਪ ਨਹੀਂ ਦੇ ਸਕੀ ਅਤੇ ਆਰ.ਐਸ.ਐਸ. ਅਤੇ ਭਾਜਪਾ ਦੇ ਲੋਕਾਂ ਵਿਚਲੀ ਜ਼ਮੀਨੀ ਪਕੜ ਅਤੇ ਵੋਟ-ਵਟੋਰੂ ਰਾਜਨੀਤੀ ਦਾ ਮੁਕਾਬਲਾ ਕਰਨ 'ਚ ਅਸਫ਼ਲ ਰਹੀ। ਜਿੱਤਣ ਲਈ ਪਾਰਟੀ ਦੇ ਨੇਤਾਵਾਂ ਜਾਂ ਉਮੀਦਵਾਰਾਂ ਤੋਂ ਜ਼ਿਆਦਾ ਪਾਰਟੀ ਸੰਗਠਨ ਅਤੇ ਪਾਰਟੀ ਵਰਕਰਾਂ ਦੀ ਭੂਮਿਕਾ ਅਹਿਮ ਹੁੰਦੀ ਹੈ। ਅਰਥਾਤ ਜਿਸ ਕੋਲ ਸੰਗਠਨਾਤਮਕ ਤਾਕਤ ਹੈ, ਉਹ ਵੋਟਰਾਂ ਨੂੰ ਆਪਣੇ ਪੱਖ 'ਚ ਕਰ ਲੈਂਦਾ ਹੈ। ਭਾਜਪਾ ਤੇ ਨਿਤੀਸ਼ ਗਠਬੰਧਨ, ਆਪਣੀ ਸੰਗਠਨਾਤਮਕ ਤਾਕਤ, ਸਰਕਾਰੀ ਤਾਕਤ ਅਤੇ ਚੋਣ ਕਮਿਸ਼ਨ ਦੇ ਇੱਕ-ਪਾਸੜ ਵਤੀਰੇ ਨਾਲ ਬਿਹਾਰ ਹਥਿਆਇਆ ਗਿਆ।

ਬਿਹਾਰ ਦੀ ਜਨਤਾ ਨੇ ਸੂਬੇ 'ਚ ਮਜ਼ਬੂਤ ਵਿਰੋਧੀ ਧਿਰ ਲਈ ਵੋਟ ਨਹੀਂ ਦਿੱਤੀ। ਇਹੋ ਜਿਹੀ ਹਾਲਤ ਵਿੱਚ ਕੀ ਅਗਲੇ ਪੰਜਾਂ ਸਾਲਾਂ 'ਚ ਐਨ.ਡੀ.ਏ. ਸਰਕਾਰ ਆਪਣੇ ਵਾਅਦਿਆਂ ਨੂੰ ਪੂਰਿਆ ਕਰੇਗੀ? ਕੀ ਉਹ ਲੋਕਾਂ ਪ੍ਰਤੀ ਜਵਾਬਦੇਹ ਰਹੇਗੀ?

ਜਿਵੇਂ ਬਿਹਾਰ ਇਹਨਾਂ ਚੋਣਾਂ 'ਚ ਠੱਗਿਆ ਗਿਆ ਹੈ। ਉਸ ਪ੍ਰਤੀ ਜਵਾਬਦੇਹੀ ਅਤੇ ਜ਼ਿੰਮੇਵਾਰੀ ਅੱਗੋਂ ਜਨਤਾ ਦੀ ਹੋਵੇਗੀ। ਕੀ ਜਨਤਾ ਸਰਕਾਰੀ ਵਾਇਦੇ ਪੂਰੇ ਨਾ ਹੋਣ 'ਤੇ ਸਰਕਾਰ ਤੋਂ ਜਵਾਬਦੇਹੀ ਮੰਗੇਗੀ ?

# ਪੰਜਾਬੀਆਂ ਨੂੰ ਆਪਣੇ ਹੱਕਾਂ ਲਈ ਲਾਮਬੰਦ ਹੋਣ ਦੀ ਲੋੜ



ਬਲਬੀਰ ਸਿੰਘ ਰਾਜੇਵਾਲ
ਪ੍ਰਧਾਨ ਬੀ.ਕੇ.ਯੂ.

ਪੰਜਾਬ ਯੂਨੀਵਰਸਿਟੀ ਪੰਜਾਬੀਆਂ ਦੀ ਧੜਕਣ ਹੈ। ਕੇਂਦਰੀ ਹੁਕਮਰਾਨਾਂ ਦੀ ਪੰਜਾਬ ਦੀਆਂ ਅਜਿਹੀਆਂ ਸੰਸਥਾਵਾਂ ਉੱਤੇ ਕਦੇ ਵੀ ਸਵੱਲੀ ਅੱਖ ਨਹੀਂ ਰਹੀ। ਉਂਝ ਤਾਂ ਦਿੱਲੀ ਵਿੱਚ ਸਰਕਾਰ ਕਿਸੇ ਦੀ ਵੀ ਰਹੀ ਹੋਵੇ, ਪੰਜਾਬ ਨਾਲ ਭਲੀ ਕਿਸੇ ਨੇ ਵੀ ਨਹੀਂ ਕੀਤੀ। ਕੁਝ ਸਮੇਂ ਤੋਂ ਕੇਂਦਰੀ ਹੁਕਮਰਾਨ ਪੰਜਾਬ ਯੂਨੀਵਰਸਿਟੀ ਸੰਬੰਧੀ ਕੋਈ ਨਾ ਕੋਈ ਛੇੜਛਾੜ ਕਰਕੇ ਪੰਜਾਬੀਆਂ ਨੂੰ ਚਿੜਾਉਂਦੇ ਰਹੇ ਹਨ। ਇਸ ਮੁੱਦੇ ਉੱਤੇ ਕਈ ਸਾਲਾਂ ਤੋਂ ਚਰਚਾ ਹੁੰਦੀ ਰਹੀ ਹੈ। ਸਾਡੀਆਂ ਯੂਨੀਵਰਸਿਟੀਆਂ ਸਾਡੀ ਨੌਜਵਾਨ ਪੀੜ੍ਹੀ ਨੂੰ ਵਿੱਦਿਆ ਦੇ ਕੇ ਉਨ੍ਹਾਂ ਨੂੰ ਸਾਇੰਸਦਾਨ, ਪ੍ਰਸ਼ਾਸ਼ਨਿਕ ਅਧਿਕਾਰੀ, ਰਾਜਨੇਤਾ, ਉੱਚ ਪੱਧਰ ਦੇ ਖਿਡਾਰੀ ਅਰਥਾਤ ਵਧੀਆ ਮਨੁੱਖ ਬਣਾਉਂਦੀਆਂ ਰਹੀਆਂ ਹਨ। ਬਦਕਿਸਮਤੀ ਨਾਲ ਸਾਡੇ ਰਾਜਨੇਤਾਵਾਂ ਨੇ ਕਾਫ਼ੀ ਸਮੇਂ ਤੋਂ ਇਨ੍ਹਾਂ ਵਲੋਂ ਆਪਣਾ ਧਿਆਨ ਹੀ ਹਟਾ ਲਿਆ ਹੈ। ਸਾਡੀਆਂ ਯੂਨੀਵਰਸਿਟੀਆਂ ਅਤੇ ਸਿੱਖਿਆ ਵਿਭਾਗ ਰਾਜਨੇਤਾਵਾਂ ਦੀ ਇਸ ਅਣਦੇਖੀ ਕਾਰਨ ਨਿਵਾਣ ਵੱਲ ਜਾ ਰਹੇ ਹਨ। ਕੇਂਦਰ ਸਰਕਾਰ ਤਾਂ ਆਏ ਦਿਨ ਪੰਜਾਬ ਦੇ ਅਹਿਮ ਅਦਾਰਿਆਂ ਉੱਤੇ ਕਬਜ਼ੇ ਕਰੀ ਜਾ ਰਹੀ ਹੈ।

ਪੰਜਾਬ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੇ ਤਾਂ ਹੱਦ ਹੀ ਕਰ ਦਿੱਤੀ। ਕੇਂਦਰ ਦੀ ਸ਼ਹਿ 'ਤੇ ਇਸ ਦੀ ਵਾਇਸ ਚਾਂਸਲਰ ਨੇ ਵਿਦਿਆਰਥੀਆਂ ਲਈ ਅਜੀਬ ਫ਼ੁਰਮਾਨ ਜਾਰੀ ਕਰ ਦਿੱਤਾ ਕਿ ਯੂਨੀਵਰਸਿਟੀ ਵਿੱਚ ਦਾਖ਼ਲਾ ਲੈਣ ਵੇਲੇ ਕੋਈ ਵੀ ਵਿਦਿਆਰਥੀ ਨਾ ਤਾਂ ਕਿਸੇ ਵਿਦਿਆਰਥੀ ਜਥੇਬੰਦੀ ਦਾ ਮੈਂਬਰ ਬਣੇਗਾ ਤੇ ਨਾ ਹੀ ਯੂਨੀਵਰਸਿਟੀ ਪ੍ਰਸ਼ਾਸਨ ਵਿਰੁੱਧ ਕਦੀ ਵੀ ਹੜਤਾਲ ਕਰੇਗਾ। ਇਸ ਸੰਬੰਧੀ ਦਾਖ਼ਲੇ ਸਮੇਂ ਹਰ ਵਿਦਿਆਰਥੀ ਆਪਣਾ ਬਿਆਨ ਹਲਫ਼ੀਆ ਯੂਨੀਵਰਸਿਟੀ ਨੂੰ ਦੇਵੇਗਾ। ਸਾਡੇ ਵਿਦਿਆਰਥੀਆਂ ਨੇ ਇਸ ਦਾ ਡਟ ਕੇ ਵਿਰੋਧ ਕੀਤਾ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਇਹ ਫ਼ੁਰਮਾਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ।

ਹਾਲੇ ਇਹ ਮਸਲਾ ਠੰਢਾ ਨਹੀਂ ਸੀ ਹੋਇਆ, ਕੇਂਦਰ ਨੇ ਆਪਣੀ ਨੀਤ ਜੱਗ ਜ਼ਾਹਿਰ ਕਰ ਦਿੱਤੀ। ਯੂਨੀਵਰਸਿਟੀ 'ਤੇ ਕਬਜ਼ਾ ਕਰਨ ਲਈ ਇਕ ਹੋਰ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ। ਇੱਥੇ ਸਾਬਾਸ਼ ਦੇਣੀ ਬਣਦੀ ਹੈ ਸਾਡੇ ਵਿਦਿਆਰਥੀਆਂ ਨੂੰ ਜਿਨ੍ਹਾਂ ਨੇ ਇਸ ਖ਼ਤਰੇ ਨੂੰ ਭਾਂਪ ਕੇ ਤੁਰੰਤ ਅੰਦਲੋਨ ਸ਼ੁਰੂ ਕਰ ਦਿੱਤਾ। ਪੰਜਾਬ ਯੂਨੀਵਰਸਿਟੀ ਨਾਲ ਹਰ ਪੰਜਾਬੀ ਭਾਵਨਾਤਮਕ ਤੌਰ 'ਤੇ ਜੁੜਿਆ ਹੋਇਆ ਹੈ। ਸਮਾਜ ਦਾ ਹਰ ਵਰਗ, ਕਿਸਾਨ ਜਥੇਬੰਦੀਆਂ, ਮੁਲਾਜ਼ਮ ਅਤੇ ਸਮਾਜਿਕ ਜਥੇਬੰਦੀਆਂ ਪ੍ਰਤੱਖ ਰੂਪ ਵਿੱਚ ਵਿਦਿਆਰਥੀਆਂ ਨਾਲ ਆ ਖੜ੍ਹੀਆਂ। ਅਖੀਰ ਇਹ ਸਾਰੇ ਪੰਜਾਬ ਦਾ ਮੁੱਦਾ ਬਣ ਗਿਆ। ਜਿਸ ਢੰਗ ਨਾਲ 10 ਨਵੰਬਰ ਦੇ ਵੱਡੇ ਧਰਨੇ ਲਈ ਚੰਡੀਗੜ੍ਹ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਨੇ ਜ਼ਬਰਦਸਤ ਨਾਕੇ ਲਾ ਕੇ ਆਪਣਾ ਕਰੂਰ ਰੂਪ ਦਿਖਾਇਆ, ਪੰਜਾਬ ਦੇ ਲੋਕ ਅਤੇ ਕਿਸਾਨ ਸਰਕਾਰ ਵੱਲੋਂ ਲਾਏ ਨਾਕਿਆਂ ਨੂੰ ਤੋੜ ਕੇ ਦਸ-ਦਸ ਪੰਦਰਾਂ-ਪੰਦਰਾਂ ਕਿਲੋਮੀਟਰ ਪੈਦਲ ਤੁਰ ਕੇ ਯੂਨੀਵਰਸਿਟੀ ਵਿੱਚ ਧਰਨੇ ਵਾਲੇ ਸਥਾਨ 'ਤੇ ਪੁੱਜੇ। ਚੰਡੀਗੜ੍ਹ ਦੀਆਂ ਸੜਕਾਂ 'ਤੇ ਪੰਜਾਬੀਆਂ ਦੇ ਰੋਹ ਦਾ ਪ੍ਰਤੱਖ ਨਜ਼ਾਰਾ ਦਿਸ ਰਿਹਾ ਸੀ। ਸਰਕਾਰ ਨੇ ਲੰਗਰ ਰੋਕੇ, ਟਿੱਲ ਲਾਈ ਤਾਂ ਕਿ ਵਿਦਿਆਰਥੀਆਂ ਨੂੰ ਇਸ ਵਿਸ਼ਾਲ ਧਰਨੇ ਲਈ ਸਾਊਂਡ ਸਿਸਟਮ ਵੀ ਨਾ ਮਿਲੇ। ਪਰ ਵਿਦਿਆਰਥੀਆਂ ਅਤੇ ਲੋਕ ਰੋਹ ਅੱਗੇ ਪ੍ਰਸ਼ਾਸਨ ਦੇ ਪੈਰ ਉੱਖੜ ਗਏ। ਸਰਕਾਰ ਨੇ ਆਪਣੇ ਸਾਰੇ ਫ਼ੁਰਮਾਨ ਵਾਪਸ ਲੈ ਲਏ। ਹੁਣ ਕੇਵਲ ਯੂਨੀਵਰਸਿਟੀ ਸਿੰਡੀਕੇਟ ਦੇ ਚੋਣ ਪ੍ਰੋਗਰਾਮ ਦੇ ਐਲਾਨ ਦੀ ਉਡੀਕ ਹੈ।



ਕੇਂਦਰ ਸਰਕਾਰ ਦੇ ਯੂਨੀਵਰਸਿਟੀ ਖੋਹਣ ਦੇ ਵਰਤਾਰੇ ਨੇ ਪੰਜਾਬੀਆਂ ਨੂੰ ਆਪਣੇ ਹੱਕ ਲੈਣ ਲਈ ਨਵੇਂ ਸਿਰੇ ਤੋਂ ਜਗਾ ਦਿੱਤਾ ਹੈ। ਜੰਗ-ਏ-ਆਜ਼ਾਦੀ ਵਿਚ ਦੇਸ਼ ਲਈ ਫਾਂਸੀ ਚੜ੍ਹਨ ਵਾਲੇ ਸ਼ਹੀਦਾਂ ਵਿੱਚ ਇਕੱਲੇ ਪੰਜਾਬ 'ਚੋਂ 95 ਫ਼ੀਸਦੀ ਸਨ। ਦੇਸ਼ ਦੀ ਵੰਡ ਸਮੇਂ 10 ਲੱਖ ਪੰਜਾਬੀ ਮਾਰੇ ਗਏ। ਪਰ ਕੇਂਦਰੀ ਹੁਕਮਰਾਨ ਆਪਣੇ ਵਾਅਦੇ ਭੁੱਲ ਗਏ ਜੋ ਆਜ਼ਾਦੀ ਤੋਂ ਪਹਿਲਾਂ ਪੰਜਾਬੀ ਆਗੂਆਂ ਨਾਲ ਕੀਤੇ ਗਏ ਸਨ। ਪੰਜਾਬ ਨੇ ਦੇਸ਼ ਨੂੰ ਅੰਨ ਪੱਖੋਂ ਆਤਮਨਿਰਭਰ ਬਣਾਇਆ, ਕਿਸੇ ਨੂੰ ਕੋਈ ਅਹਿਸਾਸ ਨਹੀਂ। ਆਜ਼ਾਦ ਹੁੰਦਿਆਂ ਹੀ 1948 ਵਿੱਚ ਪੰਡਤ ਨਹਿਰੂ ਨੇ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਿਆ ਤੇ ਰਾਜਸਥਾਨ ਨੂੰ ਪਾਣੀ ਲਈ ਨਹਿਰ ਕੱਢਣ ਦੀ ਆਗਿਆ ਦੇ ਦਿੱਤੀ। ਫਿਰ 1955 ਵਿੱਚ ਰਾਜਸਥਾਨ ਨੂੰ ਪੰਜਾਬ ਤੋਂ ਜਾਂਦਾ ਪਾਣੀ ਦੋ ਗੁਣਾ ਕਰ ਦਿੱਤਾ ਗਿਆ।

ਅੱਜ ਪੰਜਾਬ ਪਾਣੀ ਦੇ ਗੰਭੀਰ ਸੰਕਟ ਵੱਲ ਵਧ ਰਿਹਾ ਹੈ। ਸਾਡਾ ਧਰਤੀ ਹੇਠਲਾ ਪਾਣੀ ਦੂਸ਼ਿਤ ਹੋ ਕੇ ਕੈਂਸਰ ਯੁਕਤ ਹੋ ਗਿਆ ਹੈ। ਰਾਜਸਥਾਨ ਸਾਡਾ ਪਾਣੀ ਉੱਥੋਂ ਦੇ ਲੋਕਾਂ ਦੇ ਪੀਣ ਲਈ ਅਤੇ ਖੇਤੀ ਦੇ ਨਾਂਅ 'ਤੇ ਮੁਫ਼ਤ ਵਿੱਚ ਲੈ ਕੇ ਪਾਣੀ ਤੋਂ ਕਮਾਈ ਕਰ ਰਿਹਾ ਹੈ। ਰਾਜਸਥਾਨ ਸਰਕਾਰ ਸਾਡਾ ਪਾਣੀ ਮੁਫ਼ਤ ਲੈ ਕੇ ਆਪਣੀਆਂ ਉਦਯੋਗਿਕ ਇਕਾਈਆਂ ਨੂੰ 2 ਰੁਪਏ ਪ੍ਰਤੀ ਲਿਟਰ ਵੇਚ ਰਹੀ ਹੈ। ਇਕੱਲੀ ਬਾਰਮੇਰ ਰਿਫਾਈਨਰੀ ਤੋਂ ਪਾਣੀ ਵੇਚ ਕੇ 1600 ਕਰੋੜ ਸਾਲਾਨਾ ਦੀ ਕਮਾਈ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਭਾਵੇਂ ਪੰਡਤ ਨਹਿਰੂ ਸੀ, ਇੰਦਰਾ ਗਾਂਧੀ ਜਾਂ ਰਾਜੀਵ ਗਾਂਧੀ ਸਭ ਨੇ ਸੰਵਿਧਾਨ ਦੀਆਂ ਧੱਜੀਆਂ ਉਡਾ ਕੇ ਪੰਜਾਬ ਨੂੰ ਨਸਤਰ ਲਾਏ। ਯਮੁਨਾ ਸਾਂਝੇ ਪੰਜਾਬ ਦੀ ਪੂਰਬੀ ਹੱਦ ਸੀ, ਜਿੱਥੇ ਹਰਿਆਣਾ ਪੁਨਰਗਠਨ ਤੋਂ ਪਹਿਲਾਂ ਪੰਜਾਬ ਦਾ ਹਿੱਸਾ ਬਣ ਕੇ ਪੰਜਾਬ ਤੋਂ ਆਏ ਦਿਨ ਪਾਣੀ ਦੀ ਮੰਗ ਵਧਾਈ ਤੁਰਿਆ ਜਾਂਦਾ ਹੈ, ਉੱਥੇ ਪੰਜਾਬ ਵੀ ਯਮੁਨਾ ਨਦੀ ਦੇ ਪਾਣੀ ਵਿੱਚ ਰਾਏਪੇਰੀਅਨ ਰਾਜ ਹੋਣ ਕਰਕੇ ਹਿੱਸੇਦਾਰ ਸੀ। ਫਿਰ ਯਮੁਨਾ ਦੇ ਪਾਣੀ ਵਿਚੋਂ ਪੰਜਾਬ ਨੂੰ ਹਿੱਸਾ ਕਿਉਂ ਨਹੀਂ ਦਿੱਤਾ ਗਿਆ? ਦਿੱਲੀ ਸਰਕਾਰ ਨੇ ਯਮੁਨਾ ਦੇ ਪਾਣੀ 'ਚੋਂ ਹਿਮਾਚਲ ਦੇ ਹਿੱਸੇ ਦਾ ਪਾਣੀ 21 ਕਰੋੜ ਰੁਪਏ ਸਾਲਾਨਾ ਵਿੱਚ ਖਰੀਦਿਆਂ ਅਤੇ ਲਗਾਤਾਰ ਹਿਮਾਚਲ ਨੂੰ ਉਸ ਦੀ ਕੀਮਤ ਦੇ ਰਿਹਾ ਹੈ। 1956 ਦੇ ਅੰਤਰਰਾਜੀ ਪਾਣੀ ਦੇ ਝਗੜਿਆ ਲਈ ਬਣਾਏ ਕਾਨੂੰਨ ਦੀ ਧਾਰਾ 14 ਜੋ ਸਰਾਸਰ ਗ਼ੈਰ ਸੰਵਿਧਾਨਕ ਹੈ, ਉਹ ਪੰਜਾਬ ਤੋਂ ਬਿਨਾਂ ਦੇਸ਼ ਦੇ ਕਿਸੇ ਵੀ ਸੂਬੇ 'ਤੇ ਲਾਗੂ ਨਹੀਂ ਹੁੰਦੀ।

ਦੇਸ਼ ਵਿਚ ਭਾਸ਼ਾ ਦੇ ਆਧਾਰ 'ਤੇ ਅਨੇਕਾਂ ਸੂਬੇ ਬਣੇ ਪਰ ਪੰਜਾਬ ਨੂੰ ਪੰਜਾਬੀ ਸੂਬਾ ਬਣਾਉਣ ਲਈ ਅੰਦੋਲਨ ਕਰਨਾ ਪਿਆ। ਅੱਜ ਵੀ ਪੰਜਾਬ ਅਧੂਰਾ ਹੈ। ਸਾਡੀ ਰਾਜਧਾਨੀ ਚੰਡੀਗੜ੍ਹ ਜੋ ਪੰਜਾਬ ਦੇ 28 ਪਿੰਡ ਉਜਾੜ ਕੇ ਬਣਾਈ ਗਈ ਸੀ, ਉਸ 'ਤੇ ਕੇਂਦਰ ਨੇ ਕਬਜ਼ਾ ਕਰਕੇ ਉਸ ਨੂੰ ਕੇਂਦਰ ਪ੍ਰਸ਼ਾਸਤ ਖੇਤਰ ਬਣਾ ਕੇ ਰੱਖਿਆ ਹੋਇਆ ਹੈ। ਪੰਜਾਬੀ ਬੋਲਦੇ ਇਲਾਕਿਆਂ ਦੀ ਕੋਈ ਗੱਲ ਵੀ ਸੁਣਨ ਨੂੰ ਤਿਆਰ ਨਹੀਂ। ਹਰਿਆਣਾ 59 ਸਾਲ ਬੀਤਣ 'ਤੇ ਵੀ ਆਪਣੀ ਰਾਜਧਾਨੀ ਨਹੀਂ ਬਣਾ ਸਕਿਆ। ਸਾਡੇ ਚੰਡੀਗੜ੍ਹ ਨੂੰ ਛੱਡਣ ਲਈ ਤਿਆਰ ਨਹੀਂ। ਕੇਂਦਰੀ ਹੁਕਮਰਾਨ ਸੰਵਿਧਾਨ ਅਤੇ ਇਖ਼ਲਾਕ ਨੂੰ ਛਿੱਕੇ ਟੰਗ ਕੇ ਇਸ ਨੂੰ ਪੰਜਾਬ ਅਤੇ ਹਰਿਆਣੇ ਦਾ ਝਗੜਾ ਬਣਾ ਦਿੰਦੇ ਹਨ। ਕੇਂਦਰੀ ਹੁਕਮਰਾਨਾਂ ਦੀ ਸ਼ਹਿ 'ਤੇ ਹਰਿਆਣਾ ਪੰਜਾਬੀਆਂ ਲਈ ਦਿੱਲੀ ਜਾਣ ਲਈ ਰਸਤੇ ਵੀ ਬੰਦ ਕਰ ਦਿੰਦਾ ਹੈ।

ਭਜਨ ਲਾਲ ਅਤੇ ਮਨੋਹਰ ਲਾਲ ਖੱਟਰ ਦੀਆਂ ਸਰਕਾਰਾਂ ਸਮੇਂ ਦੋ ਵਾਰ ਪੰਜਾਬੀਆਂ ਲਈ ਕੌਮੀ ਸ਼ਾਹਰਾਹ ਬੰਦ ਕਰਕੇ ਕੇਂਦਰ ਸਰਕਾਰ ਨੇ ਪੰਜਾਬੀਆਂ ਵਿੱਚ ਬੇਗ਼ਾਨਗੀ ਦੀ ਭਾਵਨਾ ਪੈਦਾ ਕੀਤੀ। ਸਿੱਖਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜ ਕੇ ਹਰਿਆਣੇ ਵਿੱਚ ਵੱਖਰੀ ਕਮੇਟੀ ਬਣਾ ਦਿੱਤੀ ਗਈ।

ਪੰਜਾਬ ਅੱਜ ਵੀ ਕੇਂਦਰੀ ਅੰਨ ਭੰਡਾਰ ਵਿੱਚ ਅੱਧੋਂ ਵੱਧ ਹਿੱਸਾ ਪਾਉਂਦਾ ਹੈ। ਕਿਸਾਨਾਂ ਨੂੰ ਐਮ.ਐਸ.ਪੀ. ਦੀ ਗਾਰੰਟੀ ਦੇਣ ਲਈ ਵੀ ਕੇਂਦਰ ਤਿਆਰ ਨਹੀਂ। ਪੰਜਾਬ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ ਅਤੇ ਬਾਕੀ ਰਹਿੰਦੀ ਫ਼ਸਲ ਦਾ 40% ਝਾੜ ਘਟ ਗਿਆ। ਕੇਂਦਰ ਨੇ ਪੰਜਾਬ ਦੇ ਕਿਸਾਨਾਂ ਦੀ ਸਾਰ ਨਹੀਂ ਲਈ। ਕੇਂਦਰ ਨੇ ਡੈਮ ਸੇਫਟੀ ਐਕਟ ਬਣਾ ਕੇ ਸਾਡੇ ਡੈਮਾਂ ਉੱਤੇ ਕਬਜ਼ਾ ਕਰ ਲਿਆ, ਜਦਕਿ ਸੰਵਿਧਾਨ ਅਨੁਸਾਰ ਸਤਲੁਜ, ਬਿਆਸ ਤੇ ਰਾਵੀ ਦੇ ਪਾਣੀਆਂ ਦਾ ਮਾਲਕ ਪੰਜਾਬ ਹੈ।

(ਬਾਕੀ ਸਫ਼ਾ 27 'ਤੇ)

# ਭਾਰਤ 'ਚ ਕੀ ਹੋਵੇਗਾ ਖੇਤਰੀ ਪਾਰਟੀਆਂ ਦਾ ਭਵਿੱਖ ?

ਕੁਲਦੀਪ ਸਿੰਘ ਸਾਹਿਲ

ਬਿਹਾਰ ਵਿਧਾਨ ਸਭਾ ਦੇ ਚੋਣ ਨਤੀਜੇ 14 ਨਵੰਬਰ 2025 ਨੂੰ ਆਏ, ਜਿਸ ਵਿੱਚ ਐੱਨ ਡੀ ਏ ਗੱਠਜੋੜ ਨੂੰ 202 ਸੀਟਾਂ ਨਾਲ ਬਹੁਮਤ ਮਿਲਿਆ ਹੈ। ਦੂਜੇ ਪਾਸੇ ਖੇਤਰੀ ਪਾਰਟੀ ਆਰ ਜੇ ਡੀ ਦਾ ਮਹਾ ਗੱਠਜੋੜ 35 ਸੀਟਾਂ 'ਤੇ ਸਿਮਟ ਗਿਆ। ਇਉਂ ਬਿਹਾਰ ਦੀਆਂ ਚੋਣਾਂ ਨੇ ਖੇਤਰੀ ਪਾਰਟੀਆਂ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ।

ਭਾਜਪਾ ਨੇ ਬਿਹਾਰ ਵਿੱਚ ਧਰਮ ਦੀ ਰਾਜਨੀਤੀ ਦੀ ਪੂਰਨ ਤੌਰ 'ਤੇ ਸ਼ਤਰੰਜ ਦੀ ਖੇਡ ਖੇਡੀ। ਚੋਣਾਂ ਵਿੱਚ ਧਰਮ ਦਾ ਪੱਤਾ ਖੇਡ ਕੇ ਬਾਜ਼ੀ ਮਾਰ ਲਈ ਗਈ ਹੈ, ਜਿਸ ਦਾ ਖਮਿਆਜ਼ਾ ਖੇਤਰੀ ਪਾਰਟੀਆਂ ਨੂੰ ਉਵੇਂ ਹੀ ਭੁਗਤਣਾ ਪੈਣਾ ਹੈ, ਜਿਵੇਂ ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ ਅਤੇ ਮਹਾਰਾਸ਼ਟਰ ਵਿੱਚ ਭੁਗਤਣਾ ਪਿਆ ਸੀ।

ਸੰਨ 1920 ਵਿੱਚ ਸਥਾਪਤ ਕੀਤੇ ਗਏ ਅਕਾਲੀ ਦਲ ਨੇ ਆਜ਼ਾਦ ਭਾਰਤ ਵਿੱਚ ਸਿੱਖਾਂ ਦੀ ਪਛਾਣ ਨੂੰ ਆਪਣੀ ਸਿਆਸਤ ਦਾ ਕੇਂਦਰ ਬਣਾਇਆ ਸੀ। ਕਦੇ ਪੰਜਾਬ ਦੀ ਪਛਾਣ ਬਣਨ ਵਾਲਾ ਅਕਾਲੀ ਦਲ ਅੱਜ ਆਪਣੀ ਪਛਾਣ ਬਚਾਉਣ ਲਈ ਜੂਝ ਰਿਹਾ ਹੈ। ਇਸ ਪਿੱਛੇ ਭਾਜਪਾ ਨਾਲ ਗੱਠਜੋੜ ਅਤੇ ਹੋਰ ਵੀ ਕਈ ਕਾਰਨ ਹਨ। ਹਰਿਆਣਾ ਵਿੱਚ ਭਜਨ ਲਾਲ ਤੋਂ ਲੈ ਕੇ ਬੰਸੀ ਲਾਲ ਤੱਕ ਦੀਆਂ ਪਾਰਟੀਆਂ ਕਾਂਗਰਸ ਅਤੇ ਭਾਜਪਾ ਦੇ ਸਾਹਮਣੇ ਆਪਣੀ ਪਛਾਣ ਬਚਾਉਣ ਲਈ ਤਰਲੋਮੱਛੀ ਹੁੰਦੀਆਂ ਰਹੀਆਂ। ਇੱਕ ਸਮਾਂ ਅਜਿਹਾ ਸੀ ਜਦੋਂ ਹਰਿਆਣਾ ਦੇ ਖੇਤਰੀ ਦਲ ਦੇ ਪ੍ਰਭਾਵ ਕਾਰਨ ਸੂਬੇ ਦੇ ਨੇਤਾਵਾਂ ਦੇ ਹਿੱਸੇ ਉਪ ਪ੍ਰਧਾਨ ਮੰਤਰੀ ਤੋਂ ਲੈ ਕੇ ਕੇਂਦਰੀ ਮੰਤਰੀਆਂ ਤੱਕ ਦੇ ਅਹੁਦੇ ਆਏ। ਅੱਜ ਦੇ ਦੌਰ ਵਿੱਚ ਖੇਤਰੀ ਦਲਾਂ ਨਾਲ ਸੰਤੁਲਨ ਬਣਾਈ ਰੱਖਣ ਲਈ ਮੁੱਖ ਮੰਤਰੀ ਦੇ ਨਾਲ-ਨਾਲ ਦੋ ਉਪ ਮੁੱਖ ਮੰਤਰੀਆਂ ਦੇ ਅਹੁਦੇ ਆਮ ਗੱਲ ਹੋ ਗਈ ਹੈ। ਜੇਕਰ ਵਰਤਮਾਨ ਸਮੇਂ ਦੀ ਗੱਲ ਕਰੀਏ ਤਾਂ ਰਾਸ਼ਟਰੀ ਪਾਰਟੀ ਭਾਜਪਾ ਸੂਬਿਆਂ ਵਿੱਚ ਆਪਣੀ ਪਕੜ ਮਜ਼ਬੂਤ ਕਰਦੀ ਜਾ ਰਹੀ ਹੈ ਅਤੇ ਖੇਤਰੀ ਪਾਰਟੀਆਂ ਦਾ ਪ੍ਰਭਾਵ ਘਟਦਾ ਜਾ ਰਿਹਾ ਹੈ। ਪਿਛਲੀਆਂ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਨਿਤੀਸ਼ ਕੁਮਾਰ ਦਾ ਪੱਲੜਾ ਭਾਜਪਾ ਨਾਲੋਂ ਭਾਰੀ ਸੀ ਪਰ ਅੱਜ ਭਾਜਪਾ ਨਿਤੀਸ਼ ਕੁਮਾਰ ਦੀ ਪਾਰਟੀ ਤੋਂ ਵੱਧ ਸੀਟਾਂ ਲੈ ਗਈ ਹੈ ਅਤੇ ਲਾਲੂ ਪ੍ਰਸਾਦ ਯਾਦਵ ਦੀ ਆਰ ਜੇ ਡੀ ਬਹੁਤ ਪੱਛੜ ਗਈ ਹੈ। ਇਸ ਵੇਲੇ ਭਾਜਪਾ ਖੇਤਰੀ ਪਾਰਟੀਆਂ ਨੂੰ ਖ਼ਤਮ ਕਰਨ ਦੀ ਰਣਨੀਤੀ ਵਿੱਚ ਸਫਲ ਹੁੰਦੀ ਜਾ ਰਹੀ ਹੈ ਅਤੇ ਪਿਛਲੇ ਇੱਕ ਦਹਾਕੇ ਤੋਂ ਸਭ ਤੋਂ ਵੱਡੀ ਰਾਸ਼ਟਰੀ ਪਾਰਟੀ ਬਣ ਚੁੱਕੀ ਹੈ। ਹਾਲਾਂਕਿ 2024 ਵਿੱਚ ਖੇਤਰੀ ਪਾਰਟੀਆਂ ਨਾਲ ਗੱਠਜੋੜ ਦੇ ਸਹਾਰੇ ਹੀ ਭਾਜਪਾ ਕੇਂਦਰ 'ਚ ਸੱਤਾ ਹਾਸਲ




ਕਰ ਸਕੀ ਸੀ। ਚਾਰ ਸੌ ਤੋਂ ਪਾਰ ਦਾ ਨਾਅਰਾ ਦੇਣ ਵਾਲੀ ਭਾਜਪਾ 240 ਸੀਟਾਂ ਉੱਤੇ ਸਿਮਟ ਗਈ ਅਤੇ ਖੇਤਰੀ ਪਾਰਟੀਆਂ ਦੇ ਸਹਾਰੇ ਤੀਜੀ ਵਾਰ ਕੇਂਦਰ ਵਿੱਚ ਸਰਕਾਰ ਬਣਾ ਸਕੀ। ਅੱਜ ਦੇਸ਼ ਵਿੱਚ ਤਕਰੀਬਨ 58 ਖੇਤਰੀ ਪਾਰਟੀਆਂ ਹਨ। ਇਹ ਵੱਖ-ਵੱਖ ਸੱਭਿਆਚਾਰ, ਭਾਸ਼ਾਵਾਂ, ਜਾਤ ਤੋਂ ਲੈ ਕੇ ਭੂਗੋਲਿਕ ਪਛਾਣ ਦੇ ਆਧਾਰ 'ਤੇ ਬਣੀਆਂ ਹਨ। ਖੇਤਰੀ ਪਾਰਟੀਆਂ ਅਤੇ ਉਨ੍ਹਾਂ ਦੀਆਂ ਮੰਗਾਂ ਭਾਰਤੀ ਲੋਕਤੰਤਰ ਦਾ ਹਿੱਸਾ ਹਨ ਅਤੇ ਭਾਰਤ ਦੇ ਸੰਘੀ ਢਾਂਚੇ ਦੀ ਬੁਨਿਆਦ ਬਣ ਚੁੱਕੀਆਂ ਹਨ। ਸਮੇਂ ਸਮੇਂ ਸਿਰ ਕੇਂਦਰ ਸਰਕਾਰ ਖ਼ਿਲਾਫ਼ ਸੁਭਾਵਿਕ ਤੌਰ 'ਤੇ ਇਹ ਖੇਤਰੀ ਪਾਰਟੀਆਂ ਬਣਦੀਆਂ ਰਹੀਆਂ ਹਨ। ਭਾਰਤ ਵਿੱਚ ਇਨ੍ਹਾਂ ਖੇਤਰੀ ਪਾਰਟੀਆਂ ਦੀ ਭੂਮਿਕਾ ਅਹਿਮ ਰਹੀ ਹੈ। ਖੇਤਰੀ ਮੰਗਾਂ ਦੀ ਪਛਾਣ ਕਰਨਾ, ਆਪਣੇ ਖਿੱਤੇ ਦੀ ਬੋਲੀ, ਸੱਭਿਆਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਪ੍ਰਫੁੱਲਤਾ ਲਈ ਕੰਮ ਕਰਨਾ ਇਨ੍ਹਾਂ ਦਾ ਮੰਤਵ ਰਿਹਾ ਹੈ। ਇਹ ਪਾਰਟੀਆਂ ਹਮੇਸ਼ਾ ਹੀ ਖ਼ੁਦਮੁਖਤਿਆਰ ਹੋਣ ਅਤੇ ਸੂਬਿਆਂ ਲਈ ਵਧੇਰੇ ਹੱਕਾਂ ਦੀ ਮੰਗ ਲਈ ਸੰਘਰਸ਼ ਕਰਦੀਆਂ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦਾ ਆਨੰਦਪੁਰ ਮਤਾ ਵਧੇਰੇ ਅਧਿਕਾਰਾਂ ਦਾ ਪ੍ਰਤੀਕ ਰਿਹਾ ਹੈ। ਡੀ ਐੱਮ ਕੇ, ਤੇਲਗੂ ਦੇਸਮ, ਸ਼ਿਵ ਸੈਨਾ, ਸ਼੍ਰੋਮਣੀ ਅਕਾਲੀ ਦਲ, ਤ੍ਰਿਣਮੂਲ ਕਾਂਗਰਸ ਖੇਤਰੀ ਪਾਰਟੀਆਂ ਵਜੋਂ ਉੱਭਰੀਆਂ ਅਤੇ ਆਪੋ-ਆਪਣੇ ਖਿੱਤਿਆਂ ਵਿੱਚ ਸੱਤਾ 'ਚ ਰਹੀਆਂ ਹਨ।

ਇਹ ਸਾਰੀਆਂ ਖੇਤਰੀ ਪਾਰਟੀਆਂ ਕਾਂਗਰਸ ਜਾਂ ਭਾਰਤੀ ਜਨਤਾ ਪਾਰਟੀ ਦੇ ਵਿਰੋਧ ਵਿੱਚੋਂ, ਉਸ ਦੀਆਂ ਨੀਤੀਆਂ ਦੇ ਵਿਰੋਧ ਅਤੇ ਖੇਤਰੀ ਹਿੱਤਾਂ ਨੂੰ ਨਜ਼ਰਅੰਦਾਜ਼ ਕਰਨ ਕਾਰਨ ਆਪੋ ਆਪਣੇ ਖਿੱਤਿਆਂ ਵਿੱਚ ਉਪਜ ਕੇ ਸਰਗਰਮ ਹੋਈਆਂ। ਭਾਰਤੀ ਰਾਸ਼ਟਰੀ ਕਾਂਗਰਸ ਦੀ ਆਗੂ ਮਮਤਾ ਬੈਨਰਜੀ ਪੱਛਮੀ ਬੰਗਾਲ ਵਿੱਚ ਖੱਬੇ ਪੱਖੀਆਂ ਖ਼ਿਲਾਫ਼ ਤਿੱਖਾ ਰੁਖ਼ ਅਪਣਾਉਣ ਦੇ ਹੱਕ ਵਿੱਚ ਸੀ। ਕਾਂਗਰਸ ਨੇ ਉਸ ਦੇ ਇਸ ਦ੍ਰਿਸ਼ਟੀਕੋਣ ਨੂੰ ਨਕਾਰਿਆ। ਉਸ ਨੇ 1998 ਵਿੱਚ ਤ੍ਰਿਣਮੂਲ ਕਾਂਗਰਸ ਦੀ ਸਥਾਪਨਾ ਕੀਤੀ। ਉਸ ਨੇ ਦੋਸ਼ ਲਗਾਇਆ ਸੀ ਕਿ ਕਾਂਗਰਸ ਸਥਾਨਕ ਮੁੱਦਿਆਂ ਅਤੇ ਜਨਤਾ ਦੀਆਂ ਸਮੱਸਿਆਵਾਂ ਨੂੰ ਹਮੇਸ਼ਾ ਹਾਸ਼ੀਏ 'ਤੇ ਰੱਖਦੀ ਹੈ। ਉਂਝ, 1960ਵਿਆਂ ਵਿੱਚ ਕਾਂਗਰਸ ਦੀ ਕੇਂਦਰੀ ਤਾਕਤ ਨੂੰ ਚੁਣੌਤੀ ਦਿੰਦੀਆਂ ਹੋਈਆਂ ਕਈ ਖੇਤਰੀ ਪਾਰਟੀਆਂ ਉੱਭਰੀਆਂ ਅਤੇ ਖੇਤਰੀ ਮੁੱਦਿਆਂ ਨੂੰ ਰਾਸ਼ਟਰੀ ਸਿਆਸਤ ਦੇ ਮੰਚ 'ਤੇ ਮੁੱਦਾ ਬਣਾਇਆ। ਭਾਰਤੀ ਲੋਕਤੰਤਰ ਵਿੱਚ ਖੇਤਰੀ ਪਾਰਟੀਆਂ ਦੀ ਸਿਆਸੀ ਹੋਂਦ ਨੂੰ ਸੰਘੀ ਢਾਂਚੇ ਦੀ ਰੀੜ੍ਹ ਦੀ ਹੱਡੀ ਦੇ ਰੂਪ ਵਿੱਚ ਦੇਖਿਆ ਗਿਆ। ਕਾਂਗਰਸ ਪਾਰਟੀ ਦੀ ਜ਼ਮੀਨ 'ਤੇ ਹੀ ਭਾਰਤੀ ਜਨਤਾ ਪਾਰਟੀ ਦਾ ਉਭਾਰ ਹੋਣਾ ਸ਼ੁਰੂ ਹੋਇਆ। ਖੇਤਰੀ ਪਾਰਟੀਆਂ ਕਾਂਗਰਸ ਦੀ ਜਿੰਨੀ ਜ਼ਮੀਨ ਖਿਸਕਾਉਂਦੀਆਂ ਰਹੀਆਂ, ਓਨੀ ਥਾਂ 'ਤੇ ਦੂਜੀ ਸਭ ਤੋਂ ਵੱਡੀ ਰਾਸ਼ਟਰੀ ਪਾਰਟੀ ਭਾਜਪਾ ਦੀ ਜ਼ਮੀਨ ਬਣਦੀ ਗਈ। ਇੱਕ ਸਮਾਂ ਅਜਿਹਾ ਆ ਗਿਆ ਕਿ ਕਾਂਗਰਸ ਤੋਂ ਖਾਲੀ ਕਰਾਈ ਜ਼ਮੀਨ ਉੱਤੇ ਜਿਹੜੇ ਖੇਤਰੀ ਦਲ ਕਾਬਜ਼ ਹੋਏ, ਭਾਜਪਾ ਉਨ੍ਹਾਂ ਨੂੰ ਆਪਣੇ ਰਸਤੇ ਤੋਂ ਹਟਾਉਣ ਲੱਗੀ। ਇਸ ਸਬੰਧੀ ਉਸ ਵੱਲੋਂ ਵਧੇਰੇ ਪ੍ਰਯੋਗ ਕੀਤੇ ਗਏ।

ਲਾਲੂ ਪ੍ਰਸਾਦ ਯਾਦਵ, ਮੁਲਾਇਮ ਸਿੰਘ ਯਾਦਵ, ਮਾਇਆਵਤੀ, ਠਾਕਰੇ, ਪਵਾਰ ਜਿਹੇ ਖੇਤਰੀ ਸਿਆਸਤ ਦੇ ਮਹਾਰਥੀਆਂ, ਜਿਨ੍ਹਾਂ ਨੇ ਕਾਂਗਰਸ ਨੂੰ ਦੇਸ਼ ਦੀ ਸੱਤਾ ਤੋਂ ਪਾਸੇ ਕੀਤਾ ਸੀ, ਨੂੰ ਬਿਹਾਰ, ਉੱਤਰ ਪ੍ਰਦੇਸ਼, ਮਹਾਰਾਸ਼ਟਰ ਵਿੱਚ ਭਾਜਪਾ ਨੇ ਚਾਣਕਿਆ ਨੀਤੀ ਤਹਿਤ ਵੱਡੇ ਝਟਕੇ ਦਿੱਤੇ ਅਤੇ ਉਨ੍ਹਾਂ ਨੂੰ ਕਮਜ਼ੋਰ ਕੀਤਾ। ਸਿਆਸੀ ਤੌਰ 'ਤੇ ਭਾਜਪਾ ਵੱਲੋਂ ਹਰ ਚੋਣ, ਖ਼ਾਸਕਰ ਬਿਹਾਰ ਚੋਣਾਂ ਵਿੱਚ ਨਿਤੀਸ਼ ਕੁਮਾਰ ਨਾਲ ਮਿਲ ਕੇ ਲਾਲੂ ਪ੍ਰਸਾਦ ਯਾਦਵ ਦੀ ਖੇਤਰੀ ਪਾਰਟੀ ਨੂੰ ਲਗਭਗ ਖੂੰਜੇ ਲਾ ਦਿੱਤਾ ਗਿਆ ਹੈ, ਪਰ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕਾਂਗਰਸ ਦੀ ਚੁਣੌਤੀ ਦੇ ਰੂਪ ਵਿੱਚ ਉੱਭਰੇ ਹੋਰ ਸੂਬਿਆਂ ਵਿੱਚ ਵੀ ਖੇਤਰੀ ਦਲ ਅੱਗੋਂ ਭਾਜਪਾ ਨੂੰ ਚੁਣੌਤੀ ਦੇਣ ਦੀ ਸਥਿਤੀ ਵਿੱਚ ਹੋਣਗੇ?

ਬਿਹਾਰ ਦੀ ਚੋਣ ਨੇ ਇਸ ਤਰ੍ਹਾਂ ਦੇ ਕਈ ਹੋਰ ਸਵਾਲਾਂ ਦੇ ਜਵਾਬ ਵੀ ਦੇ ਦਿੱਤੇ ਹਨ। ਕਦੇ ਨਿਤੀਸ਼ ਕੁਮਾਰ ਨੇ ਭਾਜਪਾ ਦੇ ਵਿਰੋਧ ਵਿੱਚ ਕਾਂਗਰਸ ਨਾਲ ਮਿਲ ਕੇ ਗੱਠਜੋੜ ਬਣਾਉਣ ਦੀ ਕੋਸ਼ਿਸ਼ ਕੀਤੀ ਸੀ।

(ਬਾਕੀ ਸਫ਼ਾ 27 'ਤੇ)

# ਕੀ ਮਨੁੱਖ ਮਹਾਂਵਿਨਾਸ਼ ਵੱਲ ਵਧ ਰਿਹਾ ਹੈ ?

ਅਸ਼ਵਨੀ ਚਤਰਥ

ਪਰਲੋ ਤੋਂ ਭਾਵ ਹੈ ਸੰਸਾਰ ਦਾ ਅੰਤ ਜਾਂ ਮਹਾਂਵਿਨਾਸ਼। ਵਿਗਿਆਨੀ ਹੁਣ ਤੱਕ ਵਾਪਰੀਆਂ ਪਰਲੋ ਦੀਆਂ ਘਟਨਾਵਾਂ ਨੂੰ ਸਿੱਧ ਕਰਨ ਲਈ ਪਥਰਾਟਾਂ, ਧਰਤੀ ਦੀਆਂ ਤਹਿਆਂ ਵਿੱਚ ਸੂਖਮ ਤੱਤਾਂ ਦੀ ਮੌਜੂਦਗੀ ਅਤੇ ਪੁਰਾਣੀਆਂ ਚਟਾਨਾਂ ਦੀ ਉਮਰ ਦੀਆਂ ਤਕਨੀਕਾਂ ਨੂੰ ਸਬੂਤ ਵਜੋਂ ਪੇਸ਼ ਕਰਦੇ ਹਨ। ਵਿਗਿਆਨੀਆਂ ਅਨੁਸਾਰ ਵੱਖ ਵੱਖ ਸਮਿਆਂ 'ਤੇ ਹੁਣ ਤੱਕ ਪੰਜ ਵਾਰ ਧਰਤੀ ਉੱਤੇ ਪਰਲੋ ਆ ਚੁੱਕੀ ਹੈ। ਸਭ ਤੋਂ ਪਹਿਲੀ ਪਰਲੋ ਕਰੀਬ 44 ਕਰੋੜ ਸਾਲ ਪਹਿਲਾਂ ਵਾਪਰੀ ਸੀ। ਇਸ ਘਟਨਾ ਦੌਰਾਨ ਧਰਤੀ ਦੀਆਂ ਟੈੱਕਟਾਨਿਕ ਪਲੇਟਾਂ ਵਿਚ ਆਈਆਂ ਤਬਦੀਲੀਆਂ ਅਤੇ ਵਾਤਾਵਰਣ ਵਿੱਚ ਆਏ ਬਦਲਾਅ ਕਰਕੇ ਸਮੁੰਦਰਾਂ ਦੇ ਪਾਣੀ ਨੇ ਜ਼ਮੀਨੀ ਤਲ ਉੱਤੇ ਹੜ੍ਹ ਲੈ ਆਂਦੇ ਸਨ। ਇਸ ਨਾਲ ਧਰਤੀ ਦੇ ਸਮੂਹ ਜੀਵਾਂ ਦੇ 71 ਫ਼ੀਸਦੀ ਦੇ ਕਰੀਬ ਜੀਵ ਨਸ਼ਟ ਹੋ ਗਏ ਸਨ। ਦੂਜੀ ਪਰਲੋ ਕਰੀਬ 37 ਕਰੋੜ ਸਾਲ ਪਹਿਲਾਂ ਆਈ ਸੀ। ਜ਼ਮੀਨੀ ਖ਼ੁਰਾਕੀ ਤੱਤਾਂ ਦੇ ਰੁੜ੍ਹ ਕੇ ਸਮੁੰਦਰਾਂ ਵਿਚ ਮਿਲ ਜਾਣ ਨੂੰ ਇਸ ਦਾ ਵੱਡਾ ਕਾਰਨ ਦੱਸਿਆ ਗਿਆ ਹੈ। ਕਰੀਬ 25 ਕਰੋੜ ਸਾਲ ਪਹਿਲਾਂ ਵਾਪਰੇ ਤੀਜੇ ਮਹਾਂਵਿਨਾਸ਼ (ਜਿਸ ਨੂੰ 'ਦਿ ਗ੍ਰੇਟ ਡਾਇੰਗ' ਦਾ ਨਾਂਅ ਦਿੱਤਾ ਗਿਆ ਹੈ) ਵਿੱਚ 80 ਫ਼ੀਸਦੀ ਸਮੁੰਦਰੀ ਜੀਵ ਅਤੇ 70 ਕੁ ਫ਼ੀਸਦ ਜ਼ਮੀਨੀ ਪ੍ਰਾਣੀਆਂ ਦੇ ਖਾਤਮੇ ਦਾ ਅਨੁਮਾਨ ਦੱਸਿਆ ਗਿਆ ਹੈ। ਜਵਾਲਾਮੁਖੀਆਂ ਦਾ ਫਟਣਾ, ਸਮੁੰਦਰੀ ਤਾਪਮਾਨ ਵਿੱਚ ਵਾਧਾ ਅਤੇ ਕਾਰਬਨ ਚੱਕਰ ਵਿਚ ਆਈਆਂ ਤਬਦੀਲੀਆਂ ਇਸ ਵਿਨਾਸ਼ ਦੇ ਸੰਭਾਵੀ ਕਾਰਨ ਦੱਸੇ ਗਏ ਹਨ। 20 ਕਰੋੜ ਸਾਲ ਪਹਿਲਾਂ ਵਾਪਰੇ ਚੌਥੇ ਮਹਾਂਵਿਨਾਸ਼ ਵਿੱਚ ਜ਼ਮੀਨ ਅਤੇ ਪਾਣੀ ਵਿਚਲੇ ਅਨੇਕਾਂ ਜਲਥਲੀ ਜੀਵਾਂ, ਮੱਛੀਆਂ, ਰੀਂਗਣ ਵਾਲੇ ਜੀਵਾਂ ਅਤੇ ਰੀੜ੍ਹ ਦੀ ਹੱਡੀਰਹਿਤ ਪ੍ਰਾਣੀਆਂ ਦੀਆਂ ਅਨੇਕਾਂ ਪ੍ਰਜਾਤੀਆਂ ਅਲੋਪ ਹੋ ਗਈਆਂ ਸਨ। ਵਿਗਿਆਨੀ ਵੱਲੋਂ ਇਸ ਘਟਨਾ ਲਈ ਜਵਾਲਾਮੁਖੀਆਂ ਤੋਂ ਉਪਜੀਆਂ ਗੈਸਾਂ ਅਤੇ ਉਨ੍ਹਾਂ ਨਾਲ ਵਧੇ ਤਾਪਮਾਨ ਦਾ ਜੀਵਾਂ ਵੱਲੋਂ ਸਹਿਣ ਨਾ ਕਰ ਪਾਉਣਾ ਕਾਰਨ ਦੱਸਿਆ ਗਿਆ ਹੈ। ਸੰਭਾਵਿਤ ਪੰਜਵਾਂ ਮਹਾਂਵਿਨਾਸ਼ ਕਰੀਬ ਸਾਢੇ ਛੇ ਕਰੋੜ ਸਾਲ ਪਹਿਲਾਂ ਵਾਪਰਿਆ ਸੀ। ਇਕ ਅਨੁਮਾਨ ਅਨੁਸਾਰ 10 ਕਿਲੋਮੀਟਰ ਵਿਆਸ ਦਾ ਉਲਕਾ ਪਿੰਡ ਭਾਵ ਅਸਮਾਨੀ ਵਸਤੂ (ਸੂਰਜ ਦੁਆਲੇ ਚੱਕਰ ਲਗਾਉਂਦੇਨਿੱਕੇ ਨਿੱਕੇ ਗ੍ਰਹਿਆਂ ਨੂੰ ਉਲਕਾ ਪਿੰਡ ਕਿਹਾ ਜਾਂਦਾ ਹੈ) ਧਰਤੀ 'ਤੇ ਆ ਕੇ ਵੱਜੀ ਸੀ ਜਿਸ ਨਾਲ ਚਾਰੇ ਪਾਸੇ ਧੂੜ, ਘੱਟੇ ਅਤੇ ਗਰਮ ਹਵਾਵਾਂ ਨੇ ਧਰਤੀ ਨੂੰ ਸਾਰੇ ਪਾਸਿਓਂ ਘੇਰ ਲਿਆ ਸੀ ਅਤੇ ਵੇਖਦਿਆਂ ਹੀ ਵੇਖਦਿਆਂ ਸਮੁੱਚਾ ਵਾਤਾਵਰਨ ਨਸ਼ਟ ਹੋ ਗਿਆ ਸੀ। ਕੇਂਦਰੀ ਅਮਰੀਕਾ ਦੇ ਯੂਕਾਟਾਨ ਪ੍ਰਾਇਦੀਪ ( ਪਾਣੀ ਨਾਲ ਆਲੇ ਦੁਆਲੇ ਤੋਂ ਘਿਰੇ ਟਾਪੂ ਜਿਸ ਦੇ ਇਕ ਪਾਸੇ ਜ਼ਮੀਨੀ ਰਸਤਾ ਹੁੰਦਾ ਹੈ, ਨੂੰ ਪ੍ਰਾਇਦੀਪ ਆਖਦੇ ਹਨ ) ਵਿੱਚ ਮਿਲਦੇ ਵੱਡੇ ਆਕਾਰ ਦੇ ਡੂੰਘੇ ਟੋਏ ਅਸਮਾਨੀ ਵਸਤਾਂ ਦੇ ਡਿਗਣ ਦੇ ਸੰਕੇਤ ਦਿੰਦੇ ਹਨ। ਜ਼ਿਕਰਯੋਗ ਹੈ ਕਿ ਡਾਇਨਾਸੌਰ ਜੀਵਾਂ ਦਾ ਧਰਤੀ ਗ੍ਰਹਿ ਤੋਂ ਪੂਰੀ ਤਰ੍ਹਾਂ ਖ਼ਤਮ ਹੋ ਜਾਣਾ



ਆਖ਼ਰੀ ਮਹਾਂਵਿਨਾਸ਼ ਦੀ ਇਕ ਮੁੱਖ ਘਟਨਾ ਹੈ। ਵੱਖ- ਵੱਖ ਥਾਵਾਂ ਤੋਂ ਮਿਲਦੇ ਇਨ੍ਹਾਂ ਜੀਵਾਂ ਦੇ ਪਿੰਜਰ ਪੰਜਵੀਂ ਪਰਲੋ ਦੀ ਕਹਾਣੀ ਬਿਆਨ ਕਰਦੇ ਹਨ।

**ਕੀ ਹਨ ਅਜੋਕੇ ਹਾਲਾਤ :** ਵਿਗਿਆਨਕ ਮਾਹਿਰਾਂ ਦਾ ਖਿਆਲ ਹੈ ਕਿ ਧਰਤੀ ਦੀ ਛੇਵੀਂ ਪਰਲੋ ਦੀ ਸ਼ੁਰੂਆਤ ਹੋ ਚੁੱਕੀ ਹੈ। ਅਨੇਕਾਂ ਅਜਿਹੇ ਕਾਰਨ ਹਨ ਜੋ ਇਸ ਨੂੰ ਅੰਜਾਮ ਤੱਕ ਪਹੁੰਚਾਉਣ ਵਿਚ ਲੱਗੇ ਹੋਏ ਹਨ। ਪਹਿਲੀਆਂ ਪੰਜ ਪਰਲੋ ਦੀਆਂ ਘਟਨਾਵਾਂ ਨਾਲੋਂ ਮੌਜੂਦਾ ਮਹਾਂਵਿਨਾਸ਼ ਦੀ ਘਟਨਾ ਵੱਖਰੀ ਹੈ। ਪਹਿਲੀਆਂ ਘਟਨਾਵਾਂ ਵਿਚ ਮਹਾਂਵਿਨਾਸ਼ ਕੁਦਰਤੀ ਘਟਨਾਵਾਂ ਕਰਕੇ ਹੋਏ ਸਨ ਜਦ ਕਿ ਮੌਜੂਦਾ ਸਮੇਂ ਦੀ ਚੱਲ ਰਹੀ ਮਹਾਂਵਿਨਾਸ਼ ਦੀ ਘਟਨਾ ਮਨੁੱਖੀ ਕਿਰਿਆਵਾਂ ਕਰਕੇ ਹੋ ਰਹੀ ਹੈ।

ਦੂਨੀਆ ਦੀ ਤੇਜ਼ੀ ਨਾਲ ਵਧਦੀ ਮਨੁੱਖੀ ਆਬਾਦੀ ਧਰਤੀ ਨੂੰ ਮਹਾਂਵਿਨਾਸ਼ ਵੱਲ ਧਕੇਲ ਰਹੀ ਹੈ। ਸੰਨ 1350 ਤੋਂ ਬਾਅਦ ਆਬਾਦੀ ਤੇਜ਼ੀ ਨਾਲ ਵਧਣੀ ਸ਼ੁਰੂ ਹੋ ਗਈ ਸੀ ਅਤੇ 1962 ਤੱਕ ਇਸ ਦਾ ਤੇਜ਼ੀ ਨਾਲ ਵਧਣਾ ਜਾਰੀ ਰਿਹਾ ਸੀ। ਇਸ ਤੋਂ ਬਾਅਦ ਆਬਾਦੀ ਤਾਂ ਵਧ ਰਹੀ ਹੈ ਪਰ ਘੱਟ ਦਰ ਨਾਲ ਵਧ ਰਹੀ ਹੈ। ਸੰਨ 1800 ਵਿੱਚ ਮਨੁੱਖੀ ਆਬਾਦੀ ਇਕ ਸੌ ਕਰੋੜ ਸੀ, 1930 'ਚ 200 ਕਰੋੜ, 1974 'ਚ 400 ਕਰੋੜ, 1999 'ਚ 600 ਕਰੋੜ ਅਤੇ 2025 'ਚ 820 ਕਰੋੜ ਹੋ ਚੁੱਕੀ ਹੈ। ਤੇਜ਼ੀ ਨਾਲ ਵਧੀ ਇਨਸਾਨੀ ਆਬਾਦੀ ਨੇ ਭੋਜਨ ਦੀਆਂ ਲੋੜਾਂ ਵਿੱਚ ਬੇਹਿਸਾਬ ਵਾਧਾ ਕਰ ਦਿੱਤਾ ਸੀ, ਜਿਸ ਦੇ ਸਿੱਟੇ ਵਜੋਂ ਸਮੁੱਚੀ ਦੁਨੀਆ ਉੱਤੇ ਜੰਗਲਾਂ ਨੂੰ ਕੱਟ ਕੇ ਜ਼ਮੀਨ ਨੂੰ ਵਾਹੀ ਯੋਗ ਬਣਾਇਆ ਗਿਆ ਸੀ ਅਤੇ ਇਹ ਪ੍ਰਕਿਰਿਆ ਅੱਜ ਵੀ ਜਾਰੀ ਹੈ। ਜੰਗਲਾਂ ਦੀ ਕਟਾਈ ਨਾਲ ਜੀਵ ਜੰਤੂਆਂ ਅਤੇ ਪਛੂ ਪੰਛੀਆਂ ਦੇ ਕੁਦਰਤੀ ਨਿਵਾਸ ਸਥਾਨ ਖ਼ਤਮ ਕੀਤੇ ਗਏ ਹਨ, ਜਿਸ ਕਰਕੇ ਜੀਵਾਂ ਦੀਆਂ ਪ੍ਰਜਾਤੀਆਂ ਅਲੋਪ ਹੋ ਰਹੀਆਂ ਹਨ। ਇਹ ਸਾਰੇ ਤੱਥ ਧਰਤੀ 'ਤੇ ਜੀਵਾਂ ਦੇ ਵਿਨਾਸ਼ ਦੀ ਕਹਾਣੀ ਲਿਖ ਰਹੇ ਹਨ।

ਵਧਦੇ ਸ਼ਹਿਰੀਕਰਨ ਕਰਕੇ ਜ਼ਮੀਨਾਂ ਦੀ ਵਰਤੋਂ ਘਰ ਬਣਾਉਣ ਲਈ, ਬੁਨਿਆਦੀ ਢਾਂਚੇ ਤਿਆਰ ਕਰਨ ਲਈ ਅਤੇ ਸੜਕਾਂ ਬਣਾਉਣ ਲਈ ਕੀਤੀ ਜਾ ਰਹੀ ਹੈ, ਜਿਸ ਨਾਲ ਜੀਵ ਜੰਤੂਆਂ ਦੇ ਕੁਦਰਤੀ ਨਿਵਾਸ ਸਥਾਨ ਨਸ਼ਟ ਹੋ ਰਹੇ ਹਨ। ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ ਯੂਰਪ ਵਿਚ ਸੰਨ 1760 ਵਿਚ ਹੋਈ ਸੀ ਜਿਸ ਦਾ ਕਿ ਘੇਰਾ ਬਾਅਦ ਵਿਚ ਹੌਲੀ ਹੌਲੀ ਸੰਸਾਰ ਦੇ ਬਾਕੀ ਦੇਸ਼ਾਂ ਵਿਚ ਵੀ ਫੈਲ ਗਿਆ ਸੀ। ਪਰ ਉਦਯੋਗੀਕਰਨ ਨੇ ਆਦਮੀ ਦੀ ਸਿਰਫ਼ ਭੌਤਿਕ ਤਰੱਕੀ ਹੀ ਕੀਤੀ ਹੈ। ਅਜਿਹੇ ਇਕ ਪਾਸੜ ਵਿਕਾਸ ਨੇ ਲੋਕਾਂ ਲਈ ਅਨੇਕਾਂ ਚੁਣੌਤੀਆਂ ਵੀ ਪੈਦਾ ਕੀਤੀਆਂ ਹਨ। ਉਦਯੋਗਾਂ ਤੋਂ ਨਿਕਲਦੀਆਂ ਕਾਰਬਨ ਡਾਈਆਕਸਾਈਡ ਅਤੇ ਮਿਥੇਨ ਵਰਗੀਆਂ ਗੈਸਾਂ ਆਲਮੀ ਤਪਸ਼ ਪੈਦਾ ਕਰ ਰਹੀਆਂ ਹਨ। ਇਸ ਗਰਮੀ ਨਾਲ ਬਰਫ਼ ਦੇ ਪਹਾੜ ਪਿਘਲ ਰਹੇ ਹਨ, ਜਿਸ ਨਾਲ ਸਮੁੰਦਰਾਂ ਦੇ ਪਾਣੀ ਦਾ ਪੱਧਰ ਵਧ ਰਿਹਾ ਹੈ। ਇਸ ਨਾਲ ਦੁਨੀਆ ਦੇ ਅਨੇਕਾਂ ਸ਼ਹਿਰਾਂ ਦੇ ਸਮੁੰਦਰੀ ਪਾਣੀ ਵਿਚ ਡੁੱਬਣ ਦਾ ਖ਼ਤਰਾ ਬਣਿਆ ਹੋਇਆ ਹੈ। ਅਖੌਤੀ ਵਿਕਾਸ ਨੇ ਅਨੇਕਾਂ ਤਰ੍ਹਾਂ ਦੇ ਪ੍ਰਦੂਸ਼ਣਾਂ ਜਿਵੇਂ ਰਸਾਇਣਿਕ ਪ੍ਰਦੂਸ਼ਣ ਅਤੇ ਪਲਾਸਟਿਕ ਪ੍ਰਦੂਸ਼ਣ ਨੂੰ ਜਨਮ ਦਿੱਤਾ ਹੈ। ਇਨ੍ਹਾਂ ਨਾਲ ਸਾਡੀ ਜ਼ਮੀਨ, ਹਵਾ ਅਤੇ ਪਾਣੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਆਲਮੀ ਤਪਸ਼ ਨੇ ਸਾਡੀਆਂ ਸਾਲਾਨਾ ਰੁੱਤਾਂ ਨੂੰ ਬੇਤਰਤੀਬ ਕਰ ਦਿੱਤਾ ਹੈ। ਮੌਨਸੂਨ ਦੀਆਂ ਬਾਰਿਸ਼ਾਂ ਬੇਯਕੀਨੀ ਅਤੇ ਬੇਤਰਤੀਬੀਆਂ ਬਣ ਗਈਆਂ ਹਨ। ਬਰਸਾਤੀ ਮੌਸਮ ਵਿਚ ਕਈ ਇਲਾਕੇ ਤਾਂ ਸੋਕੇ ਵਾਲੇ ਰਹਿ ਜਾਂਦੇ ਹਨ ਅਤੇ ਕਈ ਥਾਵਾਂ ਉੱਤੇ ਬੱਦਲ ਫਟਣ ਨਾਲ ਹੜ੍ਹਾਂ ਵਰਗੇ ਹਾਲਾਤ ਬਣ ਜਾਂਦੇ ਹਨ। ਇਹ ਸਭ ਧਰਤੀ ਦੇ ਜੀਵਾਂ ਨੂੰ ਬਰਬਾਦੀ ਵੱਲ ਲਿਜਾਈ ਜਾ ਰਹੇ ਹਨ।

ਗੈਰ ਕਾਨੂਨੀ ਸ਼ਿਕਾਰ ਨੇ ਵੀ ਅਨੇਕਾਂ ਨਸਲਾਂ ਦੇ ਜੀਵਾਂ ਨੂੰ ਖ਼ਤਮ ਹੋਣ ਕੰਢੇ ਪਹੁੰਚਾ ਦਿੱਤਾ ਹੈ। ਸਮੁੰਦਰੀ ਅਤੇ ਤਾਜ਼ੇ ਪਾਣੀ ਵਿਚ ਮੱਛੀਆਂ ਦੇ ਫੜਣ ਦੀ ਦਰ ਵਧ ਗਈ ਹੈ ਜਿਸ ਨਾਲ ਅਨੇਕਾਂ ਮੱਛੀਆਂ ਦੀਆਂ ਨਸਲਾਂ ਅਲੋਪ ਹੋ ਗਈਆਂ ਹਨ। ਪਾਣੀ ਦੀ ਵਧਦੀ ਮੰਗ ਅਤੇ ਵਾਤਾਵਰਨੀ ਤਬਦੀਲੀਆਂ ਕਰਕੇ ਵਿਸ਼ਵ ਦੇ ਅਨੇਕਾਂ ਇਲਾਕਿਆਂ ਵਿਚ ਪੀਣ ਵਾਲੇ ਪਾਣੀ ਦੀ ਕਿੱਲਤ ਮਹਿਸੂਸ ਕੀਤੀ ਜਾ ਰਹੀ ਹੈ। ਪਾਣੀ ਦੀ ਕਿੱਲਤ ਕਾਰਨ ਅੰਤਰਰਾਜੀ ਅਤੇ ਕੌਮਾਂਤਰੀ ਝਗੜੇ ਪੈਦਾ ਹੋ ਰਹੇ ਹਨ, ਜੋ ਕਿ ਆਦਮੀ ਨੂੰ ਵਿਨਾਸ਼ ਵੱਲ ਧਕੇਲ ਰਹੇ ਹਨ। ਸਮੁੰਦਰਾਂ ਵਿੱਚ ਸੁੱਟਿਆ ਜਾਂਦਾ ਪਲਾਸਟਿਕ ਅਤੇ ਜ਼ਹਿਰੀਲੇ ਰਸਾਇਣਾਂ ਦਾ ਕੂੜਾ ਅਤੇ ਜਹਾਜ਼ਾਂ 'ਚੋਂ ਡੁੱਲ੍ਹਦਾ ਕੱਚਾ ਤੇਲ ਇਨ੍ਹਾਂ ਦੇ ਪਾਣੀ ਨੂੰ ਜ਼ਹਿਰੀਲਾ ਬਣਾਉਂਦਾ ਹੈ। ਇਸੇ ਤਰ੍ਹਾਂ ਤਾਜ਼ੇ ਪਾਣੀਆਂ ਵਿੱਚ ਸੁੱਟੇ ਜਾਂਦੇ ਕੂੜੇ ਨਾਲ ਦਰਿਆਵਾਂ ਦਾ ਪਾਣੀ ਜ਼ਹਿਰੀਲਾ ਹੋ ਚੁੱਕਾ ਹੈ। ਇਹ ਜ਼ਹਿਰੀਲਾ ਪਾਣੀ ਅਨੇਕਾਂ ਜਲੀ ਜੀਵਾਂ ਦੀਆਂ ਨਸਲਾਂ ਨੂੰ ਖ਼ਤਮ ਕਰ ਚੁੱਕਾ ਹੈ।

# ਸਿੱਖਿਆ ਦਾ ਵਪਾਰੀਕਰਨ ਵਿਦਿਆ ਮਾਫ਼ੀਆ ਸਮਾਜ ਦੇ ਹਿਤ ਵਿੱਚ ਨਹੀਂ ?



ਡਾ. ਸੁਖਰਾਜ ਸਿੰਘ ਬਾਜਵਾ

ਦੇਸ਼ ਵਿੱਚ ਸਿੱਖਿਆ ਢਾਂਚਾ ਕਿਸ ਹੱਦ ਤੱਕ ਖਰਾਬ ਹੋ ਚੁੱਕਾ ਹੈ, ਇਸ ਬਾਰੇ ਅਨੇਕਾਂ ਵਾਰ ਗੱਲ ਹੁੰਦੀ ਹੈ ਪਰ ਅਫਸੋਸ ਦੀ ਗੱਲ ਹੈ ਕਿ ਬੁੱਧੀਜੀਵੀ ਵਰਗ ਚੁੱਪ ਹੈ। ਸਿੱਖਿਆ ਦੇ ਨਾਮ 'ਤੇ ਵਪਾਰ ਹੋ ਰਿਹਾ ਹੈ। ਹੈਰਾਨੀ ਹੁੰਦੀ ਹੈ ਕਿ ਜਦੋਂ ਪ੍ਰਾਈਵੇਟ ਸਕੂਲਾਂ ਵਿੱਚ ਨਰਸਰੀ ਜਮਾਤ ਵਿੱਚ ਦਾਖਲਾ ਲੈਣ ਲਈ ਵੀ 2 ਸਾਲ ਦੇ ਬੱਚੇ ਦੀ ਅਗਾਊਂ ਰਜਿਸਟਰੇਸ਼ਨ ਕਰਵਾਉਣੀ ਪੈਂਦੀ ਹੈ। ਰਜਿਸਟਰੇਸ਼ਨ ਕਰਵਾਉਣਾ ਕੋਈ ਗਲਤ ਵੀ ਨਹੀਂ, ਹੁਣ ਤਾਂ ਸਰਕਾਰੀ ਸਕੂਲਾਂ ਵਿੱਚ ਵੀ ਅਗਾਊਂ ਰਜਿਸਟਰੇਸ਼ਨ ਹੋਣ ਲੱਗ ਪਈ ਹੈ, ਪਰ ਜੋ ਗਲਤ ਹੈ, ਉਹ ਹੈ ਰਜਿਸਟਰੇਸ਼ਨ ਦੇ ਨਾਮ 'ਤੇ ਪ੍ਰਾਈਵੇਟ ਸਕੂਲਾਂ ਵਲੋਂ ਵੱਡੀ ਰਕਮ ਵਸੂਲ ਕਰਨਾ। ਇਹ ਰਕਮ ਦਾਖਲੇ ਤੋਂ ਬਾਅਦ ਕਿਸੇ ਫੀਸ ਵਿੱਚ ਵੀ ਅਡਜਸਟ ਨਹੀਂ ਕੀਤੀ ਜਾਂਦੀ। ਦੂਸਰੀ ਗੱਲ, ਜਿਹੜਾ ਬੱਚਾ ਹਾਲੇ ਦੋ ਢਾਈ ਸਾਲ ਦਾ ਹੈ, ਉਸਦਾ ਦਾਖਲੇ ਦੇ ਨਾਮ 'ਤੇ ਟੈੱਸਟ ਲਿਆ ਜਾਂਦਾ ਹੈ, ਜਿਸਦਾ ਪੱਧਰ ਪਹਿਲੀ ਜਾਂ ਦੂਸਰੀ ਜਮਾਤ ਦੇ ਵਿਦਿਆਰਥੀਆਂ ਵਾਲਾ ਹੁੰਦਾ ਹੈ। ਅਕਸਰ ਇਹ ਦਾਖਲਾ ਪ੍ਰੀਖਿਆ ਨੂੰ ਦੋ ਢਾਈ ਸਾਲ ਦਾ ਬੱਚਾ ਪਾਸ ਨਹੀਂ ਕਰ ਸਕਦਾ ਤੇ ਉਹ ਨਮੋਸ਼ੀ ਮਹਿਸੂਸ ਕਰਦਾ ਹੈ ਤੇ ਨਾਲ ਹੀ ਮਾਪੇ ਵੀ। ਪਰ ਅਸਲੀ ਖੇਡ ਇੱਥੋਂ ਸ਼ੁਰੂ ਹੁੰਦੀ ਹੈ। ਮਾਪਿਆਂ ਨੂੰ ਕਿਹਾ ਜਾਂਦਾ ਹੈ ਕਿ ਤੁਹਾਡਾ ਬੱਚਾ ਦਾਖਲੇ ਲਈ ਪਾਤਰ ਨਹੀਂ। ਫਿਰ ਹੁੰਦੀ ਹੈ ਸੌਦੇ ਬਾਜ਼ੀ। ਮਾਂ ਬਾਪ ਵੀ ਆਪਣੇ ਬੱਚੇ ਨੂੰ ਇੱਕ ਚੰਗੇ ਰੁਤਬੇ ਵਾਲੇ ਸਕੂਲ ਵਿੱਚ ਦਾਖਲਾ ਕਰਵਾਉਣ ਹਿਤ ਸੌਦੇਬਾਜ਼ੀ ਲਈ ਤਿਆਰ ਹੋ ਜਾਂਦੇ ਹਨ। ਇਸ ਤਰ੍ਹਾਂ ਸਿੱਖਿਆ ਦੇ ਨਾਮ 'ਤੇ ਸ਼ੁਰੂ ਹੁੰਦੀ ਹੈ ਠੱਗੀ। ਅੱਜ ਦੀ ਸਥਿਤੀ ਇਹ ਹੈ ਕਿ ਕਿਸੇ ਵੀ ਪ੍ਰਾਈਵੇਟ ਸਕੂਲ ਦਾ ਰੁਤਬਾ ਉਸਦੀ ਆਲੀਸ਼ਾਨ ਇਮਾਰਤ ਅਤੇ ਫੀਸ ਕਰਕੇ ਹੁੰਦਾ ਹੈ। ਜਿੰਨੀ ਵੱਧ ਫੀਸ, ਉੰਨਾ ਹੀ ਉਸ ਸਕੂਲ ਨੂੰ ਵੱਧ ਰੁਤਬੇ ਵਾਲਾ ਮੰਨਿਆ ਜਾਂਦਾ ਹੈ।

ਜੇਕਰ ਗੱਲ ਸਿੱਖਣ ਸਿਖਾਉਣ ਦੀ ਕਰੀਏ ਤਾਂ ਨਰਸਰੀ ਜਮਾਤ ਤੋਂ ਹੀ ਬੱਚੇ ਉੱਪਰ ਜਿੱਥੇ ਭਾਰੀ ਬਸਤੇ ਦਾ ਬੋਝ ਪਾ ਦਿੱਤਾ ਜਾਂਦਾ ਹੈ, ਜੋ ਕਿ ਬੱਚੇ ਦੇ ਸਰੀਰਕ ਵਿਕਾਸ ਨੂੰ ਰੋਕਦਾ ਹੈ, ਨਾਲ ਹੀ ਬੱਚੇ ਨੂੰ ਘਰ ਲਈ ਹੱਦ ਤੋਂ ਵੱਧ ਕੰਮ ਦੇ ਕੇ ਇੰਨਾ ਵਿਅਸਤ ਕਰ ਦਿੱਤਾ ਜਾਂਦਾ ਹੈ ਕਿ ਸਕੂਲ ਤੋਂ ਬਾਅਦ ਬੱਚਾ ਬਾਕੀ ਸਮਾਂ ਟਿਉਸ਼ਨ 'ਤੇ ਗੁਜ਼ਾਰ ਦਿੰਦਾ ਹੈ, ਬੱਚੇ ਕੋਲ ਮਨ ਪਰਚਾਵੇ ਲਈ ਘਰ ਤੋਂ ਬਾਹਰ ਖੇਡਣ ਦਾ ਸਮਾਂ ਹੀ ਨਹੀਂ ਹੁੰਦਾ। ਥੱਕਿਆ ਹੋਇਆ ਬੱਚਾ ਜਲਦੀ ਸੌਣ ਦੀ ਜ਼ਿਦ ਕਰਦਾ ਹੈ, ਜਿਸ ਕਾਰਨ ਉਹ ਆਪਣੇ ਮਾਤਾ ਪਿਤਾ ਜਾਂ ਘਰ ਵਿੱਚ ਮੌਜੂਦ ਹੋਰ ਮੈਂਬਰਾਂ ਨਾਲ ਖੁੱਲ੍ਹ ਕੇ ਗੱਲ ਵੀ ਨਹੀਂ ਕਰਦਾ। ਇਹ ਗੱਲਾਂ ਉਸਦੇ ਮਾਨਸਿਕ ਵਿਕਾਸ ਵਿੱਚ ਰੁਕਾਵਟ ਦਾ ਕਾਰਨ ਬਣਦੀਆਂ ਹਨ। ਬੱਚੇ ਨੂੰ ਅਗਰ ਨੀਂਦ ਨਹੀਂ ਆਉਂਦੀਤਾਂ ਉਹ ਆਪਣਾ ਸਮਾਂ ਮੋਬਾਇਲ 'ਤੇ ਗੁਜ਼ਾਰਨ ਲਗਦਾ ਹੈ। ਕਈ ਵਾਰ ਕੁਝ ਅਜਿਹੀਆਂ ਖੇਡਾਂ ਖੇਡਣ ਲਗਦਾ ਹੈ ਜੋ ਕੇ ਉਸ ਨੂੰ ਸਾਈਬਰ ਫਰਾਡ ਵੱਲ ਜਾਂ ਕਈ ਵਾਰ ਖਤਰਨਾਕ ਕਦਮ ਚੁੱਕਣ ਵੱਲ ਲੈ ਜਾਂਦੀਆਂ ਹਨ। ਪ੍ਰਾਈਵੇਟ ਸਕੂਲ ਬੱਚੇ ਦੀ ਬੋਲਚਾਲ ਦੀ ਭਾਸ਼ਾ ਉੱਪਰ ਵੀ ਕਬਜ਼ਾ ਕਰ ਲੈਂਦੇ ਹਨ। ਬੱਚੇ ਨੂੰ ਹਰ ਵਕਤ ਅੰਗਰੇਜ਼ੀ ਬੋਲਣ ਲਈ ਮਜਬੂਰ ਕੀਤਾ ਜਾਂਦਾ ਹੈ, ਜਿਸ ਨਾਲ ਬੱਚਾ ਆਪਣੀ ਮਾਤ ਭਾਸ਼ਾ ਤੋਂ ਦੂਰ ਹੋਣ ਲਗਦਾ ਹੈ। ਜਿਨ੍ਹਾਂ ਘਰਾਂ ਵਿੱਚ ਮਾਂ ਬਾਪ ਘੱਟ ਪੜ੍ਹੇ ਹੁੰਦੇ ਹਨ ਜਾਂ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਨਹੀਂ ਕਰ ਪਾਉਂਦੇ, ਉਹ ਬੱਚੇ ਦੇ ਅੰਗਰੇਜ਼ੀ ਬੋਲਣ 'ਤੇ ਬਹੁਤ ਖੁਸ਼ ਹੁੰਦੇ ਹਨ ਪਰ ਜਦੋਂ ਉਹਨਾਂ ਨੂੰ ਮਾਪੇ ਅਧਿਆਪਕ ਮਿਲਣੀ ਲਈ ਸਕੂਲ ਬੁਲਾਇਆ ਜਾਂਦਾ ਹੈ ਤਾਂ ਉਹ ਆਪ ਤਾਂ ਨਮੋਸ਼ੀ ਮਹਿਸੂਸ ਕਰਦੇ ਹੀ ਹਨ, ਨਾਲ ਹੀ ਬੱਚਾ ਵੀ ਇਸ ਗੱਲ ਲਈ ਨਮੋਸ਼ੀ ਮਹਿਸੂਸ ਕਰਦਾ ਹੈ ਕਿ ਉਸਦੇ ਮਾਤਾ ਪਿਤਾ ਉਸਦੇ ਅਧਿਆਪਕ ਜਾਂ ਦੂਸਰੇ ਵਿਦਿਆਰਥੀਆਂ ਦੇ ਮਾਤਾ ਪਿਤਾ ਨਾਲ ਅੰਗਰੇਜ਼ੀ ਵਿੱਚ ਗੱਲ ਨਹੀਂ ਕਰਦੇ। ਇਸ ਕਰਕੇ ਬੱਚੇ ਵਿੱਚ ਹੀਣ ਭਾਵਨਾ ਪੈਦਾ ਹੋਣ ਲਗਦੀ ਹੈ। ਬੱਚਾ ਆਪਣੇ ਮਾਤਾ ਪਿਤਾ ਨੂੰ ਮੀਟਿੰਗ ਵਿੱਚ ਲੈ ਕੇ ਆਉਣ ਤੋਂ ਗੁਰੇਜ਼ ਕਰਨ ਲਗਦਾ ਹੈ।






ਪ੍ਰਾਈਵੇਟ ਸਕੂਲਾਂ ਵਿੱਚ ਸਲਾਨਾ ਸਮਾਗਮ ਕਰਵਾਏ ਜਾਂਦੇ ਹਨ, ਜੋ ਕਿ ਬਹੁਤ ਵਧੀਆ ਗੱਲ ਹੈ। ਇਸ ਨਾਲ ਬੱਚੇ ਦੀ ਪ੍ਰਤਿਭਾ ਵਿੱਚ ਨਿਖਾਰ ਆਉਂਦਾ ਹੈ ਪਰ ਇੱਥੇ ਵੀ ਕਮਾਈ ਦਾ ਕੋਈ ਵੀ ਸਾਧਨ ਪਿੱਛੇ ਨਹੀਂ ਛੱਡਿਆ ਜਾਂਦਾ। ਬੱਚੇ ਦੀ ਡਰੈੱਸ ਕਿਰਾਏ 'ਤੇ ਲੈਣ ਦੇ ਨਾਮ 'ਤੇ ਅਤੇ ਫੰਕਸ਼ਨ ਦੇ ਨਾਮ 'ਤੇ ਫਿਰ ਤੋਂ ਮੋਟੀ ਰਕਮ ਵਸੂਲ ਕੀਤੀ ਜਾਂਦੀ ਹੈ। ਹੁਣ ਤਾਂ ਇੱਕ ਨਵੀਂ ਖੇਡ ਸ਼ੁਰੂ ਕਰ ਦਿੱਤੀ ਗਈ ਹੈ ਕੁਝ ਸਕੂਲਾਂ ਵਲੋਂ, ਖਾਣੇ ਜਾਂ ਰਿਫਰੈਸ਼ਮੈਂਟ ਦੇ ਨਾਮ 'ਤੇ ਕੁਝ ਨਾਮੀ ਕੇਟਰਿੰਗ ਵਾਲਿਆਂ ਨਾਲ ਠੇਕਾ ਕਰ ਲਿਆ ਜਾਂਦਾ ਹੈ। ਬੱਚਿਆਂ ਨੂੰ ਅਤੇ ਬੱਚਿਆਂ ਦੇ ਮਾਪਿਆਂ ਨੂੰ ਉਹ ਖਾਣਾ ਮੁੱਲ ਲੈ ਕੇ ਖਾਣਾ ਪੈਂਦਾ ਹੈ ਜੋ ਕੇ ਆਮ ਤੌਰ 'ਤੇ ਮਹਿੰਗਾ ਵੀ ਹੁੰਦਾ ਹੈ। ਆਪਣਾ ਝੂਠਾ ਰੁਤਬਾ ਦਿਖਾਉਣ ਲਈ ਮਾਪੇ ਉੱਥੇ ਖਾਣਾ ਖਾਣ ਲਈ ਮਜਬੂਰ ਵੀ ਹੁੰਦੇ ਹਨ। ਕਈ ਸਕੂਲਾਂ ਨੇ ਸਮਾਗਮ ਵਾਲੇ ਦਿਨ ਕਾਰ ਪਾਰਕਿੰਗ ਵੀ ਪੇਡ ਕੀਤੀ ਹੁੰਦੀ ਹੈ। ਇਸ ਤਰ੍ਹਾਂ ਸਿੱਖਿਆ ਦੇ ਮੰਦਰ ਵਿੱਚ ਪੈਸਾ ਕਮਾਉਣ ਦਾ ਕੋਈ ਵੀ ਮੌਕਾ ਨਹੀਂ ਛੱਡਿਆ ਜਾਂਦਾ।

ਸਕੂਲਾਂ ਵਿੱਚੋਂ ਹੀ ਵਰਦੀ ਦੀ ਖਰੀਦ, ਕਿਤਾਬਾਂ, ਸਕੂਲ ਬੈਗ ਅੱਜ ਵੀ ਪਹਿਲਾਂ ਦੀ ਤਰ੍ਹਾਂ ਹੀ ਜਾਰੀ ਹੈ, ਬੱਸ ਤਰੀਕਾ ਥੋੜ੍ਹਾ ਬਦਲ ਗਿਆ ਹੈ। ਮਾਪਿਆਂ ਨੂੰ ਇਨ੍ਹਾਂ ਦੀ ਖਰੀਦ ਲਈ 4 ਤੋਂ 5 ਦੁਕਾਨਦਾਰਾਂ ਦੀ ਲਿਸਟ ਦਿੱਤੀ ਜਾਂਦੀ ਹੈ ਪਰ ਹਕੀਕਤ ਵਿੱਚ ਇਹ ਸਾਰਾ ਕੁਝ ਸਿਰਫ ਇੱਕ ਹੀ ਦੁਕਾਨ ਤੋਂ ਮਿਲਦਾ ਹੈ ਅਤੇ ਉਸ ਵੱਲੋਂ ਬਿੱਲ ਵੀ ਨਹੀਂ ਦਿੱਤਾ ਜਾਂਦਾ ਤਾਂ ਜੋ ਸਕੂਲ ਜਾਂ ਉਸ ਦੁਕਾਨ ਖ਼ਿਲਾਫ਼ ਕੋਈ ਕਾਰਵਾਈ ਨਾ ਹੋ ਸਕੇ। ਛੇਵੀਂ ਜਮਾਤ ਤੋਂ ਬਾਅਦ ਬੇਸ਼ਕ ਸਕੂਲਾਂ ਵਿੱਚ ਐੱਨ ਸੀ ਆਰ ਟੀ ਵੱਲੋਂ ਸਿਲੇਬਸ ਨਿਰਧਾਰਤ ਹੈ ਅਤੇ ਹਰ ਭਾਸ਼ਾ ਵਿੱਚ ਕਿਤਾਬਾਂ ਉਪਲਬਧ ਹਨ ਪਰ ਪ੍ਰਾਈਵੇਟ ਸਕੂਲਾਂ ਵੱਲੋਂ ਆਪਣੀ ਮਨਮਰਜ਼ੀ ਦੀਆਂ ਕਿਤਾਬਾਂ ਅਤੇ ਸਿਲੇਬਸ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਇਹ ਵੀ ਹਰ ਸਾਲ ਬਦਲ ਦਿੱਤਾ ਜਾਂਦਾ ਹੈ ਤਾਂ ਜੋ ਅਗਲੇ ਸਾਲ ਵਿਦਿਆਰਥੀ ਪੁਰਾਣੀਆਂ ਕਿਤਾਬਾਂ ਇਸਤੇਮਾਲ ਨਾ ਕਰ ਸਕਣ। ਇਸ ਸਾਰੇ ਮਸਲੇ 'ਤੇ ਜਿੱਥੇ ਸਰਕਾਰਾਂ ਅੱਖਾਂ ਬੰਦ ਕਰੀ ਬੈਠੀਆਂ ਹਨ, ਉੱਥੇ ਹੀ ਮਾਪੇ ਵੀ ਖਾਮੋਸ਼ ਹਨ। ਕੋਈ ਵਿਰੋਧ ਨਹੀਂ ਕਰਦਾ। ਸਿੱਖਿਆ ਨੂੰ ਵਪਾਰ ਬਣਾਉਣ ਵਿੱਚ ਕਿਤੇ ਨਾ ਕਿਤੇ ਸਾਡਾ ਸਭ ਦਾ ਹੱਥ ਹੈ, ਜੋ ਇਸ ਸਾਰੇ ਵਿਸ਼ੇ ਉੱਪਰ ਚੁੱਪ ਹਾਂ। ਸਮਾਂ ਹੈ ਕਿ ਅਸੀਂ ਸਾਰੇ ਰਲ ਕੇ ਇਸ ਉੱਪਰ ਗੰਭੀਰਤਾ ਨਾਲ ਵਿਚਾਰ ਕਰੀਏ ਅਤੇ ਆਪਣੇ ਬੱਚਿਆਂ ਨੂੰ ਸਿੱਖਿਆ ਮਾਫੀਏ ਦੇ ਸ਼ੋਸ਼ਣ ਤੋਂ ਬਚਾਈਏ।

# ਕੀ ਸੰਘ ਤੇ ਭਾਜਪਾ ਦੇ ਉਭਾਰ ਲਈ ਕਾਂਗਰਸ ਜ਼ਿੰਮੇਵਾਰ ਹੈ ?

ਸੁੱਚਾ ਸਿੰਘ ਖੱਟੜਾ

ਡਾ. ਅੰਬੇਡਕਰ ਨੇ ਕਿਹਾ ਸੀ ਕਿ 'ਹਿੰਦੂ ਜੋ ਮਰਜ਼ੀ ਕਹਿਣ ਕੋਈ ਗੱਲ ਨਹੀਂ ਪਰ ਹਿੰਦੂਤਵ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਲਈ ਖ਼ਤਰਾ ਹੈ। ਇਸ ਹਿਸਾਬ ਨਾਲ ਇਹ ਲੋਕ ਰਾਜ ਲਈ ਅਸੰਗਤ ਹਨ, ਹਿੰਦੂ ਰਾਜ ਹਰ ਕੀਮਤ 'ਤੇ ਰੋਕਣਾ ਚਾਹੀਦਾ ਹੈ।' ਇਹ ਸ਼ਬਦ ਡਾ. ਅੰਬੇਡਕਰ ਦੇ ਹਨ, ਜਿਨ੍ਹਾਂ ਨੂੰ ਦੇਸ਼ ਦੇ ਸੰਵਿਧਾਨ ਦਾ ਨਿਰਮਾਤਾ ਮੰਨਿਆ ਜਾਂਦਾ ਹੈ। ਹਿੰਦੂਤਵ ਬਾਰੇ ਉਨ੍ਹਾਂ ਦੇ ਸ਼ਬਦਾਂ ਨੂੰ ਲੇਖ ਦੇ ਆਰੰਭ ਵਿੱਚ ਇਸ ਕਰਕੇ ਦਿੱਤਾ ਗਿਆ ਹੈ, ਤਾਂ ਕਿ ਹਿੰਦੂਤਵ ਦੇ ਅਜੋਕੇ ਉਭਾਰ ਲਈ ਹਰ ਜ਼ਿੰਮੇਵਾਰ ਆਪੋ-ਆਪਣੀ ਭੂਮਿਕਾ ਨੂੰ ਬਰਾਬਰ ਰੱਖ ਕੇ ਆਪੋ-ਆਪਣੇ ਰੋਲ ਨੂੰ ਤੋਲ ਸਕੇ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਜਿਸ ਸੰਗਠਨ ਤੇ ਵਿਚਾਰਧਾਰਾ 'ਤੇ ਆਪਣੇ ਹੀ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਨਾ ਲੈਣ ਦਾ ਦੋਸ਼ ਹੋਵੇ, ਜੋ ਅੱਜ ਵੀ ਮਨੂ ਸਿਮ੍ਰਤੀ ਨੂੰ ਸੰਵਿਧਾਨ ਦਾ ਆਧਾਰ ਬਣਾਉਣ ਬਾਰੇ ਸੋਚ ਰਹੀ ਹੋਵੇ, ਜੋ ਸਮਾਜਵਾਦ ਤੇ 'ਸੈਕੂਲਰ' ਸ਼ਬਦਾਂ ਨੂੰ ਸੰਵਿਧਾਨ 'ਚੋਂ ਹਟਾਉਣਾ ਚਾਹੁੰਦੀ ਹੋਵੇ ਅਤੇ ਜਿਸ ਨੇ ਦੇਸ਼ ਦੀ ਆਰਥਿਕਤਾ ਨੂੰ ਰੁਜ਼ਗਾਰ ਵਿਹੂਣੀ ਕਰ ਰੱਖਿਆ ਹੋਵੇ, ਉਹ ਸੰਗਠਨ ਤੇ ਵਿਚਾਰਧਾਰਾ ਭਾਰਤੀਆਂ ਨੂੰ ਧਰਮ ਦੇ ਆਧਾਰ 'ਤੇ ਵੰਡ ਕੇ ਦੇਸ਼ ਦੀ ਸ਼ਾਸਕ ਬਣ ਗਈ ਹੈ। ਇਨ੍ਹਾਂ ਗੱਲਾਂ ਕਰਕੇ ਹੀ ਇਸ ਵਿਸ਼ੇ 'ਤੇ ਵਿਚਾਰ ਕਰਨੀ ਜ਼ਰੂਰੀ ਹੈ।

ਅੱਜ ਹਿੰਦੂਤਵ ਦੀ ਸਿਆਸੀ ਅਲੰਬਰਦਾਰ ਭਾਰਤੀ ਜਨਤਾ ਪਾਰਟੀ ਹੈ, ਜੋ ਜਨਸੰਘ ਦਾ ਮੌਜੂਦਾ ਅਵਤਾਰ ਹੈ ਤੇ ਆਜ਼ਾਦੀ ਤੋਂ ਪਹਿਲਾਂ ਇਹ ਸਿਆਸੀ ਭੂਮਿਕਾ ਹਿੰਦੂ ਮਹਾਂਸਭਾ ਨਿਭਾਉਂਦੀ ਸੀ, ਜੋ ਆਰ.ਐਸ.ਐਸ. ਵਾਲੀ ਵਿਚਾਰਧਾਰਾ ਨੂੰ ਹੀ ਪ੍ਰਨਾਈ ਹੋਈ ਸੀ। ਅਸੀਂ ਅਜੋਕੀਆਂ ਸਥਿਤੀਆਂ ਵਿੱਚ ਆਰ.ਐੱਸ.ਐੱਸ. (ਸੰਘ) ਤੇ ਭਾਜਪਾ ਨੂੰ ਇਕੋ ਪਲੜੇ ਵਿੱਚ ਰੱਖਾਂਗੇ। ਜਦੋਂ ਆਰ.ਐਸ.ਐਸ. 1925 ਨੂੰ ਹੋਂਦ 'ਚ ਆਈ ਤਾਂ ਕਾਂਗਰਸ 40 ਵਰ੍ਹਿਆਂ ਦੀ ਹੋ ਚੁੱਕੀ ਸੀ। ਕਾਂਗਰਸ ਤੇ ਇਨਕਲਾਬੀਆਂ ਵੱਲੋਂ ਲੜੇ ਜਾ ਰਹੇ ਸੰਘਰਸ਼ ਦਾ ਅੰਤਿਮ ਨਿਸ਼ਾਨਾ ਅਤੇ ਭਾਰਤ ਲਈ ਭਵਿੱਖ ਦਾ ਨਕਸ਼ਾ ਅਤੇ ਦੁਸ਼ਮਣ ਤੈਅ ਹੋ ਚੁੱਕੇ ਸਨ। ਇਨ੍ਹਾਂ ਦਾ ਅੰਤਿਮ ਨਿਸ਼ਾਨਾ (ਆਜ਼ਾਦੀ) ਭਾਰਤ ਲਈ ਭਵਿੱਖੀ ਨਕਸ਼ਾ (ਲੋਕਰਾਜ ਤੇ ਸਮਾਜਵਾਦ) ਅਤੇ ਇਸ ਸਭ ਕੁਝ ਦੀ ਪ੍ਰਾਪਤੀ ਦੇ ਰਾਹ ਵਿੱਚ ਦੁਸ਼ਮਣ (ਅੰਗਰੇਜ਼ੀ ਰਾਜ) ਸੀ, ਜਦਕਿ ਆਰ.ਐੱਸ.ਐੱਸ. ਦੇ ਬਾਨੀ ਹੈਡਗੇਵਾਰ ਦੀ ਰਾਜਨੀਤਕ ਸਮਝ ਅਜੇ ਪੂਰੀ ਤਰ੍ਹਾਂ ਸਾਹਮਣੇ ਨਹੀਂ ਆਈ ਸੀ, ਪਰ ਸੰਘ ਉਕਤ 3 ਮੁੱਦਿਆਂ ਦੇ ਵਿਰੁੱਧ ਸੀ। ਪਤਾ ਨਹੀਂ ਕਾਂਗਰਸ ਜਾਂ ਮਹਾਤਮਾ ਗਾਂਧੀ ਨੇ ਆਰ.ਐੱਸ.ਐੱਸ. ਦੇ ਇਸ ਵਿਰੋਧ ਨੂੰ ਲੋਕਾਂ ਵਿਚ ਕਿਉਂ ਨਹੀਂ ਪ੍ਰਚਾਰਿਆ ? ਗੋਲਵਾਲਕਰ ਦੀ ਹਿੰਦੂ ਰਾਸ਼ਟਰ 'ਤੇ ਕਿਤਾਬ 'ਅਸੀਂ ਤੇ ਸਾਡੇ ਰਾਸ਼ਟਰ ਦੀ ਵਿਆਖਿਆ' 1939 ਵਿੱਚ ਛਪ ਕੇ ਬਾਹਰ ਆ ਚੁੱਕੀ ਸੀ। ਇਹ ਕਿਤਾਬ ਉਸ ਹਿੰਦੂ ਰਾਸ਼ਟਰ ਦਾ ਮੁਕੰਮਲ ਨਕਸ਼ਾ ਹੈ, ਜਿਸ 'ਚ ਮਨੂ ਦੀ ਵਿਚਾਰਧਾਰਾ 'ਤੇ ਅਧਾਰਿਤ ਸ਼ਾਸਨ, ਨਿਆਂ ਅਤੇ ਰਾਜ ਦੀ ਬਣਤਰ ਸਪੱਸ਼ਟ ਕੀਤੀ ਗਈ ਸੀ। ਪਰ ਕਾਂਗਰਸ ਉਸ ਸਮੇਂ ਵੀ ਚੁੱਪ ਰਹੀ। ਜਦੋਂ 1935 ਦੇ ਸੰਵਿਧਾਨ ਅਨੁਸਾਰ ਸੂਬਿਆਂ ਦੀਆਂ ਸਰਕਾਰਾਂ ਬਣੀਆਂ



ਤਾਂ ਅੰਗਰੇਜ਼ਾਂ ਨੇ ਭਾਰਤੀ ਨੁਮਾਇੰਦਿਆਂ ਨਾਲ ਵਿਚਾਰ ਕੀਤੇ ਬਗੈਰ ਹੀ ਭਾਰਤ ਨੂੰ ਦੂਜੀ ਸੰਸਾਰ ਜੰਗ ਵਿਚ ਧੱਕ ਦਿੱਤਾ। ਕਾਂਗਰਸ ਨੇ ਅੰਗਰੇਜ਼ਾਂ ਦੇ ਇਸ ਫ਼ੈਸਲੇ ਦੇ ਵਿਰੋਧ ਵਿੱਚ ਆਪਣੀਆਂ 9 ਸੂਬਾ ਸਰਕਾਰਾਂ ਤੋਂ ਅਸਤੀਫ਼ੇ ਦੇ ਦਿੱਤੇ। ਪਰ ਆਪਣੇ ਹਿੰਦੂ ਰਾਸ਼ਟਰ ਵਿੱਚ ਮੁਸਲਮਾਨਾਂ ਨੂੰ ਆਪਣੇ ਦੁਸ਼ਮਣ ਨੰਬਰ ਇੱਕ ਤੇ ਉਨ੍ਹਾਂ ਨੂੰ ਦੋਇਮ ਦਰਜੇ ਦੇ ਨਾਗਰਿਕ ਮੰਨਣ ਵਾਲੇ ਗੋਲਵਾਲਕਰ ਦੀ ਉਸ ਸਮੇਂ ਸਿਆਸੀ ਧਿਰ ਮੰਨੀ ਜਾਣ ਵਾਲੀ ਹਿੰਦੂ ਮਹਾਂਸਭਾ ਮੁਸਲਮਾਨਾਂ ਦੀ ਪਾਰਟੀ ਮੁਸਲਿਮ ਲੀਗ ਨਾਲ ਮਿਲ ਕੇ ਬੰਗਾਲ ਤੇ ਸਿੰਧ ਸੂਬਿਆਂ ਵਿੱਚ ਸਾਂਝੀਆਂ ਸਰਕਾਰਾਂ ਚਲਾਉਂਦੀ ਰਹੀ ਅਤੇ ਦੂਜੀ ਸੰਸਾਰ ਜੰਗ ਸਮੇਂ ਅੰਗਰੇਜ਼ਾਂ ਦੀਆਂ ਇਹ ਧਿਰਾਂ ਹਮਾਇਤ ਵੀ ਕਰਦੀਆਂ ਰਹੀਆਂ। ਕਾਂਗਰਸ ਉਦੋਂ ਵੀ ਹਿੰਦੂ ਮਹਾਂਸਭਾ ਅਤੇ ਸੰਘ ਦੇ ਦੋਗਲੇ ਕਿਰਦਾਰ ਸੰਬੰਧੀ ਭਾਰਤੀਆਂ ਨੂੰ ਸੁਚੇਤ ਨਾ ਕਰ ਸਕੀ।

ਜਦੋਂ ਆਰ ਐੱਸ.ਐੱਸ. ਦੀ ਜ਼ਹਿਰ ਨਾਲ ਭਰਿਆ ਨੱਥੂ ਰਾਮ ਗੋਡਸੇ 1948 'ਚ ਮਹਾਤਮਾ ਗਾਂਧੀ ਦਾ ਕਤਲ ਕਰ ਦਿੰਦਾ ਹੈ ਤਾਂ ਸਰਦਾਰ ਪਟੇਲ ਆਰ.ਐੱਸ.ਐੱਸ. 'ਤੇ ਪਾਬੰਦੀ ਲਗਾ ਦਿੰਦਾ ਹੈ। ਪਰ ਉਸ ਸਮੇਂ ਵੀ ਕਾਂਗਰਸ ਦਾ ਆਰ.ਐੱਸ.ਐੱਸ. ਦੇ ਖ਼ਿਲਾਫ਼ ਤਿੱਖਾ ਵਿਰੋਧ ਵੇਖਣ ਨੂੰ ਨਹੀਂ ਸੀ ਮਿਲਿਆ, ਕਾਂਗਰਸ ਸਹਿਜੇ ਹੀ ਸੰਘ ਖ਼ਿਲਾਫ਼ ਲੋਕ ਮਨਾਂ ਵਿੱਚ ਅਜਿਹੀ ਧਾਰਨਾ ਪੈਦਾ ਕਰ ਸਕਦੀ ਸੀ ਕਿ ਉਹ ਪਾਬੰਦੀ ਹਟਣ ਬਾਅਦ ਵੀ ਲੋਕ ਮਨਾਂ 'ਚ ਪਾਬੰਦੀਸ਼ੁਦਾ ਹੀ ਰਹਿੰਦੀ। ਭਾਵੇਂ ਆਜ਼ਾਦੀ ਉਪਰੰਤ ਕਾਂਗਰਸ 5 ਸਾਲਾ ਯੋਜਨਾਵਾਂ ਰਾਹੀ ਦੇਸ਼ ਦੇ ਨਿਰਮਾਣ ਵਿੱਚ ਜੁਟ ਗਈ, ਪਰ ਉਹ ਸੰਘ ਦੇ ਵਿਚਾਰਧਾਰਕ ਵਿਰੋਧ ਸੰਬੰਧੀ ਮੌਕਾਪ੍ਰਸਤੀ ਹੀ ਦਿਖਾਉਂਦੀ ਰਹੀ। ਇੰਦਰਾ ਗਾਂਧੀ ਨੇ ਤਾਂ ਸਾਵਰਕਰ ਦੀ ਮੂਰਤੀ ਵੀ ਸੰਸਦ 'ਚ ਲਗਵਾ ਦਿੱਤੀ ਸੀ। ਦਰਅਸਲ ਸਾਵਰਕਰ ਦੀ ਮੂਰਤੀ ਦੀ ਸਥਾਪਨਾ ਕਾਂਗਰਸ ਦੀ ਹਿੰਦੂਤਵ ਦੇ ਮੁੱਦੇ 'ਤੇ ਦੋਹਰੀ ਨੀਤੀ ਦਾ ਪ੍ਰਗਟਾਵਾ ਕਰਦੀ ਹੈ। ਰਾਹੁਲ ਗਾਂਧੀ ਨੂੰ ਵੀ ਇਸ ਨੂੰ ਸਮਝਣਾ ਪਵੇਗਾ।

ਹਿੰਦੂਤਵ ਦੇ ਵਿਕਾਸ ਤੇ ਆਰ. ਐੱਸ.ਐੱਸ. ਦੇ ਵਿਸਥਾਰ ਵਿੱਚ ਸਭ ਤੋਂ ਵੱਡਾ ਯੋਗਦਾਨ ਭਾਜਪਾ ਦੀਆਂ ਸੂਬਾ ਸਰਕਾਰਾਂ ਤੇ ਕੇਂਦਰ 'ਚ ਭਾਜਪਾ ਦੀਆਂ ਸਰਕਾਰਾਂ ਨੇ ਪਾਇਆ। ਭਾਜਪਾ ਵੱਲੋਂ ਕਾਂਗਰਸ ਦੀਆਂ ਆਰਥਿਕ ਨੀਤੀਆਂ ਅਮਲ ਕਰਨ ਬਾਰੇ ਕਾਂਗਰਸ ਦੀ ਚੁੱਪੀ ਹੀ ਭਾਜਪਾ ਦੇ ਵਿਕਾਸ ਵਿੱਚ ਮਦਦਗਾਰ ਸਾਬਤ ਹੋਈ ਹੈ। ਹੁਣ ਕਾਂਗਰਸ ਦੇ ਗਠਨ ਤੋਂ 140 ਸਾਲ ਬਾਅਦ ਰਾਹੁਲ ਗਾਂਧੀ ਭਾਜਪਾ ਤੇ ਸੰਘ ਦੇ ਆਰਥਿਕ ਤੇ ਸਮਾਜਿਕ-ਸੱਭਿਆਚਾਰਕ-ਰਾਜਨੀਤਕ ਫਰੰਟਾਂ 'ਤੇ ਬੇਬਾਕੀ ਨਾਲ ਬੋਲ ਰਿਹਾ ਹੈ। ਕਾਂਗਰਸ ਦੀ ਵਿਚਾਰਧਾਰਕ ਕਚਿਆਈ ਰਾਹੁਲ ਗਾਂਧੀ ਦੀ ਅਸੁਰੱਖਿਆ ਨੂੰ ਵਧਾਉਂਦੀ ਹੈ।

ਪੰਜਾਬ ਦੀ ਧਰਤੀ ਤਾਂ ਪਹਿਲਾਂ ਤੋਂ ਆਰ.ਐੱਸ.ਐੱਸ. ਦੀ ਵਿਚਾਰਧਾਰਾ ਭਾਵ ਹਿੰਦੂਤਵ ਦੇ ਵਿਰੋਧ ਵਿੱਚ ਹੈ। ਇੱਥੋਂ ਦਾ ਸੱਭਿਆਚਾਰ ਗੁਰੂਆਂ ਦੀ ਮਾਨਵਵਾਦੀ ਸੋਚ 'ਤੇ ਆਧਾਰਿਤ ਸਮਾਜਵਾਦ ਪੱਖੀ ਤੇ ਮਨੂਵਾਦ ਵਿਰੋਧੀ ਹੈ। ਗ਼ਦਰੀਆਂ, ਇਨਕਲਾਬੀਆਂ ਨੇ ਵੀ ਇਨ੍ਹਾਂ ਹੀ ਕਦਰਾਂ-ਕੀਮਤਾਂ 'ਤੇ ਚੱਲਦਿਆਂ ਦੇਸ਼ ਦੀ ਆਜ਼ਾਦੀ ਲਈ ਫਾਂਸੀਆਂ ਕਬੂਲੀਆਂ। ਨਫ਼ਰਤ ਨਾਲ ਲਬਰੇਜ਼ ਸੰਘ ਆਜ਼ਾਦੀ ਦੇ ਪ੍ਰਵਾਨਿਆ ਨੂੰ ਗੁੰਮਰਾਹ ਹੋਏ ਦੱਸਦਾ ਰਿਹਾ, ਅਜਿਹੇ 'ਚ ਭਾਜਪਾ ਨਾਲ ਅਕਾਲੀ ਦਲ ਦੀ ਸਾਂਝ ਸਿਧਾਂਤਕ ਤੌਰ 'ਤੇ ਸਹੀ ਨਹੀਂ ਸੀ। ਭਾਜਪਾ ਅਤੇ ਆਰ. ਐੱਸ.ਐੱਸ. ਦੇ ਵਿਸਥਾਰ ਵਿੱਚ ਦੇਸ਼ ਦੀਆਂ ਸਿਆਸੀ ਪਾਰਟੀਆਂ ਤੋਂ ਇਲਾਵਾ ਦੇਸ਼ ਦੇ ਧਨ ਕੁਬੇਰਾਂ ਅਤੇ ਦੇਸ਼ ਦੇ ਮੀਡੀਏ ਦੇ ਇੱਕ ਹਿੱਸੇ ਦਾ ਵੀ ਵੱਡਾ ਯੋਗਦਾਨ ਹੈ। ਇਸ ਤੋਂ ਇਲਾਵਾ ਈ.ਡੀ. ਅਤੇ ਆਮਦਨ ਟੈਕਸ (ਆਈ.ਟੀ.) ਜਿਹੀਆਂ ਕੇਂਦਰੀ ਏਜੰਸੀਆਂ ਦਾ ਡਰ ਵੱਖਰਾ ਹੈ। ਕੇਂਦਰੀ ਏਜੰਸੀਆਂ ਦੇ ਨਾਲ ਹੀ ਭਾਰਤ ਦਾ ਚੋਣ ਕਮਿਸ਼ਨ ਅਤੇ ਦੇਸ਼ ਦੀ ਆਲ੍ਹਾ ਅਫ਼ਸਰਸ਼ਾਹੀ ਤੇ ਪੁਲਿਸ ਦੀ ਭੂਮਿਕਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਸ ਸਭ ਤੋਂ ਬਾਅਦ ਭਾਜਪਾ ਦੇ ਵਿਕਾਸ ਵਿੱਚ ਦੇਸ਼ ਦੇ ਲੋਕਾਂ ਦੇ ਯੋਗਦਾਨ ਦੀ ਗੱਲ ਵੀ ਕਰਨੀ ਬਣਦੀ ਹੈ। ਲੋਕਾਂ ਦੀ ਸਿਆਸੀ ਚੇਤਨਾ ਦਾ ਨੀਵਾਂ ਪੱਧਰ, ਆਰਥਿਕ ਨੀਤੀਆਂ ਤੋਂ ਅਨਜਾਣਪੁਣਾ, ਧਾਰਮਿਕ ਜਨੂੰਨ, ਆਰ. ਐੱਸ. ਐੱਸ. ਤੇ ਭਾਜਪਾ ਦੇ ਪਸਾਰ ਲਈ ਕਾਰਗਰ ਸਾਬਤ ਹੋਏ ਹਨ। ਇਸ ਸਭ ਤੋਂ ਉੱਪਰ ਵੋਟ ਨੂੰ ਰਿਓੜੀਆਂ ਦੇ ਭਾਅ ਵੇਚਣ ਦਾ ਵਰਤਾਰਾ ਭਾਜਪਾ ਅਤੇ ਆਰ.ਐੱਸ.ਐੱਸ. ਦੇ ਵਿਸਥਾਰ ਵਿੱਚ ਆਪਣਾ ਵੱਖਰਾ ਯੋਗਦਾਨ ਪਾ ਰਿਹਾ ਹੈ। ਜਿਹੜੀਆਂ ਸਿਆਸੀ ਧਿਰਾਂ ਬੁੱਧੀਜੀਵੀ ਤੇ ਪੱਤਰਕਾਰ ਹਿੰਦੂਤਵ ਦੀ ਵਿਚਾਰਧਾਰਾ ਨੂੰ ਦੇਸ਼ ਲਈ ਹਾਨੀਕਾਰਕ ਮੰਨਦੇ ਹਨ, ਉਨ੍ਹਾਂ ਨੂੰ ਇਸ ਸੰਦਰਭ ਵਿਚ ਆਪਣੇ ਰੋਲ ਬਾਰੇ ਸੁਚੇਤ ਹੋਣ ਦੀ ਲੋੜ ਹੈ।

# ਮਹਿੰਗਾਈ ਸੰਕਟ ਗ਼ੈਰ ਸੰਗਠਿਤ ਖੇਤਰ 'ਚ ਕੰਮ ਕਰਨ ਵਾਲੇ ਲੋਕਾਂ ਨੂੰ ਵਧੇਰੇ ਪ੍ਰਭਾਵਿਤ ਕਿਉਂ ਕਰਦਾ ਹੈ ?



ਡਾ. ਐਸ. ਐਸ. ਛੀਨਾ

ਜਿਸ ਅਨੁਪਾਤ ਨਾਲ ਵਸਤੂਆਂ ਤੇ ਸੇਵਾਵਾਂ ਦੀਆਂ ਕੀਮਤਾਂ ਵਧਦੀਆਂ ਹਨ, ਉਸੇ ਹੀ ਅਨੁਪਾਤ ਨਾਲ ਪੈਸੇ ਦੀ ਕੀਮਤ ਘਟਦੀ ਹੈ, ਭਾਵੇਂ ਪੈਸੇ ਦੀ ਕੀਮਤ ਕਦੀ ਵੀ ਸਿਫਰ ਤਾਂ ਨਹੀਂ ਹੋ ਸਕਦੀ, ਪਰ ਵਧਦੀਆਂ ਕੀਮਤਾਂ ਵਿੱਚ ਜ਼ਿਆਦਾ ਮਾਤਰਾ ਵਿੱਚ ਕਰੰਸੀ ਦੀ ਵਰਤੋਂ ਹਰ ਵਿਅਕਤੀ ਨੂੰ ਪ੍ਰੇਸ਼ਾਨ ਕਰਦੀ ਹੈ। ਦੂਸਰੀ ਸੰਸਾਰ ਜੰਗ ਤੋਂ ਬਾਅਦ ਜਦੋਂ ਸਾਰੀ ਦੁਨੀਆ ਵਿੱਚ ਹੀ ਕੀਮਤਾਂ ਵਧ ਰਹੀਆਂ ਸਨ ਤਾਂ ਉਸ ਸਮੇਂ ਜਰਮਨੀ ਵਿੱਚ ਕੀਮਤਾਂ ਬਹੁਤ ਵਧ ਗਈਆਂ ਸਨ ਅਤੇ ਆਮ ਕਿਹਾ ਜਾਂਦਾ ਸੀ ਕਿ ਲੋਕ ਥੈਲਿਆਂ ਵਿੱਚ ਪੈਸੇ ਲੈ ਕੇ ਆਉਂਦੇ ਹਨ, ਪਰ ਜੇਬਾਂ ਵਿੱਚ ਵਸਤੂਆਂ ਲੈ ਕੇ ਜਾਂਦੇ ਸਨ। ਭਾਰਤ ਵਿੱਚ 1950 ਤੋਂ ਬਾਅਦ ਜਿਸ ਰਫਤਾਰ ਨਾਲ ਕੀਮਤਾਂ ਵਧੀਆਂ ਹਨ ਇਨ੍ਹਾਂ ਨੇ ਪੈਸੇ ਦੀ ਕੀਮਤ ਏਨੀ ਘਟਾ ਦਿੱਤੀ ਹੈ ਕਿ ਹੁਣ ਇੱਕ ਰੁਪਿਆ ਤੇ ਉਸ ਤੋਂ ਥੱਲੇ ਦੇ ਸਿੱਕੇ ਨਜ਼ਰ ਹੀ ਨਹੀਂ ਆਉਂਦੇ। ਪਹਿਲਾਂ ਰੁਪਏ ਤੇ ਆਨਿਆਂ ਆਦਿ ਦੇ ਸਿੱਕੇ ਵੀ ਹੁੰਦੇ ਸਨ, ਪਰ 1957 ਵਿੱਚ ਕਰੰਸੀ ਨੂੰ ਬਦਲ ਕੇ ਇੱਕ ਰੁਪਏ ਦੇ 100 ਪੈਸਿਆਂ ਵਿੱਚ ਬਦਲ ਦਿੱਤਾ ਸੀ। ਉਸ ਸਮੇਂ ਇੱਕ ਨਵਾਂ ਪੈਸਾ ਜੋ ਤਾਂਬੇ ਦਾ ਸਿੱਕਾ ਹੁੰਦਾ ਸੀ, ਉਸ ਦੀ ਵੀ ਕੋਈ ਨਾ ਕੋਈ ਵਸਤੂ ਮਿਲ ਜਾਂਦੀ ਸੀ, ਜੋ ਸ਼ਾਇਦ ਹੁਣ ਇੱਕ ਰੁਪਏ ਵਿੱਚ ਵੀ ਨਾ ਮਿਲੇ।

ਮਹਿੰਗਾਈ ਵਧਣ ਨਾਲ ਹਰ ਵਿਅਕਤੀ ਦੀ ਖ਼ਰੀਦ ਸ਼ਕਤੀ ਘਟਦੀ ਹੈ, ਜੋ ਉਸਦੀਆਂ ਲੋੜਾਂ ਦੀ ਪੂਰਤੀ ਨੂੰ ਘਟਾਉਂਦੀ ਹੈ। ਭਾਰਤ ਵਿੱਚ ਕਾਮਿਆਂ ਦੇ ਦੋ ਤਰ੍ਹਾਂ ਦੇ ਵਰਗ ਹਨ, ਪਹਿਲਾ ਅਸੰਗਠਿਤ ਕਾਮਿਆਂ ਦਾ ਵਰਗ ਹੈ ਜਿਸ ਵਿੱਚ ਸਵੈਰੁਜ਼ਗਾਰ ਵਾਲੇ ਲੋਕ ਵੀ ਆਉਂਦੇ ਹਨ ਅਤੇ ਦੂਸਰਾ ਸੰਗਠਿਤ ਕਾਮਿਆਂ ਦਾ ਵਰਗ ਹੈ। ਅਸੰਗਠਿਤ ਕਾਮਿਆਂ ਦਾ ਵਰਗ 93 ਫੀਸਦੀ ਹੈ, ਜਦਕਿ ਸੰਗਠਿਤ ਕਾਮੇ ਸਿਰਫ 7 ਫੀਸਦੀ ਹਨ। ਅਸੰਗਠਿਤ ਕਾਮਿਆਂ ਵਿੱਚ ਦਿਹਾੜੀਦਾਰ ਕਿਰਤੀ, ਕਿਰਸਾਨੀ ਵਿਚ ਲੱਗੇ ਲੋਕ, ਉਸਾਰੀ ਕਾਮੇ, ਛੋਟੇ ਤੇ ਘਰੇਲੂ ਉਦਯੋਗਾਂ ਵਿਚ ਕੰਮ ਕਰਨ ਵਾਲੇ ਲੋਕ, ਸਵੈ ਰੁਜ਼ਗਾਰ ਵਿੱਚ ਲੱਗੇ ਕਿਰਤੀ ਜਾਂ ਛੋਟੇ ਵਪਾਰੀ ਆਦਿ ਆਉਂਦੇ ਹਨ, ਜਿਨ੍ਹਾਂ 'ਚੋਂ ਸਭ ਤੋਂ ਜ਼ਿਆਦਾ ਕਾਮੇ ਖੇਤੀ ਵਿੱਚ ਲੱਗੇ ਹੋਏ ਹਨ। ਇਹ ਮਹਿੰਗਾਈ ਜਿੰਨੀ ਜ਼ਿਆਦਾ ਮੁਸ਼ਕਿਲ ਗੈਰ-ਸੰਗਠਿਤ ਖੇਤਰ ਵਿੱਚ ਪੈਦਾ ਕਰਦੀ ਹੈ ਓਨੀ ਸੰਗਠਿਤ ਖੇਤਰ ਵਿੱਚ ਨਹੀਂ ਕਰਦੀ। ਸੰਗਠਿਤ ਖੇਤਰ ਵਿੱਚ ਕਾਮਿਆਂ ਨੂੰ ਮਿਲਣ ਵਾਲੀ ਉਜਰਤ ਵਿੱਚ ਮਹਿੰਗਾਈ ਭੱਤੇ ਆਦਿ ਕੀਮਤ ਸੂਚਕ ਵਿੱਚ ਵਧੇ ਅਨੁਪਾਤ ਦੇ ਅਨੁਸਾਰ ਮਿਲ ਜਾਂਦੇ ਹਨ ਅਤੇ ਉਸੇ ਅਨੁਪਾਤ ਵਿੱਚ ਪੈਨਸ਼ਨ ਵਿੱਚ ਵੀ ਵਾਧਾ ਹੋ ਜਾਂਦਾ ਹੈ। ਪਰ 93 ਫ਼ੀਸਦੀ ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲਿਆਂ ਨੂੰ ਮਹਿੰਗਾਈ ਵਧਣ 'ਤੇ




ਕੋਈ ਮੁਆਵਜ਼ਾ ਨਹੀਂ ਮਿਲਦਾ। ਕਈ ਵਾਰ ਸਰਕਾਰ ਵੱਲੋਂ ਕੁਝ ਮੁਫਤ ਤੋਹਫੇ ਦਿੱਤੇ ਜਾਂਦੇ ਹਨ, ਇਹ ਸਿਰਫ਼ ਗੈਰ-ਸੰਗਠਿਤ ਵਰਗ ਤੋਂ ਵੋਟਾਂ ਪ੍ਰਾਪਤ ਕਰਨ ਦੇ ਉਦੇਸ਼ ਨਾਲ ਹੀ ਦਿੱਤੇ ਜਾਂਦੇ ਹਨ ਮਹਿੰਗਾਈ ਦਾ ਸੂਚਕ ਹਰ ਸਾਲ ਕੁਝ ਚੁਣੀਆਂ ਹੋਈਆਂ ਵਸਤੂਆਂ ਦੀਆਂ ਕੀਮਤਾਂ ਤੇ ਸੇਵਾਵਾਂ ਦੀ ਵਰਤੋਂ ਦੇ ਵਾਧੇ ਅਨੁਸਾਰ ਬਣਾਇਆ ਜਾਂਦਾ ਹੈ। ਜਿਸ ਲਈ ਕਿਸੇ ਇੱਕ ਸਾਲ ਦੀਆਂ ਕੀਮਤਾਂ ਨੂੰ ਆਧਾਰ ਸਾਲ ਮੰਨ ਕੇ ਉਸ ਸਾਲ ਦਾ ਸੂਚਕ ਅੰਕ 100 ਦੇ ਬਰਾਬਰ ਮੰਨਿਆ ਜਾਂਦਾ ਹੈ, ਜਿਸ ਤਰ੍ਹਾਂ ਹੁਣ 2012 ਦੇ ਸਾਲ ਦੀਆਂ ਕੀਮਤਾਂ ਨੂੰ ਆਧਾਰ ਸਾਲ ਮੰਨ ਕੇ ਉਸ ਸਾਲ ਦਾ ਸੂਚਕ ਅੰਕ 100 ਮੰਨਿਆ ਗਿਆ ਸੀ, ਜਿਸ ਦੇ ਅਨੁਸਾਰ 2025 ਦਾ ਸੂਚਕ ਅੰਕ 363 ਹੋ ਗਿਆ ਹੈ ਜਾਂ 3.63 ਗੁਣਾ ਕੀਮਤਾਂ ਵਧ ਗਈਆਂ ਹਨ। ਜਿਨ੍ਹਾਂ ਲੋਕਾਂ ਦੀ ਆਮਦਨ ਵਿੱਚ ਵੀ 3.63 ਗੁਣਾ ਵਾਧਾ ਹੋ ਜਾਵੇ, ਉਨ੍ਹਾਂ 'ਤੇ ਇਸ ਮਹਿੰਗਾਈ ਦਾ ਕੋਈ ਪ੍ਰਭਾਵ ਨਹੀਂ ਪਵੇਗਾ, ਪਰ ਏਨਾ ਵਾਧਾ ਤਾਂ ਸੰਗਠਿਤ ਵਰਗ ਦੇ ਕਾਮਿਆਂ ਦੀ ਉਜਰਤ ਵਿੱਚ ਵੀ ਨਹੀਂ ਹੁੰਦਾ, ਕਿਉਂਕਿ ਕੀਮਤਾਂ ਪਹਿਲਾਂ ਵਧਦੀਆਂ ਹਨ ਅਤੇ ਤਨਖਾਹਾਂ ਬਾਅਦ ਵਿੱਚ ਵਧਦੀਆਂ ਹਨ। ਤਨਖਾਹਾਂ ਤੇ ਕੀਮਤਾਂ ਦੀ ਬਿੱਲੀ ਦੀ ਪੂਛ ਦੀ ਮਿਸਾਲ ਦੇ ਕੇ ਵਿਆਖਿਆ ਕੀਤੀ ਜਾਂਦੀ ਹੈ ਕਿ ਜਦੋਂ ਬਿੱਲੀ ਆਪਣੇ ਮੂੰਹ ਨਾਲ ਆਪਣੀ ਪੂਛ ਫੜਨ ਦੀ ਕੋਸ਼ਿਸ਼ ਕਰਦੀ ਹੈ ਤਾਂ ਉਹ ਜਿੰਨਾ ਮੂੰਹ ਪੂਛ ਦੇ ਨੇੜੇ ਲਿਜਾਂਦੀ ਹੈ ਉਸ ਦੀ ਪੂਛ ਓਨੀ ਹੀ ਅੱਗੇ ਚਲੀ ਜਾਂਦੀ ਹੈ, ਜਿਸਦਾ ਅਰਥ ਹੈ ਕਿ ਪਹਿਲਾਂ ਕੀਮਤਾਂ ਵਧਦੀਆਂ ਹਨ ਅਤੇ ਉਸ ਨੂੰ ਪੂਰਾ ਕਰਨ ਲਈ ਜਦੋਂ ਤਨਖਾਹਾਂ ਵਧਦੀਆਂ ਹਨ ਤਾਂ ਉਸ ਸਮੇਂ ਤੱਕ ਕੀਮਤਾਂ ਹੋਰ ਵਧ ਜਾਂਦੀਆਂ ਹਨ ਅਤੇ ਇਹ ਫਰਕ ਹਮੇਸ਼ਾ ਬਣਿਆ ਰਹਿੰਦਾ ਹੈ। ਇਹ ਵਧੀਆਂ ਕੀਮਤਾਂ ਗੈਰ-ਸੰਗਠਿਤ ਖੇਤਰ ਨੂੰ ਬਹੁਤ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕਰਦੀਆਂ ਹਨ। ਹਾਲਾਂਕਿ ਵਧਦੀਆਂ ਕੀਮਤਾਂ ਕਿਸੇ ਲਈ ਵੀ ਠੀਕ ਨਹੀਂ, ਪਰ ਜਦੋਂ ਕੀਮਤਾਂ ਘਟਣ ਲੱਗਦੀਆਂ ਹਨ ਤਾਂ ਵੀ ਇਹ ਸੰਗਠਿਤ ਖੇਤਰ ਨੂੰ ਘੱਟ ਪ੍ਰਭਾਵਿਤ ਕਰਦੀਆਂ ਹਨ। ਇਸ ਨਾਲ ਗੈਰ-ਸੰਗਠਿਤ ਵਰਗ ਹੀ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ, ਉਨ੍ਹਾਂ ਦੀਆਂ ਨੌਕਰੀਆਂ ਖਤਮ ਹੋ ਜਾਂਦੀਆਂ ਹਨ, ਕਿਉਂਕਿ ਕੀਮਤਾਂ ਘਟਣ 'ਤੇ ਉੱਦਮੀਆਂ ਦੇ ਲਾਭ ਘਟਦੇ ਹਨ ਤਾਂ ਉਹ ਨਿਵੇਸ਼ ਘਟਾ ਦਿੰਦੇ ਹਨ, ਜਿਸ ਨਾਲ ਕਾਮਿਆਂ ਦੀ ਲੋੜ ਘਟਣ ਲੱਗਦੀ ਹੈ ਜਾਂ ਉਹ ਕਾਮਿਆਂ ਦੀਆਂ ਤਨਖਾਹਾਂ ਘਟਾ ਦਿੰਦੇ ਹਨ। ਨਵੇਂ ਕਾਰਖਾਨੇ ਲੱਗਣੇ ਬੰਦ ਹੋ ਜਾਂਦੇ ਹਨ। ਇਸ ਦੀ ਇਕ ਮਿਸਾਲ 1927 ਵਿੱਚ ਫੈਲੀ ਵੱਡੀ ਮੰਦੀ ਦੀ ਹੈ, ਜਦੋਂ ਸਾਰੀ ਦੁਨੀਆ ਵਿਚ ਪਹਿਲਾਂ ਕੀਮਤਾਂ ਘਟਣ ਕਰਕੇ ਨਿਵੇਸ਼ ਘਟਿਆ, ਫਿਰ ਰੁਜ਼ਗਾਰ ਘਟਿਆ ਸੀ ਅਤੇ ਨਵੀਆਂ ਨੌਕਰੀਆਂ ਪੈਦਾ ਨਹੀਂ ਹੋਈਆਂ ਸਨ।

ਅੱਜ ਕੱਲ੍ਹ 2012 ਦੇ ਆਧਾਰ ਦੇ ਅਨੁਸਾਰ ਭਾਵੇਂ ਕੀਮਤ ਸੂਚਕ ਅੰਕ 363 ਹੈ ਜਾਂ 3.63 ਫੀਸਦੀ ਵਾਧਾ ਹੋਇਆ ਹੈ, ਪਰ ਜੇ ਇਸ ਸੂਚਕ ਅੰਕ ਨੂੰ 1950 ਦੇ ਆਧਾਰ ਸਾਲ ਤੋਂ ਮਾਪਿਆ ਜਾਵੇ ਤਾਂ ਇਹ ਵਾਧਾ ਘੱਟੋ ਘੱਟ 80 ਗੁਣਾ ਹੋ ਚੁੱਕਾ ਹੈ। 1950 ਵਿੱਚ ਕਣਕ ਦੀ ਕੀਮਤ ਸਿਰਫ਼ 30 ਰੁਪਏ ਕੁਇੰਟਲ ਹੁੰਦੀ ਸੀ, ਜੋ ਹੁਣ 2500 ਰੁਪਏ ਕੁਇੰਟਲ ਹੈ। ਦੂਸਰੀ ਤਰਫ ਸੋਨੇ ਦੀ ਕੀਮਤ ਸਿਰਫ਼ 100 ਰੁਪਏ ਇੱਕ ਤੋਲਾ ਸੀ ਹੁਣ ਇੱਕ ਲੱਖ 15 ਹਜ਼ਾਰ ਰੁਪਏ ਤੋਲਾ ਹੋ ਕੇ 125 ਗੁਣਾ ਤੋਂ ਵੀ ਜ਼ਿਆਦਾ ਵਧ ਗਈ ਹੈ। ਇਸ ਤਰ੍ਹਾਂ ਹੀ ਹੋਰ ਵਸਤੂਆਂ ਤੇ ਸੇਵਾਵਾਂ ਦੀਆਂ ਕੀਮਤਾਂ ਦੀ ਹਾਲਤ ਹੈ, ਜੋ ਸਭ ਤੋਂ ਵੱਧ ਗੈਰ ਸੰਗਠਿਤ ਖੇਤਰ 'ਚ ਕੰਮ ਕਰਨ ਵਾਲੇ ਲੋਕਾਂ ਨੂੰ ਵਧੇਰੇ ਪ੍ਰਭਾਵਿਤ ਕਰਦੀ ਹੈ।

ਭਾਰਤ ਵਿਚ ਕੀਮਤਾਂ ਦਾ ਵਾਧਾ ਕਈ ਕਾਰਨਾਂ ਕਰਕੇ ਹੁੰਦਾ ਹੈ। ਇੱਕ ਵਸਤੂ ਦੀ ਥੁੜ, ਲਾਗਤ ਵਿੱਚ ਵਾਧਾ ਵਸਤੂਆਂ ਦਾ ਸਟੋਰ ਕਰ ਲੈਣਾ ਪਰ ਭਾਰਤ ਵਿੱਚ ਕੀਮਤਾਂ ਵਧਣ ਦਾ ਵੱਡਾ ਕਾਰਨ ਪੈਟਰੋਲ ਦੀਆਂ ਕੀਮਤਾਂ ਦਾ ਵਾਧਾ ਅਤੇ ਡਾਲਰ ਦੀ ਕੀਮਤ ਦਾ ਵਾਧਾ ਵੀ ਹੈ। ਪੈਟਰੋਲੀਅਮ ਕੀਮਤਾਂ ਦਾ ਵਾਧਾ ਉਨ੍ਹਾਂ ਲੋਕਾਂ ਨੂੰ ਜ਼ਿਆਦਾ ਤੰਗ ਕਰਦਾ ਹੈ ਜਿਨ੍ਹਾਂ ਨੇ ਕਦੀ ਇਕ ਲੀਟਰ ਪੈਟਰੋਲ ਵੀ ਨਹੀਂ ਖਰੀਦਿਆ ਹੁੰਦਾ ਜਾਂ ਡਾਲਰ ਦੀ ਕੀਮਤ ਦਾ ਵਾਧਾ ਉਨ੍ਹਾਂ ਨੂੰ ਜ਼ਿਆਦਾ ਪ੍ਰਭਾਵਿਤ ਕਰਦਾ ਹੈ ਜਿਨ੍ਹਾਂ ਨੇ ਕਦੀ ਡਾਲਰ ਦੀ ਸ਼ਕਲ ਵੀ ਨਹੀਂ ਵੇਖੀ ਹੁੰਦੀ। ਦਰਅਸਲ ਜਦੋਂ ਵੀ ਪੈਟਰੋਲ ਦੀ ਕੀਮਤ ਵਧਦੀ ਹੈ ਤਾਂ ਆਵਾਜਾਈ ਤੇ ਢੁਆਈ ਦੀ ਲਾਗਤ ਵਧਣ ਕਰਕੇ ਵਸਤੂ ਬਣਾਉਣ ਵਾਲਾ ਕੀਮਤ ਵਧਾ ਦਿੰਦਾ ਹੈ। ਪਿਛਲੇ ਕਈ ਸਾਲਾਂ ਤੋਂ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਘਟਣ 'ਤੇ ਵੀ ਵਸਤੂਆਂ ਦੀਆਂ ਕੀਮਤਾਂ ਨਹੀਂ ਘਟੀਆਂ, ਕਿਉਂਕਿ ਇੱਕ ਵਾਰ ਕੀਮਤਾਂ ਵਧਣ ਬਾਅਦ ਫਿਰ ਘਟਦੀਆਂ ਨਹੀਂ। ਦਰਾਮਦ ਕੀਤੀਆਂ ਵਸਤੂਆਂ ਦੀ ਅਦਾਇਗੀ ਜ਼ਿਆਦਾਤਰ ਡਾਲਰ ਵਿੱਚ ਕੀਤੀ ਜਾਂਦੀ ਹੈ, ਡਾਲਰ ਦੀ ਕੀਮਤ 1960 ਵਿੱਚ ਸਿਰਫ਼ 7 ਰੁਪਏ ਹੁੰਦੀ ਸੀ, ਜੋ ਹੁਣ 88 ਰੁਪਏ ਪ੍ਰਤੀ ਡਾਲਰ ਹੋ ਗਈ ਹੈ। ਇਸੇ ਤਰ੍ਹਾਂ ਜਦੋਂ ਬਾਹਰੋਂ ਪੈਟਰੋਲ ਡਾਲਰਾਂ ਵਿੱਚ ਮਹਿੰਗਾ ਖਰੀਦਿਆ ਜਾਂਦਾ ਹੈ ਤਾਂ ਉਸ ਨਾਲ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧਾ ਹੋ ਜਾਂਦਾ ਹੈ।

(ਬਾਕੀ ਸਫ਼ਾ 27 'ਤੇ)

# ਰੁੱਤ ਵਿਆਹਾਂ, ਖ਼ੁਸ਼ੀਆਂ ਦੇ ਸਮਾਗਮਾਂ ਅਤੇ ਸ਼ਗਨਾਂ ਦੀ ਆਈ






**ਅੱਜ ਕੱਲ੍ਹ ਬਨਸਪਤੀ ’ਤੇ ਪੈਲਾਂ ਪਾਉਂਦੀ ਕੁਦਰਤ, ਰੁੱਖਾਂ ਦੀਆਂ ਡਾਲੀਆਂ ਨਾਲ ਖਹਿ ਕੇ ਰੁਮਕਦੀ ਠੰਡੀ ਤੇ ਤਾਜ਼ੀ ਹਵਾ, ਕੋਇਲ ਦੀ ਕੂ ਹੂ ਕੂ, ਟਿਊਬ ਵੈਲਾਂ ’ਚੋਂ ਛਣ ਛਣ ਕਰ ਕੇ ਨਿਕਲਦਾ ਪਾਣੀ, ਸੱਥਾਂ ’ਚ ਲੱਗੀਆਂ ਰੌਣਕਾਂ, ਦੂਰ ਅਸਮਾਨ ’ਚ ਚੜ੍ਹਦੇ ਸੂਰਜ ਦੀ ਫੈਲੀ ਹੋਈ ਲਾਲੀ ਕੁਦਰਤ ਨਾਲ ਇਕਮਿਕ ਹੋਏ ਪਿੰਡਾਂ ’ਚ ਵਸਦੇ ਅਸਲੀ ਪੰਜਾਬ ਦੀ ਤਸਵੀਰ ਪੇਸ਼ ਕਰਦੇ ਹਨ। ਪੰਜਾਬੀਆਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਸ਼ਗਨਾਂ ਦੇ ਗੀਤ ਗਾਉਂਦਿਆਂ ਤੇ ਸੁਣਦਿਆਂ ਹੀ ਜਨਮ ਲੈਂਦੇ ਹਨ ਅਤੇ ਸਾਰੀ ਉਮਰ ਸ਼ਗਨਾਂ ਦੇ ਗੀਤ ਹੀ ਗਾਉਂਦੇ ਤੇ ਸੁਣਦੇ ਰਹਿੰਦੇ ਹਨ। ਹਰ ਰੁੱਤ ਵਿੱਚ ਪੰਜਾਬੀ ਖੁਸ਼ੀਆਂ ਅਤੇ ਖੇੜੇ ਦਾ ਮੌਕਾ ਲੱਭ ਲੈਂਦੇ ਹਨ। ਇਸ ਸਮੇਂ ਪੰਜਾਬ ਵਿੱਚ ਕੋਸੀ ਕੋਸੀ ਧੁੱਪ ਦਾ ਨਿੱਘ ਮਾਣਨ ਦੇ ਦਿਨ ਆ ਗਏ ਹਨ। ਇਸ ਦੇ ਨਾਲ ਵੱਡੀ ਗਿਣਤੀ ਘਰਾਂ ਦੀਆਂ ਰਸੋਈਆਂ ਵਿੱਚ ਬਣਾਏ ਜਾ ਰਹੇ ਗਜਰੇਲੇ, ਪੰਜੀਰੀ, ਪਿੰਨੀਆਂ ਅਤੇ ਖੋਏ ਦੀਆਂ ਮਹਿਕਾਂ ਚੁਫੇਰੇ ਆਉਣ ਲੱਗ ਪਈਆਂ ਹਨ।**




ਅੱਜ- ਕੱਲ੍ਹ ਠੰਡੀਆਂ ਹਵਾਵਾਂ ਚੱਲਣ ਅਤੇ ਮੌਸਮ ਵਿੱਚ ਠੰਡਕ ਹੋਣ ਦੇ ਨਾਲ ਹੀ ਵਿਆਹਾਂ, ਖੁਸ਼ੀਆਂ ਦੇ ਸਮਾਗਮਾਂ ਅਤੇ ਸ਼ਗਨਾਂ ਦੀ ਰੁੱਤ ਵੀ ਸ਼ੁਰੂ ਹੋ ਗਈ ਹੈ। ਇਸ ਮਹੀਨੇ ਪੈਂਦੀ ਗੁਲਾਬੀ ਠੰਡ ਦੇ ਨਾਲ ਵੱਖ- ਵੱਖ ਸਮਾਗਮਾਂ ਦੀ ਖੁਸ਼ੀ ਵੀ ਹੁੰਦੀ ਹੁੰਦੀ ਹੈ। ਹਰ ਪਾਸੇ ਗਜਰੇਲੇ ਅਤੇ ਖੋਏ ਦੀਆਂ ਮਹਿਕਾਂ ਉੱਠ ਰਹੀਆਂ ਹੁੰਦੀਆਂ ਹਨ। ਇਸ ਮਹੀਨੇ ਵੱਡੀ ਗਿਣਤੀ ਲੋਕ ਆਪਣੇ ਬੱਚਿਆਂ ਦੇ ਵਿਆਹ ਕਰਦੇ ਹਨ ਅਤੇ ਖੁਸ਼ੀਆਂ ਦੇ ਹੋਰ ਸਮਾਗਮ ਕਰਵਾਏ ਜਾਂਦੇ ਹਨ। ਇਸ ਮਹੀਨੇ ਸ਼ਗਨਾਂ ਦੇ ਗੀਤ ਗਾਏ ਜਾਂਦੇ ਹਨ। ਹਰ ਦਿਨ ਸਵੇਰ ਵੇਲੇ ਵੱਖ -ਵੱਖ ਇਲਾਕਿਆਂ ਵਿੱਚ ਜੰਨ ਚੜ੍ਹਦੀ ਦਿਖਾਈ ਦਿੰਦੀ ਹੈ ਅਤੇ ਸ਼ਾਮ ਨੂੰ ਵੱਡੀ ਗਿਣਤੀ ਇਲਾਕਿਆਂ ਵਿੱਚ ਡੋਲੀ ਵਾਲੀਆਂ ਕਾਰਾਂ ਦਿਖਾਈ ਦਿੰਦੀਆਂ ਹਨ। ਜਿਨ੍ਹਾਂ ਵਿੱਚ ਨਵ ਵਿਆਹੀ ਦੁਲਹਨ ਸੋਨੇ ਦੇ ਗਹਿਣਿਆਂ ਨਾਲ ਲੱਦੀ ਹੋਈ, ਹਾਰ ਸ਼ਿੰਗਾਰ ਨਾਲ ਸ਼ਿੰਗਾਰੀ ਹੋਈ, ਕਈ ਤਰ੍ਹਾਂ ਦੇ ਸੁਪਨੇ ਲੈਂਦੀ ਹੋਈ ਬੈਠੀ ਦਿਖਾਈ ਦਿੰਦੀ ਹੈ। ਉਸ ਦੀਆਂ ਅੱਖਾਂ ’ਚ ਲਾਜ/ ਸ਼ਰਮ ਦਾ ਗਹਿਣਾ ਵੀ ਹੁੰਦਾ ਹੈ ਅਤੇ ਚਿਹਰੇ ’ਤੇ ਚੜ੍ਹਦੇ ਸੂਰਜ ਦੀ ਲਾਲੀ ਭਾਅ ਮਾਰ ਰਹੀ ਹੁੰਦੀ ਹੈ। ਉਹ ਕਾਰ ਵਿੱਚ ਬੈਠੀ ਹੋਈ ਆਪਣੇ ਭਵਿੱਖ ਦੇ ਸੁਨਹਿਰੇ ਸੁਪਨੇ ਲੈ ਰਹੀ ਹੁੰਦੀ ਹੈ, ਉਹ ਵੀ ਜਾਗਦੀਆਂ ਅੱਖਾਂ ਨਾਲ। ਇਸ ਦੇ ਨਾਲ ਉਸ ਦਾ ਲਾੜਾ ਬੈਠਾ ਹੁੰਦਾ ਹੈ, ਜਿਸ ਦੇ ਚਿਹਰੇ ਦੇ ਹਾਵ ਭਾਵ ਇਸ ਤਰ੍ਹਾਂ ਦੇ ਹੁੰਦੇ ਹਨ ਜਿਵੇਂ ਕੋਈ ਜੰਗ ਜਿੱਤ ਕੇ ਆਇਆ ਹੋਵੇ। ਇਸ ਦੇ ਨਾਲ ਹੀ ਵਿਆਹ ਦੇ ਲੰਬੇ ਸਮਾਗਮਾਂ ਦੀ ਹਲਕੀ ਥਕਾਵਟ ਵੀ ਲਾੜੇ ਲਾੜੀ ਦੇ ਚਿਹਰਿਆਂ ਤੋਂ ਝਲਕਦੀ ਹੁੰਦੀ ਹੈ, ਪਰ ਇਹ ਥਕਾਵਟ ਵਿਆਹ ਦੀਆਂ ਵੱਡੀਆਂ ਖੁਸ਼ੀਆਂ ਓਹਲੇ ਛੁਪ ਜਾਂਦੀ ਹੈ।




ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ। ਇਹਨਾਂ ਦਿਨਾਂ ਦੌਰਾਨ ਕਿਸਾਨਾਂ ਕੋਲ ਝੋਨਾ ਅਤੇ ਹੋਰ ਫਸਲਾਂ ਮੰਡੀ ਵਿੱਚ ਵੇਚ ਕੇ ਕਾਫ਼ੀ ਪੈਸੇ ਆਏ ਹੁੰਦੇ ਹਨ। ਇਹਨਾਂ ਪੈਸਿਆਂ ਨਾਲ ਕਿਸਾਨ ਆਪਣੇ ਬੱਚਿਆਂ ਦੇ ਵਿਆਹ ਚੰਗੇ ਢੰਗ ਨਾਲ ਕਰਦੇ ਹਨ। ਅੱਜ ਕੱਲ੍ਹ ਵਿਆਹਾਂ ਉੱਪਰ ਵੀ ਲੱਖਾਂ ਦਾ ਖਰਚ ਹੋ ਜਾਂਦਾ ਹੈ। ਇੱਕ ਵਿਆਹ ਦੇ ਕਈ ਕਈ ਸਮਾਗਮ ਹੁੰਦੇ ਹਨ। ਹੁਣ ਲੋਕ ਆਪਣੇ ਬੱਚਿਆਂ ਦੇ ਵਿਆਹ ਮੌਕੇ ਆਨੰਦ ਕਾਰਜ ਮੌਕੇ ਸਿਰਫ਼ ਪਰਿਵਾਰਕ ਮੈਂਬਰਾਂ ਅਤੇ ਨੇੜਲੇ ਰਿਸ਼ਤੇਦਾਰਾਂ ਨੂੰ ਬੁਲਾਉਂਦੇ ਹਨ ਜਦੋਂ ਕਿ ਵਿਆਹ ਦੇ ਦੂਜੇ ਸਮਾਗਮਾਂ ਮੌਕੇ ਸਾਰੇ ਰਿਸ਼ਤੇਦਾਰਾਂ ਅਤੇ ਸਾਕ ਸਬੰਧੀਆਂ ਦੇ ਨਾਲ ਜਾਣ ਪਹਿਚਾਣ ਵਾਲਿਆਂ ਨੂੰ ਵੀ ਬੁਲਾਇਆ ਜਾਂਦਾ ਹੈ। ਵਿਆਹਾਂ ਵਿੱਚ ਬੱਚਿਆਂ ਅਤੇ ਨੌਜਵਾਨਾਂ ਦੀ ਖੁਸ਼ੀ ਵੇਖਣ ਵਾਲੀ ਹੁੰਦੀ ਹੈ। ਕਈ ਵਿਆਹਾਂ ਵਿੱਚ ਬਾਬੇ ਵੀ ਭੰਗੜੇ ਪਾਉਂਦੇ ਵੇਖੇ ਜਾਂਦੇ ਹਨ। ਵਿਆਹਾਂ ਵਿੱਚ ਬਰਾਤੀਆਂ ਅਤੇ ਘਰਾਤੀਆਂ ਦੇ ਖਾਣ ਪੀਣ ਲਈ ਏਨੇ ਪਕਵਾਨ ਹੁੰਦੇ ਹਨ ਕਿ ਇੱਕ ਆਮ ਬੰਦਾ ਸਾਰੇ ਪਕਵਾਨ ਨਹੀਂ ਖਾ ਸਕਦਾ। ਵਿਆਹ ਮੌਕੇ ਹਰ ਪਾਸੇ ਰੌਣਕਾਂ ਲੱਗੀਆਂ ਹੁੰਦੀਆਂ ਹਨ ਅਤੇ ਵੱਡੀ ਗਿਣਤੀ ਲੋਕ ਦੀਨ ਦੁਨੀਆਂ ਨੂੰ ਭੁੱਲ ਕੇ ਵਿਆਹ ਸਮਾਗਮਾਂ ਵਿੱਚ ਸ਼ਾਮਲ ਹੁੰਦੇ ਹਨ।

ਵਿਆਹ ਤੋਂ ਬਾਅਦ ਜਿਥੇ ਨਵ ਵਿਆਹੇ ਜੌੜੇ ਆਪਣੀ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕਰਦੇ ਹਨ, ਉਥੇ ਇਹਨਾਂ ਦਿਨਾਂ ਦੌਰਾਨ ਖੇਤਾਂ ਵਿੱਚ ਨਵੀਂ ਫਸਲ ਦੀ ਬਿਜਾਈ ਲਈ ਵੀ ਵਿਉਂਤਬੰਦੀ ਸ਼ੁਰੂ ਹੋ ਜਾਂਦੀ ਹੈ। ਇਹਨਾਂ ਦਿਨਾਂ ਦੌਰਾਨ ਜ਼ਿਆਦਾਤਰ ਕਣਕ ਦੀ ਫਸਲ ਦੀ ਬਿਜਾਈ ਕੀਤੀ ਜਾਂਦੀ ਹੈ। ਕਣਕ ਦੀ ਮੁੱਖ ਫਸਲ ਕਣਕ ਹੋਣ ਕਾਰਨ ਇਸ ਫਸਲ ਦੀ ਪੰਜਾਬੀ ਜੀਵਨ ਵਿੱਚ ਬਹੁਤ ਮਹੱਤਤਾ ਹੈ। ਵਿਆਹਾਂ ਤੋਂ ਵਿਹਲੇ ਹੋ ਕੇ ਕਿਸਾਨ ਨਵੀਂ ਫਸਲ ਦੀ ਬਿਜਾਈ ਕਰਦੇ ਹਨ। ਦੂਜੇ ਪਾਸੇ ਦੁਕਾਨਦਾਰ ਅਤੇ ਵਪਾਰੀ ਵੀ ਦਿਵਾਲੀ ਦੇ ਤਿਉਹਾਰ ਮੌਕੇ ਤਿਉਹਾਰੀਂ ਸੀਜ਼ਨ ਦੌਰਾਨ ਚੰਗੀ ਕਮਾਈ ਕੀਤੀ ਹੋਣ ਕਰਕੇ ਖੁਸ਼ ਹੁੰਦੇ ਹਨ ਅਤੇ ਉਹ ਵੀ ਇਹਨਾਂ ਦਿਨਾਂ ਦੌਰਾਨ ਆਪਣੇ ਬੱਚਿਆਂ ਦੇ ਵਿਆਹ ਸ਼ਾਦੀਆਂ ਕਰਦੇ ਹਨ, ਜਿਨ੍ਹਾਂ ਉੱਪਰ ਖੁੱਲ੍ਹਾ ਖਰਚ ਕੀਤਾ ਜਾਂਦਾ ਹੈ। ਦੁਕਾਨਦਾਰਾਂ ਅਤੇ ਵਪਾਰੀਆਂ ਨੇ ਬੀਤੇ ਦਿਨਾਂ ਦੇ ਤਿਉਹਾਰੀਂ ਸੀਜ਼ਨ ਦੌਰਾਨ ਜੋ ਕਮਾਈ ਕੀਤੀ ਹੁੰਦੀ ਹੈ, ਉਸ ਨੂੰ ਖੁੱਲ੍ਹੇ ਦਿਲ ਨਾਲ ਵਿਆਹ- ਸ਼ਾਦੀਆਂ ’ਤੇ ਖ਼ਰਚਿਆ ਜਾਂਦਾ ਹੈ।




ਇਹਨਾਂ ਦਿਨਾਂ ਦੌਰਾਨ ਹਰ ਪਾਸੇ ਰੌਣਕਾਂ ਲੱਗੀਆਂ ਹੁੰਦੀਆਂ ਹਨ। ਨੌਕਰੀ ਪੇਸ਼ਾ ਲੋਕਾਂ ਨੂੰ ਸਰਕਾਰ ਵੱਲੋਂ ਡੀ.ਏ. ਅਤੇ ਹੋਰ ਭੱਤੇ ਦਿੱਤੇ ਗਏ ਹੁੰਦੇ ਹਨ, ਜਿਸ ਕਾਰਨ ਉਹਨਾਂ ਦੀਆਂ ਤਨਖ਼ਾਹਾਂ ਵਿੱਚ ਵਾਧਾ ਹੋ ਗਿਆ ਹੁੰਦਾ ਹੈ ਅਤੇ ਉਹ ਵੀ ਖੁਸ਼ ਦਿਖਾਈ ਦਿੰਦੇ ਹਨ। ਪ੍ਰਾਈਵੇਟ ਅਦਾਰਿਆਂ ਦੇ ਮੁਲਾਜ਼ਮਾਂ ਨੂੰ ਵੀ ਕਈ ਵਾਰ ਇਹਨਾਂ ਦਿਨਾਂ ਦੌਰਾਨ ਇੰਕਰੀਮੈਂਟ ਲੱਗ ਜਾਂਦਾ ਹੈ, ਜਿਸ ਕਾਰਨ ਉਹ ਵੀ ਖੁਸ਼ ਦਿਖਾਈ ਦਿੰਦੇ ਹਨ। ਕਹਿਣ ਦਾ ਭਾਵ ਇਹ ਹੈ ਕਿ ਇਹਨਾਂ ਦਿਨਾਂ ਦੌਰਾਨ ਹਰ ਪਾਸੇ ਖਿੜੇ ਚਿਹਰਿਆਂ ਵਾਲੇ ਲੋਕ ਦਿਖਾਈ ਦਿੰਦੇ ਹਨ।

ਹਰ ਕਿਸੇ ਨੂੰ ਮੁਸਕਰਾਉਂਦੇ ਚਿਹਰੇ ਚੰਗੇ ਲੱਗਦੇ ਹਨ ਅਤੇ ਅੱਜ ਕੱਲ੍ਹ ਦੇ ਦਿਨਾਂ ਦੌਰਾਨ ਵੱਡੀ ਗਿਣਤੀ ਲੋਕਾਂ ਦੇ ਚਿਹਰਿਆਂ ਉੱਪਰ ਖੁਸ਼ੀ ਦੀ ਲਾਲੀ ਦਿਖਾਈ ਦਿੰਦੀ ਹੈ। ਸਵੇਰੇ ਦਿਨ ਚੜ੍ਹਨ ਵੇਲੇ ਸੂਰਜ ਦੀ ਲਾਲੀ ਦਾ ਚੁਫ਼ੇਰੇ ਪ੍ਰਭਾਵ ਪੈਣ ਦੇ ਨਾਲ ਮਨੁੱਖ ਉੱਪਰ ਵੀ ਅਸਰ ਹੁੰਦਾ ਹੈ। ਇਹਨਾਂ ਦਿਨਾਂ ਦੌਰਾਨ ਮਨੁੱਖ ਨੂੰ ਆਪਣਾ ਆਲਾ ਦੁਆਲਾ ਚੰਗਾ ਚੰਗਾ ਲੱਗਦਾ ਹੈ। ਸਵੇਰ ਵੇਲੇ ਪੌਦਿਆਂ ਅਤੇ ਫੁੱਲਾਂ ’ਤੇ ਪਈ ਤਰੇਲ ਕਾਰਨ ਇਹ ਫੁੱਲ ਪੌਦੇ ਬਹੁਤ ਸੁੰਦਰ ਦ੍ਰਿਸ਼ ਪੇਸ਼ ਕਰਦੇ ਹਨ।





# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS AMBEST Love's Roady's

## FUEL CARDS

NO CREDIT - NO PROBLEM
BEST CUSTOMER SERVICE

QUIKQ wex




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

ROAD SQUAD connect

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE
MORE! BAYS. EXPERTISE. SOLUTIONS.

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035




# ਬੱਚਿਆਂ ਨੂੰ ਪਾਓ ਬੱਚਤ ਕਰਨ ਦੀ ਆਦਤ





**ਚਮਕੌਰ ਸਿੰਘ**

ਬੱਚਿਆਂ ਦਾ ਪਾਲਣ-ਪੋਸ਼ਣ ਕਰਨਾ ਕੋਈ ਸੌਖਾ ਨਹੀਂ ਹੈ। ਉਨ੍ਹਾਂ ਦਾ ਆਉਣ ਵਾਲਾ ਜੀਵਨ ਬਚਪਨ ਦੀਆਂ ਆਦਤਾਂ ’ਤੇ ਨਿਰਭਰ ਕਰਦਾ ਹੈ। ਜੇ ਬਚਪਨ ’ਚ ਉਨ੍ਹਾਂ ਨੂੰ ਵਧੀਆ ਆਦਤਾਂ ਸਿਖਾਵਾਂਗੇ ਤਾਂ ਭਵਿੱਖ ਵਧੀਆ ਬਣੇਗਾ। ਜੇ ਬਚਪਨ ’ਚ ਅਸੀਂ ਉਸ ਨੂੰ ਗ਼ਲਤੀ ਕਰਨ ’ਤੇ ਨਹੀਂ ਸੁਧਾਰਦੇ ਤਾਂ ਉਨ੍ਹਾਂ ਦਾ ਭਵਿੱਖ ਕੋਈ ਵਧੀਆ ਨਹੀਂ ਹੋਵੇਗਾ।

**ਸਮੇਂ ਮੁਤਾਬਿਕ ਬਦਲਣਾ ਜ਼ਰੂਰੀ**

ਸਮੇਂ ਦੀ ਮੰਗ ਅਨੁਸਾਰ ਬਦਲਣਾ ਬਹੁਤ ਜ਼ਰੂਰੀ ਹੈ। ਬੱਚਾ ਜਿਸ ਸਮੇਂ ਬਚਪਨ ਵਿੱਚੋਂ ਲੰਘ ਰਿਹਾ ਹੁੰਦਾ ਹੈ ਤਾਂ ਉਸ ਨੂੰ ਪਤਾ ਨਹੀਂ ਹੁੰਦਾ, ਜੋ ਉਹ ਕਰ ਰਿਹਾ ਹੈ ਉਸ ਦੇ ਕੀ ਨਤੀਜੇ ਹੋਣਗੇ। ਅਸੀਂ ਜਦੋਂ ਉਨ੍ਹਾਂ ਨੂੰ ਦੇਖ ਰਹੇ ਹੁੰਦੇ ਹਾਂ ਤਾਂ ਫ਼ਰਜ਼ ਬਣਦਾ ਹੈ ਕੇ ਬਚਪਨ ’ਚ ਉਨ੍ਹਾਂ ਨੂੰ ਉਹ ਸਿਖਾਈਏ, ਜੋ ਭਵਿੱਖ ਲਈ ਸਹਾਈ ਸਿੱਧ ਹੋਵੇਗਾ। ਬੱਚਿਆਂ ਨੂੰ ਪੈਸੇ ਵੀ ਬੱਚਤ ਕਰਨਾ ਸਿਖਾਉਣਾ ਬਹੁਤ ਮਹੱਤਵਪੂਰਨ ਹੈ। ਅੱਜ-ਕੱਲ੍ਹ ਮਾਪੇ ਬੱਚਿਆਂ ਦੀ ਹਰ ਮੰਗ ਨੂੰ ਪੂਰਾ ਕਰਦੇ ਹਨ ਤੇ ਪੈਸੇ ਦੀ ਮਹੱਤਤਾ ਭੁੱਲ ਜਾਂਦੇ ਹਨ। ਜੋ ਬੱਚਿਆਂ ਦੀ ਹਰ ਮੰਗ ਨੂੰ ਪੂਰਾ ਕਰਦੇ ਹਨ, ਉਹ ਬੱਚਿਆਂ ਦੇ ਭਵਿੱਖ ਨੂੰ ਦਾਅ ’ਤੇ ਲਾ ਰਹੇ ਹੁੰਦੇ ਹਨ।

**ਪੈਸੇ ਦੀ ਅਹਿਮੀਅਤ ਬਾਰੇ ਸਮਝਾਉਣਾ**

ਸਾਨੂੰ ਬੱਚਿਆਂ ਨੂੰ ਬਚਪਨ ਤੋਂ ਹੀ ਪੈਸੇ ਦੀ ਅਹਿਮੀਅਤ ਬਾਰੇ ਸਮਝਾਉਣਾ ਚਾਹੀਦਾ ਹੈ। ਕਈ ਵਾਰ ਬੱਚੇ ਇਹੋ ਜਿਹੀ ਮੰਗ ’ਤੇ ਅੜ ਜਾਂਦੇ ਹਨ, ਉਹ ਉਸੇ ਸਮੇਂ ਹੀ ਉਹੀ ਚੀਜ਼ ਚਾਹੁੰਦੇ ਹਨ। ਇਸ ਤਰ੍ਹਾਂ ਦੇ ਰਵੱਈਏ ਨੂੰ ਉਸ ਸਮੇਂ ਖ਼ਤਮ ਕਰਨਾ ਜ਼ਰੂਰੀ ਹੈ। ਜੇ ਸਮੇਂ ਸਿਰ ਇਸ ਨੂੰ ਖ਼ਤਮ ਨਾ ਕੀਤਾ ਤਾਂ ਭਵਿੱਖ ’ਚ ਵੱਡੀ ਸਮੱਸਿਆ ਖੜ੍ਹੀ ਹੋ ਸਕਦੀ ਹੈ। ਜੇ ਸਮੇਂ ਅਨੁਸਾਰ ਬੱਚੇ ਨੂੰ ਪੈਸੇ ਦੀ ਮਹੱਤਤਾ ਬਾਰੇ ਦੱਸਾਂਗੇ ਤਾਂ ਉਹ ਜ਼ਰੂਰ ਧਿਆਨ ਦੇਣਗੇ।

**ਆਮਦਨ ਦਾ ਦੱਸੋ ਸਹੀ ਅਰਥ**

ਅੱਜ ਦੇ ਸਮੇਂ ’ਚ ਜ਼ਿਆਦਾ ਗਿਣਤੀ ਪਰਿਵਾਰ ਉਹ ਹਨ, ਜਿਨ੍ਹਾਂ ਦਾ ਇਕ-ਇਕ ਬੱਚਾ ਹੈ। ਉਹ ਉਸ ਲਈ ਕੁਝ ਵੀ ਕਰਨ ਨੂੰ ਤਿਆਰ ਰਹਿੰਦੇ ਹਨ। ਮਾਪੇ ਬੇਸ਼ੱਕ ਬੱਚਿਆਂ ਲਈ ਸਭ ਕੁਝ ਕਰਦੇ ਹਨ ਪਰ ਕਰਨਾ ਉਹ ਚਾਹੀਦਾ ਹੈ, ਜੋ ਉਸ ਦਾ ਉੱਜਵਲ ਭਵਿੱਖ ਬਣਾਏ। ਉਨ੍ਹਾਂ ਨੂੰ ਇਹ ਜ਼ਰੂਰ ਦੱਸੋ ਕਿ ਪੈਸਾ ਕਮਾਇਆ ਕਿਵੇਂ ਜਾਂਦਾ ਹੈ। ਜ਼ਿਆਦਾਤਰ ਬੱਚੇ ਪੰਜ ਸਾਲ ਦੀ ਉਮਰ ਤੋਂ ਬਾਅਦ ਚੀਜ਼ ਨੂੰ ਸਮਝਦੇ ਹਨ ਤੇ ਫਿਰ ਉਸ ਚੀਜ਼ ਦੀ ਮੰਗ ਕਰਦੇ ਹਨ। ਇੱਥੇ ਤੁਹਾਡਾ ਫ਼ਰਜ਼ ਬਣਦਾ ਹੈ ਕਿ ਕੇ ਬੱਚੇ ਨੂੰ ਤੁਹਾਡੀ ਆਮਦਨ ਦਾ ਸਹੀ ਅਰਥ ਦੱਸੋ। ਸਮੇਂ ਦੇ ਹਿਸਾਬ ਨਾਲ ਜਿਸ ਤਰ੍ਹਾਂ ਬੱਚੇ ਵੱਡੇ ਹੁੰਦੇ ਹਨ, ਉਨ੍ਹਾਂ ਨੂੰ ਜੋ ਪੈਸੇ ਖ਼ਰਚ ਕਰਨ ਲਈ ਦੇਣੇ ਹਨ, ਉਸ ਨੂੰ ਠੀਕ ਕਰੋ। ਜੇਬ ਖ਼ਰਚ ਦੇਣ ਦੇ ਨਾਲ-ਨਾਲ ਬੱਚਤ ਕਰਨਾ ਵੀ ਸਿਖਾਓ। ਉਨ੍ਹਾਂ ਨੂੰ ਸਮਝਾਓ ਕਿ ਸਿਰਫ਼ ਜ਼ਰੂਰਤ ਪੈਣ ’ਤੇ ਹੀ ਖ਼ਰਚ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਦੱਸੋ ਕਿ ਸਿਰਫ਼ ਉਹੀ ਵਸਤੂ ਦੀ ਖ਼ਰੀਦ ਕਰੋ, ਜਿਸ ਬਿਨਾਂ ਉਸ ਦਾ ਸਰਦਾ ਨਾ ਹੋਵੇ। ਫ਼ਾਲਤੂ ਚੀਜ਼ ਦੀ ਖ਼ਰੀਦ ਨਾ ਕਰਨ ਦਿਉ।

**ਖ਼ੁਦ ਫ਼ੈਸਲੇ ਲੈਣ ਦੀ ਪਾਓ ਆਦਤ**

ਉਨ੍ਹਾਂ ਨੂੰ ਸਮੇਂ ਦੇ ਨਾਲ ਹੌਲੀ-ਹੌਲੀ ਲੋੜ ਦੀ ਮਹੱਤਤਾ ਬਾਰੇ ਦੱਸੋ। ਜਦੋਂ ਅਸੀਂ ਬਾਜ਼ਾਰ ’ਚ ਬੱਚਿਆਂ ਨਾਲ ਜਾਂਦੇ ਹਾਂ ਤਾਂ ਸਾਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਜਿਹੋ ਜਿਹਾ ਖ਼ਰਚ ਅਸੀਂ ਕਰਾਂਗੇ ਤਾਂ ਸਾਡਾ ਬੱਚਾ ਵੀ ਉਸੇ ਤਰਾਂ ਹੀ ਸਿੱਖੇਗਾ। ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦੇ ਸਾਹਮਣੇ ਸਿਰਫ਼ ਜ਼ਰੂਰਤਮੰਦ ਚੀਜ਼ ਹੀ ਖ਼ਰੀਦੀਏ। ਬੱਚਿਆਂ ਨੂੰ ਖ਼ੁਦ ਫ਼ੈਸਲੇ ਲੈਣ ਦੀ ਆਦਤ ਬਣਵਾਓ। ਜਦੋਂ ਉਹ ਫ਼ੈਸਲੇ ਆਪ ਲਵੇਗਾ, ਵਸਤੂ ਖ਼ਰੀਦੇਗਾ, ਉਸ ਦੇ ਪੈਸੇ ਦੇਵੇਗਾ ਤਾਂ ਕੁਝ ਗ਼ਲਤੀਆਂ ਵੀ ਜ਼ਰੂਰ ਕਰੇਗਾ, ਜੋ ਉਸ ਨੂੰ ਸਿੱਖਣ ਲਈ ਸਹਾਈ ਹੋਣਗੀਆਂ। ਬੱਚਿਆਂ ਨੂੰ ਚੰਗੀਆਂ ਆਦਤਾਂ ਸਿਖਾਉਣਾ ਤੇ ਵਿਕਸਿਤ ਕਰਨਾ ਸਾਡਾ ਫ਼ਰਜ਼ ਹੈ, ਜੋ ਅੱਜ ਦੇ ਮਹਿੰਗਾਈ ਦੇ ਸਮੇਂ ’ਚ ਬਹੁਤ ਜ਼ਰੂਰੀ ਹੈ।




# ਬੱਚਿਆਂ ਦੇ ਅਨੇਕਾਂ ਸੁਪਨਿਆਂ ਦਾ ਸਾਥੀ ਹੁੰਦੈ ਬਸਤਾ



**ਬੇਅੰਤ ਸਿੰਘ ਮਲੂਕਾ**

ਸਕੂਲੀ ਜੀਵਨ ਹਰ ਵਿਅਕਤੀ ਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਹੁੰਦਾ ਹੈ। ਬਚਪਨ ’ਚ ਜਿੱਥੇ ਖੇਡਣ ਦੀ ਖ਼ੁਸ਼ੀ ਹੁੰਦੀ ਹੈ, ਉਥੇ ਹੀ ਸਕੂਲ ਜਾਣਾ, ਸਿੱਖਣਾ, ਅੱਖਰ ਪਛਾਣਨਾ ਤੇ ਹੋਮਵਰਕ ਕਰਨਾ ਵੀ ਮਹੱਤਵਪੂਰਨ ਅਨੁਭਵ ਹੁੰਦਾ ਹੈ। ਇਸ ਸਾਰੇ ਅਨੁਭਵ ’ਚ ਇੱਕ ਚੀਜ਼ ਜੋ ਹਮੇਸ਼ਾ ਬੱਚੇ ਨਾਲ ਰਹਿੰਦੀ ਹੈ, ਉਹ ਹੈ ਉਸ ਦਾ ਬਸਤਾ। ਬਸਤਾ ਸਿਰਫ਼ ਕਿਤਾਬਾਂ ਸਕੂਲ ਲਿਜਾਣ ਦਾ ਜ਼ਰੀਆ ਹੀ ਨਹੀਂ ਹੁੰਦਾ ਸਗੋਂ ਇਹ ਬੱਚੇ ਦੀ ਦਿਲੋਂ ਚਾਹਤ ਤੇ ਅਨੇਕਾਂ ਸੁਪਨਿਆਂ ਦਾ ਸਾਥੀ ਹੁੰਦਾ ਹੈ। ਇਹ ਬਸਤਾ ਉਸ ਦੇ ਸਾਰੇ ਰਾਜ਼ ਰੱਖਦਾ ਹੈ। ਕਈ ਵਾਰੀ ਤਾਂ ਇਹ ਉਸ ਦੇ ਲੰਚ ਬਾਕਸ, ਪਿਆਰੇ ਖਿਡੌਣੇ, ਰੰਗ-ਬਿਰੰਗੀਆਂ ਪੈਨਸਿਲਾਂ ਤੱਕ ਨੂੰ ਵੀ ਆਪਣੇ ਅੰਦਰ ਸਾਂਭ ਕੇ ਰੱਖਦਾ ਹੈ।

ਪਹਿਲੇ ਦਿਨ ਤੋਂ ਹੀ ਜਦੋਂ ਬੱਚਾ ਪ੍ਰੀ-ਪ੍ਰਾਇਮਰੀ ਦੀ ਸਿੱਖਿਆ ਲਈ ਆਪਣੇ ਮਾਤਾ-ਪਿਤਾ ਦੀ ਉਂਗਲੀ ਫੜ ਕੇ ਸਕੂਲ ਜਾਂਦਾ ਹੈ ਤਾਂ ਉਹ ਨਵਾਂ ਬਸਤਾ ਪਾ ਕੇ ਬੜੀ ਖ਼ੁਸ਼ੀ ਮਹਿਸੂਸ ਕਰਦਾ ਹੈ। ਨਵੇਂ ਬਸਤੇ ਦੀ ਖੁਸ਼ਬੂ, ਉਸ ਉੱਤੇ ਬਣੇ ਕਾਰਟੂਨ ਕਿਰਦਾਰ, ਜ਼ਿੱਪ, ਚੇਨ ਤੇ ਅੰਦਰਲੇ ਖਾਨਿਆਂ ਦੀ ਖੋਜ ਆਦਿ ਇਹ ਸਭ ਕੁਝ ਬੱਚੇ ਲਈ ਨਵੀਂ ਦੁਨੀਆ ਵਰਗਾ ਹੁੰਦਾ ਹੈ।

ਸਕੂਲ ਜਾਣ ਸਮੇਂ ਜਦੋਂ ਮਾਂ ਬਸਤਾ ਤਿਆਰ ਕਰਦੀ ਹੈ ਤਾਂ ਬੱਚਾ ਬੜੇ ਉਤਸ਼ਾਹ ਨਾਲ ਤੱਕਦਾ ਹੈ ਕਿ ਅੱਜ ਕਿਹੜੀਆਂ ਕਿਤਾਬਾਂ ਨਾਲ ਜਾ ਰਹੀਆਂ ਹਨ। ਕਈ ਵਾਰੀ ਤਾਂ ਉਹ ਆਪਣੇ ਖੇਡਣ ਵਾਲੀ ਚੀਜ਼ ਜਾਂ ਮਨਪਸੰਦ ਕਿਤਾਬ ਵੀ ਚੁੱਪਚਾਪ ਬਸਤੇ ’ਚ ਰੱਖ ਲੈਂਦਾ ਹੈ। ਇਹ ਪਿਆਰ ਸਿਰਫ਼ ਬਸਤੇ ਲਈ ਹੀ ਨਹੀਂ ਹੁੰਦਾ ਸਗੋਂ ਉਸ ’ਚ ਲੁਕੇ ਸੁਪਨੇ, ਉਤਸ਼ਾਹ ਤੇ ਨਵੀਆਂ ਸਿੱਖਣ ਵਾਲੀਆਂ ਗੱਲਾਂ ਲਈ ਹੁੰਦਾ ਹੈ। ਬਸਤਾ ਉਸ ਦੇ ਨਵੇਂ ਜੀਵਨ ਦੀ ਸ਼ੁਰੂਆਤ ਦਾ ਪ੍ਰਤੀਕ ਹੁੰਦਾ ਹੈ।

**ਭਾਵਨਾਤਮਿਕ ਰਿਸ਼ਤਾ**

ਜਿਵੇਂ-ਜਿਵੇਂ ਬੱਚਾ ਵੱਡਾ ਹੁੰਦਾ ਹੈ, ਉਹ ਆਪਣੇ ਬਸਤੇ ਨਾਲ ਅਲੱਗ ਹੀ ਭਾਵਨਾਤਮਿਕ ਰਿਸ਼ਤਾ ਜੋੜ ਲੈਂਦਾ ਹੈ। ਬਸਤਾ ਉਨ੍ਹਾਂ ਦੀਆਂ ਦਿਨ ਭਰ ਦੀਆਂ ਖ਼ੁਸ਼ੀਆਂ ਦਾ ਹਿੱਸਾ ਬਣ ਜਾਂਦਾ ਹੈ। ਹਰ ਸਵੇਰ ਬਸਤੇ ਨੂੰ ਸਜਾਉਣਾ, ਕਿਤਾਬਾਂ ਨੂੰ ਢੰਗ ਨਾਲ ਲਾਉਣਾ, ਨਵੇਂ ਕਵਰ ਚੜ੍ਹਾਉਣਾ, ਇਹ ਸਭ ਬੱਚੇ ਦੀ ਪਸੰਦ ਬਣ ਜਾਂਦਾ ਹੈ। ਉਹ ਬਸਤੇ ਨੂੰ ਆਪਣੀ ਨਿੱਜੀ ਵਸਤੂ ਵਾਂਗ ਸਾਂਭਦਾ ਹੈ। ਜਿਵੇਂ ਕੋਈ ਵੱਡਾ ਵਿਅਕਤੀ ਆਪਣੀ ਕਾਰ ਜਾਂ ਫੋਨ ਨੂੰ ਨਵਾਂ ਰੱਖਣ ਦੀ ਕੋਸ਼ਿਸ਼ ਕਰਦਾ ਹੈ, ਉਸੇ ਤਰ੍ਹਾਂ ਬੱਚਾ ਆਪਣੇ ਬਸਤੇ ਨੂੰ ਵੀ ਵਧੀਆ ਬਣਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਜਦੋਂ ਕਿਸੇ ਹੋਰ ਬੱਚੇ ਕੋਲ ਨਵਾਂ ਬਸਤਾ ਹੁੰਦਾ ਹੈ ਤਾਂ ਵੀ ਉਸ ਦਾ ਆਪਣੇ ਬਸਤੇ ਨਾਲੋਂ ਪਿਆਰ ਘਟਦਾ ਨਹੀਂ।

**ਯਾਦਾਂ ਨਾਲ ਭਰੀ ਦੁਨੀਆ**

ਬਸਤਾ ਸਿਰਫ਼ ਪਾਠਕ੍ਰਮ ਨਾਲ ਸਬੰਧਿਤ ਕਿਤਾਬਾਂ ਦਾ ਸੰਚਾਲਕ ਹੀ ਨਹੀਂ ਹੁੰਦਾ, ਇਹ ਯਾਦਾਂ ਦਾ ਸੰਗ੍ਰਹਿ ਵੀ ਹੁੰਦਾ ਹੈ। ਕਈ ਵਾਰ ਬਸਤੇ ਅੰਦਰੋਂ ਇਕ ਪੁਰਾਣੀ ਚੀਜ਼ ਨਿਕਲਦੀ ਹੈ, ਜੋ ਦੋਸਤ ਨੇ ਦਿੱਤੀ ਹੋਈ ਹੁੰਦੀ ਹੈ। ਕਈ ਵਾਰੀ ਪੁਰਾਣੀ ਕਲਮ ਜਾਂ ਸੁੱਕਿਆ ਹੋਇਆ ਫੁੱਲ ਮਿਲ ਜਾਂਦਾ ਹੈ, ਜੋ ਕਿਸੇ ਵਿਸ਼ੇਸ਼ ਦਿਨ ਨੂੰ ਯਾਦ ਦਿਵਾਉਂਦਾਹੈ। ਬਸਤੇ ’ਚ ਕਈ ਅਜਿਹੇ ਰਾਜ਼ ਵੀ ਹੁੰਦੇ ਹਨ, ਜੋ ਬੱਚਾ ਕਿਸੇ ਨਾਲ ਨਹੀਂ ਸਾਂਝੇ ਕਰਦਾ।

**ਮਾਤਾ-ਪਿਤਾ ਲਈ ਅਹਿਮੀਅਤ**

ਮਾਤਾ-ਪਿਤਾ ਦਾ ਆਪਣੇ ਬੱਚਿਆਂ ਦੇ ਬਸਤੇ ਨਾਲ ਅਲੱਗ ਹੀ ਰਿਸ਼ਤਾ ਹੁੰਦਾ ਹੈ। ਜਦੋਂ ਉਹ ਬੱਚੇ ਨੂੰ ਪਹਿਲੀ ਵਾਰ ਸਕੂਲ ਭੇਜਦੇ ਹਨ ਤਾਂ ਉਹ ਨਵਾਂ ਬਸਤਾ ਖ਼ਰੀਦਦੇ ਸਮੇਂ ਬਹੁਤ ਜ਼ਿਆਦਾ ਉਤਸ਼ਾਹਿਤ ਹੁੰਦੇ ਹਨ। ਬਸਤੇ ਦੀ ਚੋਣ ਕਰਨਾ, ਉਸ ’ਚ ਲੰਚ ਬਾਕਸ ਰੱਖਣਾ, ਜੁਮੈਟਰੀ ਬਾਕਸ, ਪਾਣੀ ਦੀ ਬੋਤਲ ਭਰਨਾ, ਕਾਪੀਆਂ ’ਤੇ ਜਿਲਦਾਂ ਚੜ੍ਹਾਉਣੀਆਂ ਅਤੇ ਉਨ੍ਹਾਂ ਉੱਪਰ ਬੱਚੇ ਦਾ ਨਾਂ ਲਿਖਣਾ ਆਦਿ ਸਭ ਕਾਰਜ ਮਾਪਿਆਂ ਲਈ ਮਾਣਦਾਇਕ ਹੁੰਦੇ ਹਨ।

ਜਦੋਂ ਬੱਚਾ ਘਰ ਆਉਂਦਾ ਹੈ ਤੇ ਆਪਣਾ ਬਸਤਾ ਉਤਾਰ ਕੇ ਇਕ ਪਾਸੇ ਰੱਖਦਾ ਹੈ। ਉਸ ਤੋਂ ਬਾਅਦ ਮਾਂ ਚੁੱਪ-ਚਾਪ ਖੋਲ੍ਹ ਕੇ ਵੇਖਦੀ ਹੈ ਕਿ ਲੰਚ ਖਾਧਾ ਜਾਂ ਨਹੀਂ, ਸਕੂਲ ਅਧਿਆਪਕ ਵੱਲੋਂ ਕੋਈ ਨੋਟਿਸ ਤਾਂ ਨਹੀਂ ਆਇਆ ਜਾਂ ਕਿਤਾਬਾਂ ਠੀਕ ਢੰਗ ਨਾਲ ਹਨ ਜਾਂ ਨਹੀਂ। ਇਸ ਤਰ੍ਹਾਂ ਬਸਤਾ ਬੱਚੇ ਤੇ ਮਾਤਾ-ਪਿਤਾ ਵਿਚਕਾਰ ਸੰਚਾਰਕ ਪੁਲ ਬਣ ਜਾਂਦਾ ਹੈ।

**ਮਾਡਰਨ ਯੁੱਗ ’ਚ ਭੂਮਿਕਾ**

ਆਧੁਨਿਕ ਸਮੇਂ ’ਚ ਜਦੋਂ ਤਕਨੀਕ ਨੇ ਸਕੂਲੀ ਸਿਖਲਾਈ ਵਿਚ ਵੱਡਾ ਬਦਲਾਅ ਲਿਆਂਦਾ ਹੈ ਤਾਂ ਬਸਤੇ ਦੀ ਭੂਮਿਕਾ ਵੀ ਕਾਫ਼ੀ ਬਦਲ ਗਈ ਹੈ। ਹੁਣ ਬਸਤਿਆਂ ਵਿੱਚ ਲੈਪਟਾਪ, ਟੈਬਲੈੱਟ, ਡਾਇਰੀਆਂ, ਨੋਟਪੈਡ ਆਦਿ ਆਉਣ ਲੱਗ ਪਏ ਹਨ ਪਰ ਫਿਰ ਵੀ ਬਸਤਾ ਅਜੇ ਵੀ ਆਪਣੇ ਅੰਦਰ ਬਚਪਨ ਦੀ ਖ਼ੁਸ਼ਬੂ ਨੂੰ ਲੁਕੋਈ ਬੈਠਾ ਹੈ। ਹੁਣ ਵੀ ਜਦੋਂ ਬੱਚਾ ਸਕੂਲ ਜਾਣ ਲਈ ਤਿਆਰ ਹੁੰਦਾ ਹੈ ਤਾਂ ਉਸ ਦੇ ਬੁੱਲ੍ਹਾਂ ’ਤੇ ਇਕ ਸ਼ਬਦ ਹੁੰਦਾ ਹੈ ਮੰਮੀ ਮੇਰਾ ਬਸਤਾ।ਬੱਚਿਆਂ ਨੂੰ ਨਵੇਂ-ਨਵੇਂ ਡਿਜ਼ਾਈਨ ਵਾਲੇ ਬਸਤਿਆਂ ਦਾ ਸ਼ੌਕ ਹੁੰਦਾ ਹੈ। ਉਹ ਆਪਣੇ ਮਨਪਸੰਦ ਕਾਰਟੂਨ ਕਿਰਦਾਰ ਵਾਲਾ ਬਸਤਾ ਚਾਹੁੰਦੇ ਹਨ। ਇਹ ਸਾਰੀਆਂ ਚੀਜ਼ਾਂ ਬਚਪਨ ਦੀ ਸਾਦਗੀ ਤੇ ਖ਼ੁਸ਼ੀ ਨੂੰ ਦਰਸਾਉਂਦੀਆਂ ਹਨ।

**ਡੂੰਘਾ ਅਹਿਸਾਸ**

ਇਕ ਬੱਚੇ ਲਈ ਉਸ ਦਾ ਬਸਤਾ ਸਿਰਫ਼ ਇਕ ਵਸਤੂ ਨਹੀਂ ਸਗੋਂ ਅਹਿਸਾਸ ਹੈ। ਇਹ ਬਸਤਾ ਉਸ ਦੇ ਦੋਸਤਾਂ ਵਾਂਗ ਹੁੰਦਾ ਹੈ, ਜੋ ਹਰ ਰੋਜ਼ ਉਸ ਨਾਲ ਸਕੂਲ ਜਾਂਦਾ ਹੈ। ਉਸ ਦੇ ਰਾਜ਼ ਰੱਖਦਾ ਹੈ, ਉਹਦੇ ਸੁਪਨੇ ਸਾਂਭਦਾ ਹੈ। ਜਦੋਂ ਬਸਤਾ ਪੁਰਾਣਾ ਹੋ ਜਾਂਦਾ ਹੈ ਤਾਂ ਬੱਚਾ ਉਸ ਨੂੰ ਤੋੜ ਕੇ ਨਹੀਂ ਸੁੱਟਦਾ ਸਗੋਂ ਪਿਆਰ ਨਾਲ ਕਿਤੇ ਸੰਭਾਲ ਕੇ ਰੱਖ ਲੈਂਦਾ ਹੈ। ਇਹ ਸਭ ਕੁਝ ਇਹੀ ਦਰਸਾਉਂਦਾ ਹੈ ਕਿ ਬੱਚਾ ਆਪਣੇ ਬਸਤੇ ਨਾਲ ਕਿੰਨਾ ਮੋਹ ਰੱਖਦਾ ਹੈ।

ਇਸ ਲਈ ਕਿਹਾ ਜਾ ਸਕਦਾ ਹੈ ਕਿ ਬਸਤਾ ਬਚਪਨ ਦੀਆਂ ਯਾਦਾਂ ਦਾ ਪੂਰਾ ਸੰਗ੍ਰਹਿ ਹੈ। ਉਹ ਬਸਤਾ ਜਿਸ ਨੂੰ ਅਸੀਂ ਕਈ ਵਾਰੀ ਇਕ ਵਾਹਕ ਸਮਝਦੇ ਹਾਂ, ਦਰਅਸਲ ਸੰਵੇਦਨਸ਼ੀਲ ਦੋਸਤ ਹੁੰਦਾ ਹੈ। ਇਕ ਐਸਾ ਦੋਸਤ ਜੋ ਕਦੇ ਗਿਲਾ-ਸ਼ਿਕਵਾ ਨਹੀਂ ਕਰਦਾ, ਕਦੇ ਬੋਲਦਾ ਨਹੀਂ ਪਰ ਹਮੇਸ਼ਾ ਸਾਥ ਦਿੰਦਾ ਹੈ। ਬੱਚੇ ਦੀ ਜ਼ਿੰਦਗੀ ਦਾ ਇਹ ਅਮੁੱਲ ਰਤਨ ਹੈ। ਸੱਚਮੁੱਚ ਹੀ ਬਸਤਾ ਵਧਾਈ ਦੇ ਯੋਗ ਹੈ। ਜਿਹੜਾ ਬਚਪਨ ਤੋਂ ਸਾਡੇ ਨਾਲ ਜੁੜ ਕੇ ਸਕੂਲੀ ਪੜ੍ਹਾਈ ਪੂਰੀ ਹੋਣ ਤੱਕ ਅਤੇ ਉਸ ਤੋਂ ਅਗਾਂਹ ਵੀ ਸਾਡੇ ਭਵਿੱਖ ਨੂੰ ਰੌਸ਼ਨ ਕਰਨ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਂਦਾ ਹੈ।

# ਟੂੰਬਾਂ ਨਾ ਤੂੰ ਮੰਗੀ ਮੇਰੀ ਲਾਡਲੀਏ . . .

**ਬਹਾਦਰ ਸਿੰਘ ਗੋਸਲ**

ਭਾਰਤ ਨੂੰ ਕਿਸੇ ਸਮੇਂ ਸੋਨੇ ਦੀ ਚਿੜੀ ਦਾ ਨਾਂ ਦਿੱਤਾ ਜਾਂਦਾ ਸੀ। ਸੋਨਾ ਹਰ ਘਰ ਦੀ ਸੌਗਾਤ ਹੋਇਆ ਕਰਦਾ ਸੀ, ਪਰ ਵਿਦੇਸ਼ੀ ਲੁਟੇਰਿਆਂ ਨੇ ਭਾਰਤ ਨੂੰ ਕਈ ਵਾਰ ਆਪਣੀ ਲੁੱਟ ਦਾ ਸ਼ਿਕਾਰ ਬਣਾਇਆ ਅਤੇ ਮਣਾਂ-ਮੂੰਹੀ ਸੋਨਾ ਲੁੱਟ ਕੇ ਲੈ ਗਏ। ਉਨ੍ਹਾਂ ਦਾ ਮੁੱਖ ਨਿਸ਼ਾਨਾ ਹਿੰਦੂ ਮੰਦਿਰ ਸਨ ਜਿਨ੍ਹਾਂ ਵਿੱਚ ਸੋਨੇ ਦੇ ਅੰਬਾਰ ਲੱਗੇ ਹੋਏ ਸਨ ਅਤੇ ਹਿੰਦੂ ਮੂਰਤੀਆਂ ਸੋਨੇ ਨਾਲ ਲੱਦੀਆਂ ਪਈਆਂ ਸਨ। ਦੁੱਖ ਦੀ ਗੱਲ ਤਾਂ ਇਹ ਸੀ ਕਿ ਉਨ੍ਹਾਂ ਲੁਟੇਰਿਆਂ ਨੂੰ ਰੋਕਣ ਵਾਲਾ ਜਾਂ ਉਨ੍ਹਾਂ ਦਾ ਮੁਕਾਬਲਾ ਕਰਨ ਵਾਲਾ ਕੋਈ ਨਹੀਂ ਸੀ ਜਿਸ ਕਰਕੇ ਉਨ੍ਹਾਂ ਨੇ ਲੁੱਟ ਨੂੰ ਆਪਣਾ ਸੌਖਾ ਅਤੇ ਮਨੋਰੰਜਕ ਸਾਧਨ ਬਣਾ ਲਿਆ। ਮੁਹੰਮਦ ਗੌਰੀ, ਗਜਨਵੀ ਅਤੇ ਅਹਿਮਦਸ਼ਾਹ ਅਬਦਾਲੀ ਵਰਗੇ ਤਾਂ ਇਸ ਦੇਸ਼ ਨੂੰ ਬੁਰੀ ਤਰ੍ਹਾਂ ਨੋਚਦੇ ਰਹੇ ਅਤੇ ਜਿੰਨਾ ਉਨ੍ਹਾਂ ਨੇ ਚਾਹਿਆ ਦੇਸ਼ ਵਿੱਚੋਂ ਸੋਨਾ ਲੁੱਟਿਆ।

ਸ਼ਾਇਦ ਉਸ ਲੁੱਟ ਦਾ ਅਸਰ ਹੀ ਅੱਜ ਦੇ ਗ਼ਰੀਬ ਭਾਰਤ ਵਾਸੀ ਮਹਿਸੂਸ ਕਰ ਰਹੇ ਹਨ। ਇਹ ਇੱਕ ਅਚੱਲ ਮੁਦਰਾ ਹੈ ਜਿਸ ਦੀ ਅਮੀਰਾਂ ਨੂੰ ਹੀ ਨਹੀਂ, ਸਗੋਂ ਗ਼ਰੀਬਾਂ ਨੂੰ ਵੀ ਲੋੜ ਹੁੰਦੀ ਹੈ। ਸੋਨਾ ਹੀ ਤਾਂ ਹੈ ਜੋ ਗ਼ਰੀਬ ਆਪਣੀ ਪੂੰਜੀ ਦੇ ਤੌਰ 'ਤੇ ਸਾਂਭ-ਸਾਂਭ ਰੱਖਦੇ ਹਨ ਅਤੇ ਚੋਰਾਂ-ਉਚੱਕਿਆਂ ਤੋਂ ਬਚਾਉਣ ਲਈ ਗੁਪਤ ਤੌਰ 'ਤੇ ਲੁਕੋ ਕੇ ਰੱਖਦੇ ਹਨ। ਸਦੀਆਂ ਤੋਂ ਹੀ ਸੋਨਾ ਮਨੁੱਖ ਦੀ ਮਹਿੰਗੀ ਅਤੇ ਭਰੋਸੇਯੋਗ ਧਾਤੂ ਦੇ ਤੌਰ 'ਤੇ ਮਦਦ ਕਰਦਾ ਆਇਆ ਹੈ। ਇਹੀ ਕਾਰਨ ਹੁੰਦਾ ਸੀ ਕਿ ਮਨੁੱਖ ਨੇ ਇਸ ਨੂੰ ਆਪਣੀ ਜਮਾਂ-ਪੂੰਜੀ ਦੇ ਤੌਰ 'ਤੇ ਹੀ ਨਹੀਂ ਸਗੋਂ ਆਪਣੇ ਸੁਹੱਪਣ ਨੂੰ ਸ਼ਿੰਗਾਰਨ ਲਈ ਗਹਿਣਿਆਂ ਦੇ ਰੂਪ ਵਿੱਚ ਵਰਤਣਾ ਸ਼ੁਰੂ ਕਰ ਦਿੱਤਾ ਸੀ।

ਪੰਜਾਬ ਦੀ ਧਰਤੀ ਜੋ ਸਦੀਆਂ ਤੋਂ ਆਰਥਿਕ ਤੌਰ 'ਤੇ ਖੁਸ਼ਹਾਲ ਰਹੀ ਹੈ, ਸੋਨੇ ਦੀ ਵੀ ਚੰਗੀ ਕਦਰ ਕਰਦੀ ਰਹੀ ਹੈ। ਪੰਜਾਬ ਦੇ ਪਿੰਡਾਂ ਦੇ ਲੋਕ ਆਰਥਿਕ ਤੌਰ 'ਤੇ ਖੁਸ਼ਹਾਲ ਹੋਣ ਕਾਰਨ ਸੋਨੇ ਨੂੰ ਸੰਭਾਲਣ, ਵਰਤਣ ਅਤੇ ਜਮਾਂਖੋਰੀ ਵਜੋਂ ਖੂਬ ਮਾਨਤਾ ਦਿੰਦੇ ਆਏ ਹਨ। ਕਦੇ ਸਮਾਂ ਸੀ ਕਿ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਵਿਆਹਾਂ ਸ਼ਾਦੀਆਂ ਸਮੇਂ ਸੋਨੇ ਦੀ ਮੁੱਖ ਤੌਰ 'ਤੇ ਪੁੱਛ ਹੁੰਦੀ ਸੀ। ਦਾਜ ਨੂੰ ਭਾਵੇਂ ਮਾੜਾ ਗਿਣਿਆ ਜਾਂਦਾ ਸੀ, ਪਰ ਹਰ ਗ਼ਰੀਬ ਦੀ ਦਿਲੀ ਇੱਛਾ ਹੁੰਦੀ ਸੀ ਕਿ ਉਹ ਵਿਆਹਾਂ ਵਿੱਚ ਆਪਣੀ ਧੀ-ਭੈਣ ਨੂੰ ਰੱਜ ਕੇ ਸੋਨੇ ਦੇ ਗਹਿਣੇ ਦੇਵੇ। ਇੱਥੋਂ ਤੱਕ ਕਿ ਪਿੰਡਾਂ ਵਿੱਚ ਗ਼ਰੀਬ ਤੋਂ ਗ਼ਰੀਬ ਲੋਕ ਵੀ ਵਿਆਹਾਂ ਵਿੱਚ ਆਪਣੀਆਂ ਲੜਕੀਆਂ ਨੂੰ ਵੱਧ ਤੋਂ ਵੱਧ ਸੋਨਾ ਦਿੰਦੇ ਸਨ। ਲੋਕ ਗ਼ਰੀਬ ਤਾਂ ਉਦੋਂ ਵੀ ਸਨ, ਪਰ ਇਹ ਵੀ ਖੁਸ਼ੀ ਦੀ ਗੱਲ ਹੀ ਸੀ ਕਿ ਸੋਨੇ ਦਾ ਭਾਅ ਸੈਂਕੜਿਆਂ ਵਿੱਚ ਹੋਇਆ ਕਰਦਾ ਸੀ ਅਤੇ ਗ਼ਰੀਬ ਲੋਕ ਛੋਟੀ-ਮੋਟੀ ਪੂੰਜੀ ਜਮ੍ਹਾਂ ਕਰਕੇ ਆਪਣੀਆਂ ਧੀਆਂ ਭੈਣਾਂ ਨੂੰ ਖੁਸ਼ ਕਰਨ ਲਈ ਸੋਨੇ ਦੀਆਂ ਟੂੰਬਾਂ ਬਣਾ ਕੇ ਜ਼ਰੂਰ ਦਿਆ ਕਰਦੇ ਸਨ। ਸੋਨੇ ਦੀਆਂ ਟੂੰਬਾਂ ਦਾ ਵਿਆਹ ਵਿੱਚ ਦਿਖਾਵਾ ਵੀ ਕੀਤਾ ਜਾਂਦਾ ਸੀ। ਸ਼ਰੀਕੇ ਵਿੱਚ ਹਰ ਇੱਕ ਨੂੰ ਪਤਾ ਹੁੰਦਾ ਸੀ ਕਿ ਵਿਆਹ ਵਿੱਚ ਕੁੜੀ ਨੂੰ ਕਿਹੜੀਆਂ-ਕਿਹੜੀਆਂ ਟੂੰਬਾਂ ਮਾਪਿਆਂ ਵੱਲੋਂ ਪਾਈਆਂ ਗਈਆਂ ਹਨ ਅਤੇ ਇਹ ਟੂੰਬਾਂ ਬਰਾਤ ਆਏ ਲੋਕਾਂ ਨੂੰ ਵੀ ਖੱਟ ਦੇ ਰੂਪ ਵਿੱਚ ਦਿਖਾਈਆਂ ਜਾਂਦੀਆਂ ਸਨ। ਹਾਂ, ਇਹ ਗੱਲ ਜ਼ਰੂਰ ਸੀ ਕਿ ਅਮੀਰ ਲੋਕ ਆਪਣੇ ਵਿਆਹਾਂ ਵਿੱਚ ਸੋਨਾ ਵੱਧ ਵਰਤਦੇ ਸਨ ਅਤੇ ਗ਼ਰੀਬ ਹਲਕੇ ਗਹਿਣਿਆਂ ਨਾਲ ਆਪਣੀ ਇੱਛਾ ਜਾਂ ਸਮਾਜਿਕ ਪੂਰਤੀ ਕਰ ਲੈਂਦੇ ਸਨ। ਹਰ ਗ਼ਰੀਬ ਪੇਂਡੂ ਵਿਅਕਤੀ ਵੀ ਚਾਹੁੰਦਾ ਸੀ ਕਿ ਉਸ ਦੀ ਧੀ ਗਹਿਣਿਆਂ ਤੋਂ ਵਾਂਝੀ ਨਾ ਜਾਵੇ ਅਤੇ ਉਹ ਛੋਟੇ-ਛੋਟੇ ਗਹਿਣੇ ਜ਼ਰੂਰ ਧੀ ਦੀ ਖੁਸ਼ੀ ਲਈ ਬਣਾਉਂਦਾ। ਉਨ੍ਹਾਂ ਦਿਨਾਂ ਵਿੱਚ ਸੱਗੀ-ਫੁੱਲ, ਕੈਂਠੇ, ਗਲੇ ਦੇ ਹਾਰ, ਝਾਂਜਰਾਂ, ਮੱਥੇ ਟਿਕਾ, ਸੋਨੇ ਦੀਆਂ ਚੂੜੀਆਂ ਵਰਗੇ ਗਹਿਣੇ ਬਹੁਤ ਮਕਬੂਲ ਸਨ, ਪਰ ਕਈ ਲੋਕ ਆਪਣੀ ਆਰਥਿਕ ਸਥਿਤੀ ਨੂੰ ਦੇਖਦੇ ਹੋਏ ਲੌਂਗ, ਛਾਪ, ਕੰਨਾਂ ਨੂੰ ਵਾਲੀਆਂ ਜਾਂ ਪਿੱਪਲ ਪੱਤੀਆਂ ਵਰਗੇ ਛੋਟੇ ਗਹਿਣਿਆਂ ਨੂੰ ਤਰਜੀਹ ਦੇ ਦਿੰਦੇ ਸਨ। ਸਮਾਜ ਦੇ ਕਈ ਵਰਗਾਂ ਵਿੱਚ ਤਾਂ ਆਪਣੀ ਅਮੀਰੀ ਨੂੰ ਦਰਸਾਉਣ ਲਈ ਭਾਰੇ-ਭਾਰੇ ਸੋਨੇ ਦੇ ਗਹਿਣੇ ਵਿਆਹਾਂ ਵਿੱਚ ਪਾਏ ਜਾਂਦੇ ਸਨ। ਕਈ ਵਾਰ ਤਾਂ ਪਿੰਡਾਂ ਵਿੱਚ ਬਰਾਤਾਂ ਆਉਣ 'ਤੇ ਸੋਨੇ ਦੀਆਂ ਮੁੰਦਰੀਆਂ ਨਾਲ ਖ਼ਾਸ ਮਹਿਮਾਨਾਂ ਦਾ ਸਵਾਗਤ ਕਰਨ ਦਾ ਰਿਵਾਜ ਸੀ, ਪਰ ਇਹ ਉਦੋਂ ਚੰਗਾ ਲੱਗਦਾ ਸੀ ਜਦੋਂ ਸੋਨਾ ਸਸਤਾ, ਲੋਕਾਂ ਦੀ ਆਰਥਿਕ ਹਾਲਤ ਵਧੀਆ ਅਤੇ ਸਮਾਜਿਕ ਭਾਈਚਾਰਾਂ ਦੇਖਣ ਵਿੱਚ ਮਿਲਦਾ ਸੀ। ਹਰ ਧੀ-ਭੈਣ ਵੀ ਆਪਣੇ ਮਾਪਿਆਂ ਵੱਲੋਂ ਪਾਏ ਗਹਿਣਿਆਂ ਦੇ ਗੁਣਗਾਨ ਕਰਦੀ ਨਹੀਂ ਸੀ ਥੱਕਦੀ। ਇਹ ਗਹਿਣੇ ਇੱਕ ਸਮਾਜਿਕ ਲੋੜ ਬਣ ਚੁੱਕੇ ਸਨ।

ਇਨ੍ਹਾਂ ਗਹਿਣਿਆਂ ਨੇ ਪੰਜਾਬ ਦੇ ਪੇਂਡੂ ਖੇਤਰ ਦੇ ਲੋਕਾਂ ਨੂੰ ਘਰੇਲੂ, ਸਮਾਜਿਕ ਅਤੇ ਆਰਥਿਕ ਪਹਿਲੂ ਦੇ ਰੂਪ ਵਿੱਚ ਹੀ ਨਹੀਂ ਅਪਣਾਇਆ ਸਗੋਂ ਇਨ੍ਹਾਂ ਨੇ ਤਾਂ ਪੰਜਾਬ ਦੇ ਸੱਭਿਆਚਾਰ ਨੂੰ ਵੀ ਚਾਰ ਚੰਨ ਲਗਾ ਦਿੱਤੇ ਸਨ। ਜਿਵੇਂ ਕਿਹਾ ਜਾਂਦਾ ਸੀ;

ਆਓ ਕੁੜੀਓ ਮੇਰਾ ਦਾਜ ਦੇਖਲੋ, ਦੇਖੋ ਲੇਫ ਤਲਾਈ
ਥਾਲੀ ਵਿਚਲੇ ਗਹਿਣੇ ਦੇਖ ਲੋ, ਮੁੰਦਰੀ ਨੇ ਛਹਿਬਰ ਲਾਈ
ਨੀਂ ਲੈ ਗਏ ਬੂ ਸੁਹਰੇ, ਕੁੜੀਆਂ ਦੀ ਰਾਮ ਦੁਹਾਈ।

ਇਸੇ ਤਰ੍ਹਾਂ ਕੇਵਲ ਦਾਜ ਜਾਂ ਵਿਆਹਾਂ ਵਿੱਚ ਹੀ ਸੋਨੇ ਦੀ ਕਦਰ ਨਹੀਂ ਸੀ ਹੁੰਦੀ ਸਗੋਂ ਕੁੜੀਆਂ ਤਾਂ ਆਪਣੇ ਸਹੁਰੇ ਘਰ ਪੇਕਿਆਂ ਤੋਂ ਆਈ ਹਰ ਛੋਟੀ ਤੋਂ ਛੋਟੀ ਟੂੰਬ ਦਾ ਜ਼ਿਕਰ ਕਰਨਾ ਨਹੀਂ ਸੀ ਭੁੱਲਦੀ, ਜਿਵੇਂ ਕਿਹਾ ਜਾਂਦਾ ਸੀ;

ਵੀਰ ਮੇਰਾ ਅੱਜ ਲੈ ਕੇ ਆਇਆ, ਤੀਆਂ ਦਾ ਸੰਧਾਰਾ
ਮਹਿੰਦੀ, ਚੂੜੀਆਂ, ਸੂਟ ਗੁਲਾਬੀ।
ਵਿੱਚੋਂ ਲੌਂਗ ਦਾ ਪਿਆ ਲਿਸ਼ਕਾਰਾ
ਸਿੰਘ ਤਵੀਤੀ ਨੇ, ਮੁੰਡਾ ਮੋਹ ਲਿਆ ਕੈਂਠੇ ਵਾਲਾ।

ਇੱਥੇ ਹੀ ਬਸ ਨਹੀਂ ਪੰਜਾਬਣ ਦੇ ਹੁਸਨ ਦੀ ਤਾਂ ਸੋਨੇ ਚਾਂਦੀ ਦੀ ਚਮਕ ਨਾਲ ਤੁਲਨਾ ਕੀਤੀ ਜਾਂਦੀ ਸੀ ਅਤੇ ਘਰ ਦੇ ਕਿੱਤਿਆਂ ਨੂੰ ਵੀ ਇਸ ਸੋਨੇ ਨਾਲ ਜੋੜ ਦਿੱਤਾ ਜਾਂਦਾ ਸੀ ਜਿਵੇਂ ਕਿਹਾ ਜਾਂਦਾ ਸੀ;

ਆ ਵੇ ਜੱਟਾ ਆਪਾਂ ਖੇਤੀ ਕਰੀਏ
ਕਰੀਏ ਜੱਗ ਤੋਂ ਨਿਆਰੀ
ਸੋਨੇ ਦਾ ਤੈਨੂੰ ਹਲ਼ ਬਣਾ ਦਿਆਂ
ਚਾਂਦੀ ਦੀ ਪੰਜਾਲੀ
ਰੂਪ ਪੰਜਾਬਣ ਦਾ
ਦਿਨ ਚੜ੍ਹਦੇ ਦੀ ਲਾਲੀ।



ਇੱਥੋਂ ਤੱਕ ਕਿ ਕਿਸੇ ਦੀ ਆਰਥਿਕਤਾ ਦਾ ਅਨੁਮਾਨ ਵੀ ਸੋਨੇ-ਚਾਂਦੀ ਵਰਗੀਆਂ ਧਾਤਾਂ ਦੀ ਹੋਂਦ ਨਾਲ ਲਗਾਇਆ ਜਾਂਦਾ ਹੈ ਕਿਉਂਕਿ ਸੋਨੇ ਨੂੰ ਅੰਤਰਰਾਸ਼ਟਰੀ ਮੁਦਰਾ ਮੰਨਣ ਕਾਰਨ ਸੰਸਾਰ ਮੰਡੀ ਵਿੱਚ ਸੋਨੇ ਦੀ ਵੁੱਕਤ ਪੈਂਦੀ ਹੈ। ਜਦੋਂ ਕਿਸੇ 'ਤੇ ਕੋਈ ਭੀੜ ਬਣਦੀ ਹੈ ਤਾਂ ਸੋਨਾ ਹੀ ਕੰਮ ਆਉਂਦਾਹੈ। ਇਸੇ ਤਰ੍ਹਾਂ ਹੀ ਹੋਇਆ ਸੀ ਜਦੋਂ 1962 ਵਿੱਚ ਭਾਰਤ-ਚੀਨ ਜੰਗ ਲੱਗੀ ਤਾਂ ਦੇਸ਼ ਦੀ ਆਰਥਿਕਤਾ ਨੂੰ ਬਚਾਉਣ ਲਈ ਦੇਸ਼ ਕੋਲ ਵਿਆਪਕ ਸੋਨੇ ਦੇ ਭੰਡਾਰਾਂ ਦੀ ਲੋੜ ਪਈ। ਇਸ ਲਈ ਦੇਸ਼ ਵਾਸੀਆਂ ਨੂੰ ਅਪੀਲ ਕਰਨੀ ਪਈ ਅਤੇ ਇਹ ਗੀਤ ਬਹੁਤ ਮਕਬੂਲ ਹੋਇਆ;

ਭਾਬੀ ਲਾਹ ਕੇ ਦੇ ਦੇ ਸੋਨੇ ਦੀਆਂ ਚੂੜੀਆਂ
ਜੇ ਚੀਨੀਆਂ ਤੋਂ ਜੰਗ ਜਿੱਤਣੀ।

ਅੱਜ ਅਸੀਂ ਦੇਖਦੇ ਹਾਂ ਕਿ ਦੇਸ਼ ਵਿੱਚ ਸੋਨੇ ਦੀ ਕੀਮਤ ਹਜ਼ਾਰਾਂ ਨਹੀਂ ਲੱਖਾਂ ਨੂੰ ਪਾਰ ਕਰ ਚੁੱਕੀ ਹੈ। ਗ਼ਰੀਬ ਲੋਕ ਸੋਨਾ ਖਰੀਦਣ ਲਈ ਤਰਸ ਗਏ ਹਨ। ਵਿਆਹਾਂ-ਸ਼ਾਦੀਆਂ ਵਾਲੇ ਪਰਿਵਾਰਾਂ ਦੀ ਚਿੰਤਾ ਬਹੁਤ ਵਧ ਗਈ ਹੈ। ਵਿਆਹ ਵਿੱਚ ਸੋਨੇ ਦੀ ਲੋੜ ਤਾਂ ਹੈ ਹੀ, ਪਰ ਖਰੀਦਣ ਦੀ ਸਮਰੱਥਾ ਨਹੀਂ ਹੈ। ਜਿਨ੍ਹਾਂ ਗ਼ਰੀਬ ਮਾਪਿਆਂ ਨੇ ਆਪਣੀਆਂ ਲੜਕੀਆਂ ਦੇ ਵਿਆਹ ਕਾਰਜ ਕਰਨੇ ਹਨ, ਉਨ੍ਹਾਂ ਨੂੰ ਚੈਨ ਨਹੀਂ ਮਿਲਦੀ, ਕਿੱਥੋਂ ਲਿਆਉਣ ਇੱਕ ਤੋਲੇ ਸੋਨੇ ਲਈ ਸਵਾ ਲੱਖ ਰੁਪਿਆ ? ਛੋਟੇ ਤੋਂ ਛੋਟੇ ਗਹਿਣੇ ਵੀ ਕਈ-ਕਈ ਲੱਖਾਂ ਵਿੱਚ ਬਣਦੇ ਹਨ। ਸਾਲਾਂ ਦੀ ਕਮਾਈ ਇੱਕ ਤੋਲੇ ਸੋਨੇ ਵਿੱਚ ਹੀ ਚਲੀ ਜਾਂਦੀ ਹੈ ਤਾਂ ਉਹ ਆਪਣੀ ਧੀ ਨੂੰ ਕਿੱਥੋਂ ਲੈ ਕੇ ਦੇਣ ਮਹਿੰਗੇ ਸੋਨੇ ਦੀਆਂ ਟੂੰਬਾਂ ? ਇਹ ਗੱਲ ਧੀਆਂ ਵੀ ਸਮਝਦੀਆਂ ਹਨ, ਪਰ ਮਾਪੇ ਵੀ ਬੇ-ਵਸ ਹਨ। ਬਸ ਹੁਣ ਤਾਂ ਇੱਕ ਗ਼ਰੀਬ ਬਾਬਲ ਦੀ ਆਪਣੀ ਧੀ ਅੱਗੇ ਬੇਨਤੀ ਹੀ ਪੱਲੇ ਰਹਿ ਜਾਂਦੀ ਹੈ... ਟੂੰਬਾਂ ਨਾ ਤੂੰ ਮੰਗੀ ਮੇਰੀ ਲਾਡਲੀਏ...। ਲਾਡਲੀਏ.




**ਹਰਮਨਪ੍ਰੀਤ ਸਿੰਘ**

ਮੱਘਰ ਮਾਹ ਦੇਸੀ ਮਹੀਨੇ ਦਾ ਨੌਵਾਂ ਤੇ ਅੰਗਰੇਜ਼ੀ ਮਹੀਨੇ ਦੇ ਹਿਸਾਬ ਨਾਲ ਅੱਧ ਨਵੰਬਰ ਤੋਂ ਸ਼ੁਰੂ ਹੋ ਕੇ ਅੱਧ ਦਸੰਬਰ ਤੱਕ ਦਾ ਹੁੰਦਾ ਹੈ। ਇਸ ਤੋਂ ਪਹਿਲਾ ਆਇਆ ਕੱਤਕ ਮਾਹ ਤੇਜ਼ੀ ਨਾਲ ਸਿਆਲੂ ਰੁੱਤਾਂ ਵੱਲ ਵਧਣ ਤੇ ਮੌਸਮੀ ਤਬਦੀਲੀ ਦੀ ਆਗਾਜ਼ ਦਾ ਸੁਨੇਹਾ ਮਿੰਨੀਆਂ-ਮਿੰਨੀਆਂ ਠੰਢੀਆਂ ਹੋਈਆਂ ਦਿਨ ਤੇ ਰਾਤਾਂ ਨਾਲ ਦੇ ਜਾਂਦਾ ਹੈ। ਮੱਘਰ ਮਾਹ ਸਿਆਲ ਰੁੱਤ ਦੀਆਂ ਸ਼ੀਤ ਲਹਿਰਾਂ, ਦਿਨ-ਰਾਤ ਪੈਂਦੀਆਂ ਧੁੰਦਾਂ ਦੇ ਨਾਲ-ਨਾਲ ਪਹਿਲੇ ਪਹਿਰ ਫੁੱਲ-ਬੂਟਿਆਂ 'ਤੇ ਪਈ ਤਰੇਲ ਦੇ ਖੂਬਸੂਰਤ ਦ੍ਰਿਸ਼ ਆਪਣੇ ਨਾਲ ਲੈ ਆਉਂਦਾ ਹੈ।

ਮੱਘਰ ਮਾਹ ਦੀਆਂ ਠੰਢੀਆਂ ਤੇ ਲੰਮੇਰੀਆਂ ਰਾਤਾਂ ਮਨੁੱਖੀ ਮਨ 'ਚ ਪ੍ਰਭੂ ਪ੍ਰੇਮ ਦਾ ਬੀਜ ਪੁੰਗਰਨ ਤੇ ਉਸ ਸਾਹਿਬ, ਹਰੀ, ਪ੍ਰਭੂ ਮਿਲਾਪ ਦੀ ਤਾਂਘ ਪੈਦਾ ਹੁੰਦੀ ਹੈ ਤੇ ਇਹ ਰੂਹਾਨੀ ਨਜ਼ਾਰੇ ਮਨੁੱਖੀ ਮਨ ਨੂੰ ਮੋਹ ਲੈਂਦੇ ਹਨ। ਮੱਘਰ ਮਾਹ ਦੇ ਇਹ ਨਜ਼ਾਰੇ ਉਹ ਮਨੁੱਖ ਹੀ ਮਹਿਸੂਸ ਕਰ ਸਕਦਾ ਹੈ ਜੋ ਇਨ੍ਹਾਂ ਠੰਢੀਆਂ-ਮਿੱਠੀਆਂ ਰਾਤਾਂ 'ਚ ਪ੍ਰਭੂ ਸਿਮਰਨ 'ਚ ਲੀਨ ਹੋਇਆ ਹੋਵੇ। ਮੱਘਰ ਮਾਹ ਮਨੁੱਖੀ ਮਨ ਦਾ ਅੰਦਰੋਂ ਮਘਣ ਤੇ ਪ੍ਰਭੂ ਮਿਲਾਪ ਦਾ ਮਹੀਨਾ ਮੰਨਿਆ ਜਾਂਦਾ ਹੈ। ਮੱਘਰ ਮਾਹ ਨੂੰ ਆਧਾਰ ਬਣਾ ਕੇ ਬਾਰਹਮਾਹ ਤੁਖਾਰੀ ਰਾਗ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ;

ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥
ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥
ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥
ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥

ਭਾਵ ਮੱਘਰ ਦਾ ਮਹੀਨਾ ਉਨ੍ਹਾਂ ਨੂੰ ਭਾਉਂਦਾ ਹੈ ਜਿਸ ਜੀਵ-ਇਸਤਰੀ ਦੇ ਹਿਰਦੇ ਵਿੱਚ ਪ੍ਰਭੂ ਆ ਵੱਸਦਾ ਹੈ। ਪ੍ਰਭੂ-ਪਤੀ ਗੁਣਵਾਨ ਜੀਵ-ਇਸਤਰੀ ਨੂੰ ਪਿਆਰਾ ਲੱਗਦਾ ਹੈ ਜੋ ਉਸ ਦੇ ਗੁਣ ਯਾਦ ਕਰਦੀ ਰਹਿੰਦੀ ਹੈ। ਉਹ ਪ੍ਰਭੂ-ਪਤੀ, ਸਿਰਜਣਹਾਰ ਹੀ ਜੋ ਚਤੁਰ ਹੈ, ਸਿਆਣਾ ਹੈ ਤੇ ਸਦਾ ਹੀ ਕਾਇਮ ਰਹਿਣ ਵਾਲਾ ਹੈ, ਉਸ ਤੋਂ ਬਿਨਾਂ ਸਾਰਾ ਜਗਤ ਤਾਂ ਨਾਸ਼ਵਾਨ ਹੈ। ਜਿਸ ਅੰਦਰ ਨਾਮ ਰੂਪੀ ਸ਼ਬਦ ਦਾ ਟਿਕਾਅ ਹੋ ਜਾਂਦਾ ਹੈ, ਉਸ ਨੂੰ ਪ੍ਰਭੂ ਦੀ ਰਜ਼ਾ ਅਨੁਸਾਰ ਸਭ ਚੰਗਾ ਲੱਗਣ ਲੱਗ ਪੈਂਦਾ ਹੈ। ਪ੍ਰਭੂ- ਪਤੀ ਦੀ ਸਿਫ਼ਤ-ਸਾਲਾਹ ਦੇ ਗੀਤ ਸੁਣ ਸੁਣ ਕੇ ਪ੍ਰਭੂ ਦੇ ਨਾਮ ਵਿੱਚ ਲੀਨ ਹੋ ਕੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਹੇ ਨਾਨਕ! ਉਹ ਜੀਵ-ਇਸਤਰੀ ਪ੍ਰਭੂ-ਪਤੀ ਨੂੰ ਪਿਆਰੀ ਹੋ ਜਾਂਦੀ ਹੈ ਅਤੇ ਉਹ ਆਪਣਾ ਆਪ ਪਿਆਰੇ ਪ੍ਰਭੂ-ਪਤੀ ਅੱਗੇ ਭੇਟ ਕਰਦੀ ਹੈ।

ਮੱਘਰ ਮਾਹ ਨੂੰ ਵਿਚਰਦਿਆਂ ਕੰਤ ਮਹੇਲੀ ਬਾਰਹਮਾਹ 'ਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਫਰਮਾਉਂਦੇ ਹਨ;

ਰੋਂਦਿਆਂ ਮੱਘਰ ਆ ਪਹੁੰਚਾ, ਰੁੱਤਾਂ ਠੰਢੀਆਂ ਆਈਆਂ
ਭ੍ਰਾਏ ਲੇਫ ਤੁਲਾਈਆਂ, ਕੰਤਾਂ ਵਾਲੀਆਂ ਸਹੀਆਂ।
ਢੱਠੀ ਕੂੰਜ ਜਿਉਂ ਡਾਰੋਂ, ਆਪਣੇ ਕੰਤੋਂ ਵਿਛੁੰਨੀ
ਲੁੱਛਾਂ ਤੜਫਾਂ ਤੇ ਲੁੱਛਾਂ, ਕੂਕਾਂ ਕੂਕ ਕੁਰਲਈਆਂ।

ਭਾਈ ਸਾਹਿਬ ਜੀ ਨਾਮ ਸਿਮਰਨ ਰਾਹੀਂ ਪ੍ਰਭੂ ਪਤੀ ਦੇ ਮਿਲਾਪ ਦੀ ਗੱਲ ਕਰਦਿਆਂ ਆਖਦੇ ਹਨ ਕਿ ਪ੍ਰਭੂ ਪਤੀ ਦੇ ਮਿਲਾਪ ਦੀ ਤਾਂਘ 'ਚ ਵਿਛੋੜੇ 'ਚ ਰੋਂਦਿਆਂ ਠੰਢੀਆਂ ਰੁੱਤਾਂ ਦਾ ਮਹੀਨਾ ਮੱਘਰ ਆ ਗਿਆ। ਜਿਨ੍ਹਾਂ ਜੀਵ ਆਤਮਾਵਾਂ ਨੇ ਆਪਣੇ ਮਨ ਰੂਪੀ ਲੇਫ ਤਲਾਈਆਂ ਨਾਮ ਸਿਮਰਨ ਨਾਲ ਭਰ ਲਏ, ਉਹ ਪ੍ਰਭੂ ਪਤੀ ਵਾਲੀਆਂ ਹੋ ਗਈਆਂ। ਜਿਨ੍ਹਾਂ ਆਪਣੇ ਮਨ ਨੂੰ ਪ੍ਰਭੂ ਪਤੀ ਦੇ ਸਿਮਰਨ 'ਚ ਇਕਾਗਰ ਨਹੀਂ ਕੀਤਾ, ਉਨ੍ਹਾਂ ਦਾ ਮਨ ਇਉਂ ਮਹਿਸੂਸ ਕਰਦਾ ਹੈ ਜਿਵੇਂ ਕੂੰਜ ਜੋ ਕਿ ਇੱਕ ਪੰਛੀ ਹੈ ਆਪਣੇ ਸਾਥੀਆਂ ਦੇ ਝੁੰਡ ਨਾਲੋਂ ਵੱਖ ਹੋ ਜਾਂਦੀ ਹੈ ਤੇ ਉਹ ਇਸ ਵਿਛੋੜੇ ਨੂੰ ਨਾ ਸਹਾਰਦੀ ਹੋਈ ਤੜਫ਼ਦੀ ਹੈ, ਕੁਰਲਾਉਂਦੀ ਹੈ, ਇਸੇ ਤਰ੍ਹਾਂ ਜੀਵ ਆਤਮਾਵਾਂ ਵੀ ਆਪਣੇ ਪ੍ਰਭੂ ਪਤੀ ਦੇ ਮਿਲਾਪ 'ਚ ਤੇ ਵਿਛੋੜੇ 'ਚ ਕੁਰਲਾਉਂਦੀਆਂ ਹਨ। ਇਹ ਉਹ ਹੀ ਮੱਘਰ ਮਾਹ ਹੈ ਜਿਸ ਵਿੱਚ ਉੱਚ ਕੋਟੀ ਦੇ ਵਿਦਵਾਨ, ਪੰਜਾਬੀ ਕਵੀ ਅਤੇ ਪੰਜਾਬੀ ਸਾਹਿਤ ਦੇ ਮੋਢੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਜਨਮ ਦਿਵਸ ਆਉਂਦਾ ਹੈ ਜੋ ਕਿ ਦੇਸੀ ਮਾਹ ਅਨੁਸਾਰ 20 ਮੱਘਰ ਬਣਦਾ ਹੈ ਅਤੇ ਅੰਗਰੇਜ਼ੀ ਮਹੀਨੇ ਅਨੁਸਾਰ 5 ਦਸੰਬਰ ਬਣਦਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਕਵਿਤਾ ਅਤੇ ਮਹਾਂਕਾਵਿ ਤੋਂ ਇਲਾਵਾ ਵਾਰਤਕ ਵਿੱਚ ਨਾਵਲ, ਨਾਟਕ, ਜੀਵਨੀਆਂ, ਸਾਖੀਆਂ ਆਦਿ ਦੀ ਰਚਨਾ ਕਰਨ ਦੀ ਪਹਿਲ ਕੀਤੀ ਸੀ।

ਕੁਦਰਤ ਕਈ ਰੰਗ ਵਟਾਉਂਦੀ ਹੈ ਤੇ ਇਸ ਕੁਦਰਤ ਦੀ ਕਾਇਨਾਤ 'ਚ ਵਿਚਰਦਿਆਂ ਮਨੁੱਖ ਇਨ੍ਹਾਂ ਰੰਗਾ ਦਾ ਅਨੰਦ ਮਾਣਦਾ ਹੈ। ਮੱਘਰ ਮਾਹ ਆਪਣੇ ਨਾਲ ਮੌਸਮੀ ਤਬਦੀਲੀ ਲਿਆ ਕੇ ਮਨੁੱਖੀ ਮਨ 'ਚ ਵੀ ਤਬਦੀਲੀ ਲਿਆਉਣ ਦਾ ਕੰਮ ਕਰਦਾ ਹੈ। ਇਸ ਮਹੀਨੇ 'ਚ ਆਈ ਮੌਸਮੀ ਤਬਦੀਲੀ ਕਾਰਨ ਹੋਈਆਂ ਠੰਢੀਆਂ ਰਾਤਾਂ ਪ੍ਰਭੂ ਪ੍ਰੇਮ 'ਚ ਭਿੱਜੀਆਂ ਰੂਹਾਂ, ਪ੍ਰਭੂ ਭਗਤੀ ਦੇ ਰੰਗ 'ਚ ਰੰਗੀਆਂ ਜਾਂਦੀਆਂ ਹਨ। ਮੱਘਰ ਮਾਹ ਦੀ ਸਰਦ ਰੁੱਤ 'ਚ ਜਦੋਂ ਸਰਘੀ ਵੇਲੇ ਸੂਰਜ ਦੀ ਟਿੱਕੀ ਆਪਣੀ ਲਾਲੀ ਨਾਲ ਇਸ ਕੁਦਰਤ ਦੀ ਕਾਇਨਾਤ 'ਚ ਹਾਜ਼ਰੀ ਲਵਾਉਂਦੀ ਹੈ ਤਾਂ ਚਹੁੰ ਪਾਸੀ ਕਾਇਨਾਤ ਰੰਗ ਖਿਡਾਉਂਦੀ ਨਜ਼ਰੀ ਪੈਂਦੀ ਹੈ। ਮੱਘਰ ਮਾਹ 'ਚ ਸਾਉਣੀ ਦੀਆਂ ਫ਼ਸਲਾਂ ਜਿਵੇਂ ਝੋਨਾ, ਕਪਾਹ, ਨਰਮਾ, ਮੱਕੀ, ਬਾਜਰਾ ਆਦਿ ਵਾਢੀ ਮਗਰੋਂ ਫ਼ਸਲ ਦੀ ਸਾਂਭ ਸੰਭਾਲ ਮਗਰੋਂ ਕਿਸਾਨ ਖਾਲੀ ਹੋਏ ਖੇਤਾਂ ਨੂੰ ਮੁੜ ਹਰਿਆ-ਭਰਿਆ ਕਰਨ ਲਈ ਹਾੜ੍ਹੀ ਦੀਆਂ ਫ਼ਸਲਾਂ ਜਿਵੇਂ ਕਣਕ, ਜੌਂ, ਛੋਲੇ, ਸਰ੍ਹੋਂ ਦੀ ਬੀਜਾਈ ਆਦਿ ਲਈ ਮੱਘਰ ਮਾਹ ਦੇ ਚੜ੍ਹਦੇ ਹੀ ਤਿਆਰੀ ਕਰਨਾ ਸ਼ੁਰੂ ਕਰ ਦਿੰਦਾ ਹੈ। ਸੱਚ ਜਾਣਿਓ ਖਾਲੀ ਹੋਏ ਖੇਤਾਂ 'ਚ ਜਦੋਂ ਸੂਰਜ ਦੀ ਪਹਿਲੀ ਕਿਰਨ ਧਰਤੀ ਦੀ ਹਿੱਕ 'ਤੇ ਪੈਂਦੀ ਹੈ ਤਾਂ ਇਉਂ ਜਾਪਦਾ ਹੈ ਕਿ ਉਹ ਸੂਰਜ ਦੀ ਕਿਰਨ ਧਰਤੀ ਦੀ ਹਿੱਕ 'ਚ ਲੁਕੇ ਬੀਜਾਂ ਨੂੰ ਪੁੰਗਰਨ ਦਾ ਗੁਰ ਦੱਸਦੀ ਹੋਵੇ। ਮੱਘਰ 'ਚ ਕੋਈ ਜ਼ਿਆਦਾ ਤਿੱਥ-ਤਿਉਹਾਰ ਤਾਂ ਨਹੀਂ ਆਉਂਦੇ, ਪ੍ਰੰਤੂ ਪੰਜਾਬ ਤੇ ਇਸ ਦੇ ਨਾਲ ਲੱਗਦੇ ਇਲਾਕਿਆਂ 'ਚ ਮਾਹੌਲ ਤਿਉਹਾਰਾਂ ਵਰਗਾ ਹੀ ਰਹਿੰਦਾ ਹੈ ਕਿਉਂਕਿ ਇਸ ਸਿਆਲੂ ਰੁੱਤ 'ਚ ਆਇਆ ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਦਾ ਕਈ-ਕਈ ਦਿਨ ਆਂਢ-ਗੁਆਂਢ 'ਚ ਆਦਾਨ-ਪ੍ਰਦਾਨ ਚੱਲਦਾ ਰਹਿੰਦਾ ਹੈ।

(ਬਾਕੀ ਸਫ਼ਾ 27 'ਤੇ)

113ਵੇਂ ਸਥਾਪਨਾ ਵਰ੍ਹੇ 'ਤੇ ਵਿਸ਼ੇਸ਼

# ਅਮਰੀਕਾ 'ਚ ਸਿੱਖਾਂ ਦੀ ਪਹਿਲੀ ਸੰਸਥਾ

## ਪੈਸੇਫਿਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ, ਕੈਲੀਫੋਰਨੀਆ



ਡਾ. ਗੁਰਵਿੰਦਰ ਸਿੰਘ



ਅਮਰੀਕਾ ਵਿੱਚ ਸਿੱਖਾਂ ਦੀ ਪਹਿਲੀ ਸੰਸਥਾ ਪੈਸੇਫਿਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ ਗੁਰਦੁਆਰਾ ਸਾਹਿਬ ਦੀ ਸਥਾਪਨਾ 1912 ਵਿੱਚ ਕੀਤੀ ਗਈ। ਸਿੱਖੀ ਵਿਰਸੇ, ਗੁਰਬਾਣੀ ਦੀ ਪ੍ਰੇਰਨਾ ਅਤੇ ਜ਼ੁਲਮ ਖ਼ਿਲਾਫ਼ ਲੜਨ ਦੀ ਭਾਵਨਾ ਗਦਰੀ ਬਾਬਿਆਂ ਨੂੰ ਆਰੰਭ ਵਿੱਚ ਇੱਥੋਂ ਹੀ ਮਿਲੀ, ਜਿਸ ਨੇ ਅੱਗੇ ਜਾ ਕੇ ਗ਼ਦਰ ਲਹਿਰ ਨੂੰ ਜਨਮ ਦਿੱਤਾ। ਇਉਂ ਗ਼ਦਰ ਪਾਰਟੀ, ਗ਼ਦਰ ਲਹਿਰ ਅਤੇ ਗ਼ਦਰ ਅਖ਼ਬਾਰ ਦੀ ਪ੍ਰੇਰਨਾ-ਸਰੋਤ ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ ਹੋ ਨਿਬੜਦੀ ਹੈ। ਦਰਅਸਲ ਉੱਤਰੀ ਅਮਰੀਕਾ ਦੀ ਧਰਤੀ 'ਤੇ ਪੰਜਾਬੀ ਵੀਹਵੀਂ ਸਦੀ ਦੇ ਆਰੰਭ ਵਿੱਚ ਵਸਣੇ ਸ਼ੁਰੂ ਹੋਏ। ਬੇਸ਼ੱਕ ਉਨ੍ਹਾਂ ਦਾ ਆਉਣਾ ਰੋਜ਼ੀ-ਰੋਟੀ ਦੀ ਭਾਲ ਦਾ ਮਸਲਾ ਬਣਿਆ, ਪਰ ਕੈਨੇਡਾ ਅਤੇ ਅਮਰੀਕਾ ਆ ਕੇ ਉਨ੍ਹਾਂ ਮਿਹਨਤ-ਮੁਸ਼ੱਕਤ ਨਾਲ ਨਵੇਂ ਇਤਿਹਾਸ ਸਿਰਜ ਦਿੱਤੇ। ਪੈਸੇਫਿਕ ਰੇਲਵੇ ਲਈ ਲਾਈਨਾਂ ਵਿਛਾਉਣ, ਖਾਣਾਂ ਵਿਚੋਂ ਧਾਤਾਂ ਲਈ ਖੁਦਾਈ ਕਰਨ ਅਤੇ ਜੰਗਲ ਕੱਟਣ ਆਦਿ ਦੇ ਸਖ਼ਤ ਕੰਮਾਂ ਨੂੰ ਪੰਜਾਬੀਆਂ ਨੇ ਚੁਣੌਤੀ ਸਹਿਤ ਅਪਣਾਇਆ। ਉਨ੍ਹਾਂ ਆਪਣੀ ਰਿਹਾਇਸ਼ ਘੋੜਿਆਂ ਦੀਆਂ ਬਾਰਨਾਂ ਅਤੇ ਬੰਕ ਹਾਊਸਾਂ ਵਿੱਚ ਕੀਤੀ ਅਤੇ ਅਨੇਕਾਂ ਮੁਸ਼ਕਿਲਾਂ ਦੇ ਬਾਵਜੂਦ ਹੌਸਲਾ ਨਾ ਹਾਰਿਆ।

ਨਸਲਵਾਦ ਅਤੇ ਬਸਤੀਵਾਦੀ ਦੈਂਤ ਨਾਲ ਲੜਦਿਆਂ ਹੋਇਆਂ ਵੀ ਮੋਢੀ ਸਿੱਖ ਆਗੂਆਂ ਨੇ ਕਦੇ ਹੌਸਲਾ ਨਾ ਛੱਡਿਆ ਅਤੇ ਸਦਾ ਚੜ੍ਹਦੀ ਕਲਾ ਵਿੱਚ ਰਹੇ। ਨਿੱਕੀਆਂ ਨਿੱਕੀਆਂ ਕੁੱਲੀਆਂ ਵਿੱਚ ਵਸਦੇ ਪੰਜਾਬੀਆਂ ਨੇ ਮਿਹਨਤ ਮੁਸ਼ੱਕਤ ਦੇ ਨਾਲ-ਨਾਲ, ਧਾਰਮਿਕ ਭਾਵਨਾ ਦੀ ਪੂਰਤੀ ਲਈ ਗੁਰਬਾਣੀ ਦਾ ਓਟ ਆਸਰਾ ਲੈ ਕੇ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਉਪਦੇਸ਼ ਵਿਦੇਸ਼ਾਂ ਵਿੱਚ ਰਹਿੰਦਿਆਂ ਵੀ ਹਿਰਦੇ ਵਿੱਚ ਵਸਾਇਆ ਹੋਇਆ ਸੀ। ਤਨ ਦੀ ਖ਼ੁਰਾਕ ਲਈ ਜਿੱਥੇ ਰੁੱਖੀ-ਸੁੱਖੀ ਖਾ ਕੇ ਵੀ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ, ਉੱਥੇ ਆਤਮਾ ਦੀ ਖ਼ੁਰਾਕ ਵਜੋਂ ਗੁਰਬਾਣੀ ਦਾ ਆਸਰਾ ਲੈਣ ਲਈ ਭਾਈ ਅਰਜੁਨ ਸਿੰਘ ਮਲਿਕ ਵੱਲੋਂ 1904 ਵਿੱਚ ਕੈਨੇਡਾ ਦੀ ਧਰਤੀ 'ਤੇ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆ ਕੇ ਕੌਮੀ ਉਪਕਾਰ ਕੀਤਾ ਗਿਆ।

ਹੁਣ ਉਨ੍ਹਾਂ ਇੱਕ ਅਜਿਹੀ ਸਾਂਝੀ ਜੱਥੇਬੰਦੀ ਦੀ ਲੋੜ ਮਹਿਸੂਸ ਕੀਤੀ, ਜਿਸ ਰਾਹੀਂ ਧਾਰਮਿਕ ਭਾਵਨਾਵਾਂ ਦੇ ਨਾਲ-ਨਾਲ ਸਭਿਆਚਾਰਕ ਰਿਸ਼ਤਿਆਂ, ਸਮਾਜਿਕ ਸੰਬੰਧਾਂ ਅਤੇ ਭਾਸ਼ਾਈ ਸਾਂਝ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। 22 ਜੁਲਾਈ 1906 ਨੂੰ ਕੈਨੇਡਾ ਦੀ ਧਰਤੀ 'ਤੇ 'ਖ਼ਾਲਸਾ ਦੀਵਾਨ ਸੁਸਾਇਟੀ' ਵੈਨਕੂਵਰ ਜੱਥੇਬੰਦੀ ਦੀ ਨੀਂਹ ਰੱਖੀ ਗਈ, ਜਿਸ ਨੇ ਅੱਗੇ ਜਾ ਕੇ ਨਾ ਸਿਰਫ਼ ਸਿੱਖਾਂ ਲਈ ਧਾਰਮਿਕ ਮੰਚ ਹੀ ਪ੍ਰਦਾਨ ਕੀਤਾ, ਸਗੋਂ ਵਿਦੇਸ਼ਾਂ ਦੀ ਧਰਤੀ ਤੋਂ ਅਨਿਆਂ, ਜ਼ੁਲਮ, ਧੱਕੇਸ਼ਾਹੀ, ਬੇਇਨਸਾਫ਼ੀ ਅਤੇ ਅਣਮਨੁੱਖੀ ਵਰਤਾਰੇ ਖ਼ਿਲਾਫ਼ ਇਤਿਹਾਸਕ ਸੰਘਰਸ਼ ਨੂੰ ਵੀ ਜਨਮ ਦਿੱਤਾ।

ਇੱਥੇ ਇਹ ਦੱਸਣਾ ਵਾਜਬ ਹੋਏਗਾ ਕਿ ਖ਼ਾਲਸਾ ਦੀਵਾਨ ਸੰਸਥਾਂਵਾਂ ਦਾ ਜਨਮ ਸਿੰਘ ਸਭਾ ਲਹਿਰ ਦੇ ਵਿੱਚੋਂ ਹੋਇਆ ਹੈ। ਪਹਿਲਾਂ ਸੰਨ 1873 ਨੂੰ ਸਿੰਘ ਸਭਾ ਲਹਿਰ, ਸਿੱਖਾਂ ਦੀ ਪੁਨਰ-ਸੁਰਜੀਤੀ ਦੇ ਰੂਪ ਵਿੱਚ ਆਰੰਭ ਹੋਈ, ਜਿਸ ਨੇ ਸਮੇਂ ਦੇ ਈਸਾਈ ਮਿਸ਼ਨਰੀਆਂ ਅਤੇ ਆਰੀਆ ਸਮਾਜੀਆਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ, ਸਿੱਖਾਂ ਨੂੰ ਆਪਣੇ ਇਤਿਹਾਸ, ਵਿਰਸੇ ਅਤੇ ਗੁਰਬਾਣੀ ਨਾਲ ਜੁੜਨ ਲਈ ਉਤਸ਼ਾਹਤ ਕੀਤਾ। ਸਿੰਘ ਸਭਾ ਲਹਿਰ ਵਿੱਚੋਂ ਜਨਮੀਆਂ ਸੰਸਥਾਵਾਂ ਵਿੱਚੋਂ ਇੱਕ ਪ੍ਰਮੁੱਖ ਸੰਸਥਾ 'ਖ਼ਾਲਸਾ ਦੀਵਾਨ' ਸੀ, ਜਿਸ ਨੇ ਵਿੱਦਿਆ ਦਾ ਪ੍ਰਚਾਰ ਕੀਤਾ ਅਤੇ ਵਿਦੇਸ਼ਾਂ ਵਿੱਚ ਗੁਰਦੁਆਰੇ ਕਾਇਮ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ।

ਵੀਹਵੀਂ ਸਦੀ ਦੇ ਆਰੰਭ ਵਿੱਚ ਕੈਨੇਡਾ, ਅਮਰੀਕਾ, ਹਾਂਗਕਾਂਗ ਸਮੇਤ ਵੱਖ-ਵੱਖ ਦੇਸ਼ਾਂ 'ਚ ਸਥਾਪਤ ਹੋਏ ਮੁੱਢਲੇ ਗੁਰਦੁਆਰਿਆਂ ਦੇ ਨਾਂ 'ਖ਼ਾਲਸਾ ਦੀਵਾਨ' ਹੀ ਮਿਲਦੇ ਹਨ। ਇਹ ਗੁਰਦੁਆਰੇ ਅੱਗੇ ਜਾ ਕੇ ਦੇਸ਼ ਦੀ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਦਾ ਆਧਾਰ ਬਣੇ। ਇਹ ਵੀ ਸੱਚ ਹੈ ਕਿ ਸਿੰਘ ਸਭਾ ਲਹਿਰ 'ਚੋਂ ਪੈਦਾ ਹੋਏ ਇੱਕ ਧੜੇ ਦੀ ਸਰਕਾਰ ਪੱਖੀ ਸੋਚ ਅਤੇ ਚੀਫ਼ ਖ਼ਾਲਸਾ ਦੀਵਾਨ ਦੀ ਅੰਗਰੇਜ਼ਾਂ ਪੱਖੀ ਪਹੁੰਚ ਦਾ, ਕੈਨੇਡਾ ਅਮਰੀਕਾ ਆਦਿ ਦੀਆਂ ਖ਼ਾਲਸਾ ਦੀਵਾਨ ਜਥੇਬੰਦੀਆਂ ਨੇ ਸਖ਼ਤ ਵਿਰੋਧ ਕੀਤਾ ਸੀ।

ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਸੇਵਾਦਾਰਾਂ ਵੱਲੋਂ, ਸਮੇਂ-ਸਮੇਂ ਦੀਆਂ ਸਰਕਾਰਾਂ ਖ਼ਿਲਾਫ਼ ਸਿੱਖ ਸੰਘਰਸ਼ ਦੇ ਯੋਧਿਆਂ ਦੀ, ਕੁਰਬਾਨੀ ਦੀ ਵਿਰਾਸਤ ਤੋਂ ਸੇਧ ਲੈ ਕੇ, ਵਤਨ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤ ਕਰਵਾਉਣ ਲਈ ਜਨ-ਸ਼ਕਤੀ ਅਤੇ ਮਾਲੀ ਸਹਾਇਤਾ ਰਾਹੀਂ, ਆਜ਼ਾਦੀ ਦੀਆਂ ਲਹਿਰਾਂ ਦੀ ਅਗਵਾਈ ਕੀਤੀ ਜਾਂਦੀ ਰਹੀ।

ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿ ਸੰਨ 1906 ਵਿੱਚ ਵੈਨਕੂਵਰ ਸ਼ਹਿਰ ਅੰਦਰ ਪਹਿਲੀ ਕੇਂਦਰੀ ਸੰਸਥਾ 'ਖ਼ਾਲਸਾ ਦੀਵਾਨ ਸੁਸਾਇਟੀ' ਦੀ ਸਥਾਪਨਾ ਨੇ ਅਜਿਹੇ ਬੀਜ ਬੀਜੇ, ਜਿਨ੍ਹਾਂ ਸਦਕਾ ਮਗਰੋਂ ਗ਼ਦਰ ਪਾਰਟੀ, ਗ਼ਦਰ ਅਖ਼ਬਾਰ ਅਤੇ ਗ਼ਦਰ ਲਹਿਰ ਸਥਾਪਤ ਹੋਏ। ਦੂਸਰੇ ਸ਼ਬਦਾਂ ਵਿੱਚ ਕੈਨੇਡਾ ਦੇ ਮੋਢੀ ਸਿੱਖਾਂ ਦੀ ਪ੍ਰੇਰਨਾ ਸਦਕਾ ਹੀ ਅਮਰੀਕਾ ਵਿੱਚ ਅੱਧਾ ਦਹਾਕਾ ਮਗਰੋਂ ਗ਼ਦਰ ਲਹਿਰ ਦਾ ਮੁੱਢ ਬੱਝਿਆ। ਇੱਥੇ ਵਿਚਾਰਨ ਵਾਲੀ ਵੱਡੀ ਗੱਲ ਇਹ ਹੈ ਕਿ ਕਈ ਇਤਿਹਾਸਕਾਰ ਕੈਨੇਡਾ ਤੋਂ ਗੁਰਬਾਣੀ ਅਤੇ ਸਿੱਖ ਵਿਰਾਸਤ ਤੋਂ ਸੇਧ ਲੈ ਕੇ ਸ਼ੁਰੂ ਹੋਏ, ਨਸਲਵਾਦ ਅਤੇ ਬਸਤੀਵਾਦ ਵਿਰੋਧੀ ਅਤੇ ਆਜ਼ਾਦੀ ਦੇ ਹੱਕ ਦੇ ਸੰਘਰਸ਼ ਨੂੰ, ਗ਼ਦਰ ਪਾਰਟੀ ਦਾ ਸੰਘਰਸ਼ ਕਹਿ ਕੇ ਬਿਆਨਦੇ ਹਨ, ਜਦ ਕਿ ਗ਼ਦਰ ਪਾਰਟੀ ਤਾਂ ਉਸਤੋਂ ਕਈ ਵਰ੍ਹੇ ਮਗਰੋਂ ਕਾਇਮ ਹੁੰਦੀ ਹੈ। ਅਸੀਂ ਇਹ ਤਾਂ ਕਹਿ ਸਕਦੇ ਹਾਂ ਕਿ ਗ਼ਦਰ ਲਹਿਰ ਤੇ ਗ਼ਦਰ ਪਾਰਟੀ ਦੇ ਪ੍ਰੇਰਨਾ-ਸਰੋਤ ਕੈਨੇਡਾ ਦੇ ਸਿੱਖ ਯੋਧੇ ਸਨ, ਪਰ ਇਹ ਕਹਿਣਾ ਉਚਿਤ ਨਹੀਂ ਹੋਏਗਾ ਕਿ ਗ਼ਦਰ ਲਹਿਰ ਤੋਂ ਮੋਢੀ ਸਿੱਖ ਅਤੇ ਆਜ਼ਾਦੀ ਘੁਲਾਟੀਏ ਪ੍ਰੇਰਿਤ ਅਤੇ ਪ੍ਰਭਾਵਿਤ ਹੋਏ।

ਉੱਤਰੀ ਅਮਰੀਕਾ ਦੀ ਧਰਤੀ 'ਤੇ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਲੜਨ ਵਾਲੇ ਮੋਢੀ ਸਿੱਖ ਯੋਧੇ ਭਾਈ ਭਾਗ ਸਿੰਘ ਭਿੱਖੀਵਿੰਡ, ਭਾਈ ਬਲਵੰਤ ਸਿੰਘ ਖੁਰਦਪੁਰ, ਭਾਈ ਮੇਵਾ ਸਿੰਘ ਲੋਪੋਕੇ, ਭਾਈ ਬਦਨ ਸਿੰਘ ਦਲੇਲ ਸਿੰਘ ਵਾਲਾ, ਬਾਬੂ ਹਰਨਾਮ ਸਿੰਘ ਸਾਹਰੀ, ਬੱਬਰ ਕਰਮ ਸਿੰਘ ਦੌਲਤਪੁਰ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਜਗਤ ਸਿੰਘ ਸੁਰ ਸਿੰਘ, ਬੱਬਰ ਹਰੀ ਸਿੰਘ ਸੂੰਢ, ਭਾਈ ਬੀਰ ਸਿੰਘ ਬਾਹੋਵਾਲ, ਬੱਬਰ ਕਰਮ ਸਿੰਘ ਝਿੰਗੜਾਂ, ਭਾਈ ਜਵੰਦ ਸਿੰਘ ਨੰਗਲ, ਭਾਈ ਉਤਮ ਸਿੰਘ ਹਾਂਸ ਅਤੇ ਭਾਈ ਮਿੱਤ ਸਿੰਘ ਪੰਡੋਰੀ ਸਮੇਤ ਅਨੇਕਾਂ ਸੂਰਮੇ, ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਹੀ ਬਿ੍ਰਗਸ਼ ਸਾਮਰਾਜ ਦੀ ਗੁਲਾਮੀ ਅਤੇ ਵਿਦੇਸ਼ਾਂ 'ਚ ਹੋ ਰਹੇ ਨਸਲੀ ਵਿਤਕਰੇ ਖ਼ਿਲਾਫ਼ ਜੂਝਦੇ ਰਹੇ। ਉਨ੍ਹਾਂ ਬਰਾਬਰੀ ਤੇ ਆਜ਼ਾਦੀ ਲਈ ਸਰਕਾਰੀ ਜਬਰ ਨਾਲ ਟੱਕਰ ਲੈਂਦਿਆਂ ਆਜ਼ਾਦੀ ਦਾ ਮੁੱਢ ਬੰਨਿਆ ।








ਚਿੱਟੇ ਨਸਲਵਾਦ ਦੀਆਂ ਅਮਰੀਕਾ ਅੰਦਰ ਵਾਪਰਨ ਵਾਲੀਆਂ ਪ੍ਰਮੁੱਖ ਘਟਨਾਵਾਂ 'ਚੋਂ ਬੈਲਿੰਗਹੈਮ 'ਚ 4 ਸਤੰਬਰ 1907 ਨੂੰ ਭਾਰਤੀਆਂ 'ਤੇ ਯੋਜਨਾਬੱਧ ਹਮਲਾ ਕਰਕੇ, ਸੈਂਕੜਿਆਂ ਦੀ ਗਿਣਤੀ 'ਚ ਉਨ੍ਹਾਂ ਨੂੰ ਸ਼ਹਿਰੋਂ ਬਾਹਰ ਕੱਢਣਾ ਅਤੇ ਪੋਰਟਲੈਂਡ ਨੇੜਲੀ ਸੈਂਟਜ਼ੋਨ ਮਿੱਲ 'ਚ ਅਮਰੀਕੀ ਮਜ਼ਦੂਰਾਂ ਵੱਲੋਂ ਹਮਲਾ ਕੀਤਾ ਜਾਣਾ ਅਤੇ ਪੁਲਿਸ ਵੱਲੋਂ ਰੱਖਿਆ ਦੇ ਪ੍ਰਬੰਧ ਨਾ ਕਰਨਾ ਆਜ਼ਾਦੀ ਲਈ ਹਲੂਣਾ ਪੈਦਾ ਕਰਨ ਵਾਲੇ ਤੱਤ ਕਹੇ ਜਾ ਸਕਦੇ ਹਨ। ਇੱਕ ਹੋਰ ਘਟਨਾ, ਜਿਸ ਦਾ ਜ਼ਿਕਰ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਆਪਣੀ ਆਤਮਕਥਾ 'ਜੀਵਨ ਸੰਗਰਾਮ' ਵਿੱਚ ਵੀ ਕਰਦੇ ਹਨ, ਅਨੁਸਾਰ ਇੱਕ ਵਾਰ ਸੰਤ ਤੇਜਾ ਸਿੰਘ ਮਸਤੂਆਣਾ ਕੈਨੇਡਾ ਤੋਂ ਅਮਰੀਕਾ ਉਨ੍ਹਾਂ ਕੋਲ ਪੁੱਜੇ । ਪੋਰਟਲੈਂਡ ਸ਼ਹਿਰ ਵਿੱਚ ਉਹ ਦੋਵੇਂ 'ਅਮਰੀਕਨ' ਹੋਟਲ 'ਚ ਖਾਣਾ ਖਾਣ ਪੁੱਜੇ, ਪਰ ਹੋਟਲ ਵਾਲਿਆਂ ਉਨ੍ਹਾਂ ਨੂੰ ਦਾਖ਼ਲ ਨਾ ਹੋਣ ਦਿੱਤਾ । ਇਸ ਤਰ੍ਹਾਂ ਹੀ ਉਹ ਕਿਸੇ ਮਿੱਲ 'ਚ ਕੰਮ ਲੈਣ ਵਾਸਤੇ ਗਏ ਤਾਂ ਸੁਪਰਡੈਂਟ ਨੇ ਕਿਹਾ, 'ਕੰਮ ਤਾਂ ਬਹੁਤ ਹੈ ਪਰ ਤੁਹਾਡੇ ਲਈ ਨਹੀਂ'। ਇਸ ਦਾ ਕਾਰਨ ਪੁੱਛਣ 'ਤੇ ਉਸ ਨੇ ਭਾਰਤ ਦੇਸ਼ ਦੀ ਆਬਾਦੀ ਬਾਰੇ ਪੁੱਛ ਲਿਆ । ਬਾਬਾ ਭਕਨਾ ਵਲੋਂ ਇਸ ਦਾ ਉੱਤਰ '30 ਕਰੋੜ' ਦਿੱਤੇ ਜਾਣ 'ਤੇ ਅੱਗਿਉਂ ਉਸ ਨੇ ਦੁਬਾਰਾ ਪੁੱਛਿਆ, '30 ਕਰੋੜ ਆਦਮੀ ਹਨ ਜਾਂ ਭੇਡਾਂ? ਜੇ ਤੁਸੀਂ 30 ਕਰੋੜ ਹੁੰਦੇ ਤਾਂ ਗੁਲਾਮ ਕਿਸ ਤਰ੍ਹਾਂ ਰਹਿੰਦੇ?'

ਦਰਅਸਲ ਇਨ੍ਹਾਂ ਘਟਨਾਵਾਂ ਨੇ ਹੀ ਅਜਿਹੇ ਹਾਲਾਤ ਪੈਦਾ ਕੀਤੇ ਕਿ ਉੱਤਰੀ ਅਮਰੀਕਾ 'ਚ ਖ਼ੁਸ਼ਹਾਲ ਜੀਵਨ ਜਿਊਣ ਲਈ ਆਏ ਗ਼ਦਰੀ ਬਾਬਿਆਂ ਨੇ ਆਪਣੇ ਸੁੱਖ-ਆਰਾਮ ਤਿਆਗ ਕੇ ਆਜ਼ਾਦੀ ਦੇ ਸੰਘਰਸ਼ ਦਾ ਰਾਹ ਅਪਣਾ ਲਿਆ । ਕੈਨੇਡਾ ਦੀਆਂ ਇਨਕਲਾਬੀ ਜੱਥੇਬੰਦੀਆਂ ਵੱਲੋਂ ਸਮੇਂ-ਸਮੇਂ ਕੱਢੇ ਗਏ ਪਰਚਿਆਂ ਤੋਂ ਪ੍ਰੇਰਨਾ ਲੈ ਕੇ ਅਤੇ ਵਿਸ਼ੇਸ਼ ਕਰ ਕੇ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਇਤਿਹਾਸਕ ਦੇਣ ਅਤੇ ਜਾਗਰੂਕ ਲਹਿਰ ਤੋਂ ਸੇਧ ਲੈ ਕੇ, ਅਮਰੀਕਾ ਵਿਚ ਅਜਿਹੇ ਅਮਲ ਅਧੀਨ ਬਾਬਾ ਬਿਸਾਖਾ ਸਿੰਘ ਦਦੇਹਰ ਅਤੇ ਬਾਬਾ ਜਵਾਲਾ ਸਿੰਘ ਠੱਠੀਆਂ ਨੇ ਉਥੇ ਵਸਦੇ ਇਨਕਲਾਬੀਆਂ ਨੂੰ ਜੱਥੇਬੰਦ ਕਰਨਾ ਆਰੰਭ ਕਰ ਦਿੱਤਾ।

ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਤਰਜ਼ 'ਤੇ ਹੀ ਅਮਰੀਕਾ ਵਿੱਚ ਸਿੱਖਾਂ ਦੀ ਪਹਿਲੀ ਸੰਸਥਾ ਪੈਸੇਫਿਕ ਕੋਸਟ 'ਖ਼ਾਲਸਾ ਦੀਵਾਨ ਸੁਸਾਇਟੀ' ਸਟੌਕਟਨ ਗੁਰਦੁਆਰਾ ਸਾਹਿਬ ਦੀ ਸਥਾਪਨਾ 1912 ਵਿੱਚ ਕੀਤੀ ਗਈ। ਵੈਨਕੂਵਰ ਵਰਗੀ ਕੌਮੀ ਜੱਥੇਬੰਦੀ ਖਾਲਸਾ ਦੀਵਾਨ ਸੁਸਾਇਟੀ ਕਾਇਮ ਹੋਣ ਮਗਰੋਂ, ਬਾਬਾ ਸੋਹਣ ਸਿੰਘ ਭਕਨਾ ਨੇ ਹੋਰਨਾਂ ਦੇਸ਼- ਭਗਤਾਂ ਨਾਲ ਮਿਲ ਕੇ ਅਤੇ ਆਜ਼ਾਦੀ- ਪਸੰਦ ਸਮੂਹ ਭਾਈਚਾਰਿਆਂ ਨੂੰ ਇਕ ਸੂਤਰ ਵਿਚ ਪਰੋਂਦਿਆਂ, 21 ਅਪ੍ਰੈਲ 1913 ਨੂੰ ਆਸਟਰੀਆ ਵਿਖੇ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਨਾਂਅ ਦੀ ਜੱਥੇਬੰਦੀ ਕਾਇਮ ਕੀਤੀ, ਜਿਸ ਦਾ ਅੱਗੇ ਜਾ ਕੇ ਨਾਂਅ 'ਗ਼ਦਰ ਪਾਰਟੀ ਮਸ਼ਹੂਰ ਹੋਇਆ।

ਮਾਣ ਵਾਲੀ ਗੱਲ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਬਰਾਬਰੀ ਤੇ ਮਾਨਵੀ ਹੱਕਾਂ ਦੀ ਪਹਿਰੇਦਾਰ ਸੰਸਥਾ ਖਾਲਸਾ ਦੀਵਾਨ ਸੁਸਾਇਟੀ ਸਟਾਕਟਨ ਗੁਰਦੁਆਰਾ ਸਾਹਿਬ ਦੀ ਮਹਾਨ ਦੇਣ ਦੀ ਗੱਲ ਕਰਨੀ ਜਿਥੇ ਵੱਡਾ ਮਹੱਤਵ ਰੱਖਦੀ ਹੈ, ਉਥੇ ਇਹ ਵੀ ਵਿਚਾਰਨ ਦੀ ਲੋੜ ਹੈ ਕਿ ਗ਼ਦਰੀ ਬਾਬਿਆਂ ਨੇ ਜਿਸ ਮੰਤਵ ਲਈ ਕੁਰਬਾਨੀਆਂ ਦਿੱਤੀਆਂ ਸਨ, ਉਹ ਅਜੇ ਵੀ ਸੰਪੂਰਨ ਨਹੀਂ ਹੋਇਆ । ਇਸ ਦੀ ਪ੍ਰਤੱਖ ਮਿਸਾਲ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ 'ਆਜ਼ਾਦ ਭਾਰਤ' 'ਚ ਕਹੇ ਇਨ੍ਹਾਂ ਸ਼ਬਦਾਂ ਤੋਂ ਹੋ ਜਾਂਦੀ ਹੈ ਕਿ ਮੇਰੀ ਪਿੱਠ 'ਚ ਅੰਗਰੇਜ਼ ਕੁੱਬ ਨਹੀਂ ਪਾ ਸਕੇ, ਪਰ ਆਪਣਿਆਂ ਨੇ ਜ਼ਰੂਰ ਪਾ ਦਿੱਤਾ।

ਸਾਮਰਾਜੀ ਤਾਕਤਾਂ, ਫ਼ਿਰਕਾਪ੍ਰਸਤੀ, ਪਰਿਵਾਰਵਾਦ, ਭਿ?ਸ਼ਟਾਚਾਰ, ਡੰਡਾ-ਤੰਤਰ ਅਤੇ ਬੁਰਜ਼ੂਆ ਢਾਂਚਾ ਕਿਸੇ ਨਾ ਕਿਸੇ ਰੂਪ ਵਿੱਚ ਕਾਇਮ ਹੈ । ਪੰਚਾਇਤੀ ਰਾਜ ਦੀ ਥਾਂ ਭਾਈ-ਭਤੀਜਾਵਾਦ ਨੇ ਮੱਲੀ ਹੋਈ ਹੈ । ਅਜੇ ਵੀ ਗ਼ਦਰੀ ਬਾਬਿਆਂ ਦੇ ਪਰਿਵਾਰਾਂ ਨੂੰ ਉਹ ਜੱਦੀ ਸੰਪਤੀਆਂ ਮੋੜੀਆਂ ਨਹੀਂ ਗਈਆਂ, ਜੋ ਅੰਗਰੇਜ਼ਾਂ ਵੇਲੇ ਸਰਕਾਰਾਂ ਵੱਲੋਂ ਕੁਰਕ ਕੀਤੀਆਂ ਗਈਆਂ ਸਨ । ਗ਼ਦਰੀ ਯੋਧਿਆਂ ਦੇ ਪਿੰਡ ਪੱਧਰ 'ਤੇ ਅਜਿਹੇ ਯਾਦਗਾਰੀ ਸਥਾਨ ਨਜ਼ਰ ਨਹੀਂ ਆਉਂਦੇ, ਜੋ ਉਨ੍ਹਾਂ ਦੀ ਘਾਲਣਾ ਬਾਰੇ ਅਗਲੀਆਂ ਪੀੜ੍ਹੀਆਂ ਨੂੰ ਉਤਸ਼ਾਹਿਤ ਕਰ ਸਕਣ । ਵਿਦੇਸ਼ਾਂ ਜਾਂ ਦੇਸ਼ ਅੰਦਰ ਸਰਕਾਰੀ ਇਮਾਰਤਾਂ ਅੰਦਰ ਢੁਕਵੇਂ ਰੂਪ 'ਚ ਗ਼ਦਰੀ ਯੋਧਿਆਂ ਦੀਆਂ ਤਸਵੀਰਾਂ ਨਜ਼ਰ ਨਹੀਂ ਆਉਂਦੀਆਂ। ਗ਼ਦਰੀ ਬਾਬਿਆਂ 'ਚੋਂ 90 ਫ਼ੀਸਦੀ ਪੰਜਾਬੀ ਤੇ ਵਿਸ਼ੇਸ਼ ਕਰਕੇ ਸਿੱਖ ਹੋਣ ਦੇ ਬਾਵਜੂਦ, ਉਨ੍ਹਾਂ ਨੂੰ ਸਿੱਖ ਵਿਰਸੇ, ਇਤਿਹਾਸ, ਸਿੱਖ ਸੱਭਿਆਚਾਰ ਅਤੇ ਗੁਰਬਾਣੀ ਤੋਂ ਵੱਖ ਕਰਕੇ ਨਿਰੇ ਖੱਬੀ ਪੱਖੀ ਅਤੇ ਮਾਰਕਸੀ ਧਾਰਨਾ ਦੇ ਪਾਂਧੀ ਬਣਾ ਕੇ ਪੇਸ਼ ਕਰਨਾ ਇਤਿਹਾਸ ਨਾਲ ਖਿਲਵਾੜ ਵੀ ਹੈ ਅਤੇ ਆਪਣੀ ਵਿਰਾਸਤ ਨਾਲ ਧ੍ਰੋਹ ਕਮਾਉਣਾ ਵੀ। ਇਸ ਤੋਂ ਵੀ ਖ਼ਤਰਨਾਕ ਗੱਲ ਇਹ ਹੈ ਕਿ ਅੱਜ ਭਾਰਤ ਫਾਸ਼ੀਵਾਦ ਦੀ ਜਿਸ ਮੋੜ 'ਤੇ ਪਹੁੰਚ ਚੁੱਕਿਆ ਹੈ, ਉਹ ਅੰਗਰੇਜ਼ ਸਾਮਰਾਜ ਤੋਂ ਵੀ ਖ਼ਤਰਨਾਕ ਹੈ। ਅੰਗਰੇਜ਼ਾਂ ਅੱਗੇ ਮੁਆਫ਼ੀਆਂ ਮੰਗਣ ਵਾਲੇ ਸਾਵਰਕਰ ਨੂੰ ਅੱਜ ਦੇਸ਼ ਭਗਤ ਕਰਾਰ ਦਿੱਤਾ ਜਾ ਰਿਹਾ ਹੈ, ਜਦਕਿ ਮਨੁੱਖੀ ਹੱਕਾਂ ਲਈ ਲੜਨ ਵਾਲੇ ਯੋਧਿਆਂ ਦੇ ਵਾਰਿਸ ਜੇਲ੍ਹਾਂ 'ਚ ਬੰਦ ਹਨ।

(ਬਾਕੀ ਸਫ਼ਾ 27 'ਤੇ)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸਿੱਖ ਸੰਘ (1716-1799)



ਸਿੱਖ ਇਤਿਹਾਸ ਵਿੱਚ 9 ਜੂਨ,1716 ਨੂੰ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਬਿਪਤਾ ਦਾ ਸਮਾਂ ਸੀ। ਮੁਗਲ ਬਾਦਸ਼ਾਹ ਫ਼ਰੁਖਸਈਅਰ ਨੇ ਸਿੰਘਾਂ ਦਾ ਅੰਤ ਕਰਨ ਦਾ ਖ਼ੂਨੀ ਐਲਾਨ ਕੀਤਾ ਕਿ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਇਸਲਾਮ ਕਬੂਲ ਕਰਵਾਇਆ ਜਾਵੇ ਜਾਂ ਸ਼ਹੀਦ ਕਰ ਦਿਤਾ ਜਾਵੇ। ਸਰਹਿੰਦ, ਲਾਹੌਰ ਤੇ ਜੰਮੂ ਦੇ ਸੂਬੇਦਾਰਾਂ ਨੇ ਸਿੱਖਾਂ 'ਤੇ ਬੜੇ ਅਤਿਆਚਾਰ ਕੀਤੇ। ਮਾਝੇ ਨੂੰ ਉਜਾੜ ਦਿਤਾ ਗਿਆ। ਸਿੰਘ 'ਤੱਤ ਖ਼ਾਲਸਾ' ਤੇ 'ਬੰਦਈ ਖ਼ਾਲਸਾ' ਵਿੱਚ ਵੰਡੇ ਹੋਏ ਸਨ। ਸਿੰਘਾਂ ਨੇ ਜੰਗਲਾਂ ਵਿੱਚ ਸ਼ਰਨ ਲੈ ਲਈ। ਸੰਨ 1716-1720 ਤੱਕ ਸਿੰਘ ਲੁਕਵੀਆਂ ਥਾਵਾਂ ਤੋਂ ਪਿੰਡਾਂ ਵਿੱਚ ਪਰਤ ਆਏ। ਉਹ ਅੰਮ੍ਰਿਤਸਰ ਦੀ ਵਿਸਾਖੀ ਅਤੇ ਬੰਦੀਛੋੜ ਦਿਵਸ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਮਨਾਉਣ ਲੱਗੇ ਪਰ ਉਹਨਾਂ ਕੋਲ ਆਪਣੀ ਸੁਰਖਿਆ ਦਾ ਕੋਈ ਪ੍ਰਬੰਧ ਨਹੀਂ ਸੀ। ਉਹਨਾਂ ਦੀ ਕੋਈ ਕੇਂਦਰੀ ਸ਼ਕਤੀ ਨਹੀਂ ਸੀ। ਮਾਤਾ ਸੁੰਦਰੀ ਜੀ ਨੇ 1721 ਵਿੱਚ ਭਾਈ ਮਨੀ ਸਿੰਘ ਜੀ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮੁੱਖ ਗ੍ਰੰਥੀ ਨਿਯੁਕਤ ਕੀਤਾ। ਉਹਨਾਂ ਦੀ ਅਗਵਾਈ ਵਿੱਚ 'ਤੱਤ ਖ਼ਾਲਸਾ' ਅਤੇ 'ਬੰਦਈ ਖ਼ਾਲਸਾ' ਇੱਕ ਹੀ ਤੱਤ ਖ਼ਾਲਸਾ ਹੇਠ ਇੱਕਠੇ ਹੋਏ। ਅਬਦੁਲ ਸਾਮੰਦ ਖਾਨ ਨੂੰ ਮੁਲਤਾਨ ਬਦਲ ਦਿਤਾ ਗਿਆ। ਉਸਦਾ ਪੁੱਤਰ ਖਾਨ ਬਹਾਦਰ ਜਕਰੀਆ ਖਾਨ 1726 ਵਿੱਚ ਪੰਜਾਬ ਦਾ ਸੂਬੇਦਾਰ ਬਣਿਆ। ਉਸਨੇ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿਮ ਚਲਾ ਦਿਤੀ। ਉਸਨੇ ਸਿੰਘਾਂ ਨੂੰ ਸ਼ਹੀਦ ਕਰਨ ਦੇ ਇਨਾਮ ਰੱਖ ਦਿਤੇ। ਵੱਡੀ ਪੱਧਰ 'ਤੇ ਸਿੰਘ ਸ਼ਹੀਦ ਕੀਤੇ ਗਏ। ਸਿੰਘ ਫਿਰ ਲੁਕਵੀਆਂ ਥਾਵਾਂ 'ਤੇ ਚਲੇ ਗਏ। ਸੰਨ 1726 ਵਿੱਚ ਪ੍ਰਸਿੱਧ ਸਰਦਾਰ ਤਾਰਾ ਸਿੰਘ ਵਾਂ ਅਤੇ 22 ਸਾਥੀਆਂ ਵਿਰੁੱਧ 2000 ਦੀ ਫੌਜ਼ ਭੇਜੀ ਗਈ। ਸਿੰਘਾਂ ਨੇ ਸਾਰੀ ਰਾਤ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਦਿਨ ਚੜੇ ਦੁਸ਼ਮਣਾਂ ਨੇ ਉਹਨਾਂ ਸਾਰਿਆਂ ਨੂੰ ਸ਼ਹੀਦ ਕਰ ਦਿਤਾ। ਇਹ ਅਫਵਾਹ ਫੈਲਾ ਦਿਤੀ ਕਿ ਪਿੰਡਾਂ ਵਿਚੋਂ ਸਾਰੇ ਸਿੱਖ ਖਤਮ ਕਰ ਦਿਤੇ ਗਏ ਹਨ। ਇਹਨਾਂ ਸਿੰਘਾਂ ਦੀ ਬਹਾਦਰੀ 'ਤੇ ਲੁਕਵੀਆਂ ਥਾਵਾਂ 'ਤੇ ਬੈਠੇ ਸਿੰਘਾਂ ਵਿੱਚ ਰੋਹ ਜਾਗ ਉਠਿਆ। ਉਹਨਾਂ ਨੂੰ ਪ੍ਰੇਰਣਾ ਮਿਲੀ ਕਿ ਜੇਕਰ 22 ਸਿੰਘ 2000 ਫੌਜ਼ ਦਾ ਮੁਕਾਬਲਾ ਕਰ ਸਕਦੇ ਹਨ ਤਾਂ ਸਾਨੂੰ ਵੀ ਜੁਲਮ ਵਿਰੁੱਧ ਟੱਕਰ ਲੈਣੀ ਚਾਹੀਦੀ ਹੈ। ਉਹ ਲੁਕਵੀਂਆਂ ਥਾਵਾਂ ਤੋਂ ਪਰਤ ਆਏ। ਜਦੋਂ ਸਰਕਾਰੀ ਖ਼ਜ਼ਾਨਾ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾਂਦਾ ਸੀ ਤਾਂ ਸਿੰਘ ਲੁੱਟ ਲੈਂਦੇ ਅਤੇ ਲੁਕਵੀਂਆਂ ਥਾਵਾਂ 'ਤੇ ਚਲੇ ਜਾਂਦੇ। ਇਸ ਤਰਾਂ ਸਿੱਖਾਂ ਨੇ ਸੰਸਾਰ ਦੀ ਸਭ ਤੋਂ ਵੱਡੀ ਗੁਰੀਲਾ ਜੰਗ ਲੜੀ। ਸਿੰਘਾਂ ਨੇ ਜਥਿਆਂ ਵਿੱਚ ਇੱਕਠਾ ਹੋਣਾ ਸ਼ੁਰੂ ਕੀਤਾ। ਹੁਣ ਹਕੂਮਤ ਨੇ ਇਹ ਜਾਣ ਲਿਆ ਸੀ ਕਿ ਸਿੰਘਾਂ ਨੂੰ ਕਾਬੂ ਕਰਨਾ ਅਸੰਭਵ ਹੈ। ਸੰਨ 1733 ਵਿੱਚ ਸਰਦਾਰ ਕਪੂਰ ਸਿੰਘ ਫੈਜ਼ਲਪੁਰੀਆ ਨੂੰ ਨਵਾਬੀ ਅਤੇ ਇੱਕ ਲੱਖ ਸਾਲਾਨਾ ਦੀ ਜਾਗੀਰ ਸੌਂਪੀ ਗਈ ਕਿ ਸਿੰਘ ਵਿਦਰੋਹ ਦਾ ਰਸਤਾ ਛੱਡ ਦੇਣਗੇ ਪਰ ਸਿੰਘ ਤਾਂ ਮੈਦਾਨਾਂ ਵਿੱਚ ਰਹਿਣ ਲੱਗੇ। ਉਹਨਾਂ ਕੋਲ ਪੈਸਾ ਵੀ ਹੋ ਗਿਆ। ਉਹ ਹੁਣ ਤਕ ਸੂਰਬੀਰ ਫੌਜ਼ੀ ਬਣ ਚੁੱਕੇ ਸਨ। ਉਹ ਦੁਸ਼ਮਣ ਨਾਲ ਟੱਕਰ ਲੈਣ ਲਈ ਇੱਕਠੇ ਹੋਣ ਲੱਗੇ।

ਸਿੰਘਾਂ ਦੇ ਦੋ ਦਲ ਸਨ 'ਬੁੱਢਾ ਦਲ' ਅਤੇ 'ਤਰੁਣਾ ਦਲ'। ਬੁੱਢਾ ਦਲ ਵਿੱਚ 40 ਸਾਲ ਤੋਂ ਵੱਧ ਉਮਰ ਦੇ ਸਿੰਘ ਸਨ, ਜੋ ਗੁਰਮਤਿ ਪ੍ਰਚਾਰ, ਅੰਮ੍ਰਿਤ ਸੰਚਾਰ, ਗੁਰਦੁਆਰਾ ਪ੍ਰਬੰਧ, ਸਰਕਾਰ ਦੀਆਂ ਚਾਲਾਂ 'ਤੇ ਨਜ਼ਰ ਰਖਦੇ। ਤਰੁਣਾ ਦਲ ਵਾਸਤੇ ਨੌਜਵਾਨ ਫੌਜ਼ੀਆਂ ਦੀ ਭਰਤੀ ਕਰਦੇ। ਤਰੁਣਾ ਦਲ ਦੇ ਨੌਜਵਾਨਾਂ ਨੇ ਜੰਗੀ ਕਾਰਨਾਮਿਆਂ ਵਿੱਚ ਬੜੀ ਬਹਾਦਰੀ ਵਿਖਾਈ। ਤਰੁਣਾ ਦਲ ਦੀ ਗਿਣਤੀ 12000 ਹੋ ਗਈ। ਸੰਚਾਰੂ ਪ੍ਰਬੰਧ ਚਲਾਉਣ ਲਈ 5 ਧੜਿਆਂ ਵਿੱਚ ਵੰਡਿਆ ਗਿਆ। ਉਹਨਾਂ ਦਾ ਆਪਣਾ ਝੰਡਾ ਅਤੇ ਨਗਾਰਾ ਹੁੰਦਾ ਸੀ। ਉਹਨਾਂ ਦੇ ਅਸਥਾਨ ਸਨ ਰਾਮਸਰ, ਬਿਬੇਕਸਰ, ਲੱਛਮਣਸਰ, ਕੌਲਸਰ, ਸੰਤੋਖਸਰ। ਦੋਵੇਂ ਦਲ ਬੁੱਢਾ ਦਲ ਅਤੇ ਤਰੁਣਾ ਦਲ ਨਵਾਬ ਕਪੂਰ ਸਿੰਘ ਫੈਜ਼ਲਪੁਰੀਆ ਦੀ ਅਗਵਾਈ ਹੇਠ ਦੁਸ਼ਮਣ ਨਾਲ ਟੱਕਰ ਲੈਣ ਲਈ ਤਿਆਰ ਰਹਿੰਦੇ। ਅੱਗੇ ਜਾ ਕੇ 7 ਧੜੇ ਹੋਰ ਮਿਲਾ ਕੇ 12 ਮਿਸਲਾਂ ਹੋਂਦ ਵਿੱਚ ਆਈਆਂ।

ਤਰੁਣਾ ਦਲ ਨੇ ਮੁਗਲਾਂ ਨਾਲ ਭਾਰੀ ਟੱਕਰ ਲਈ। ਬਾਰ-ਦੁਆਬ ਤੋਂ ਸਤਲੁੱਜ ਪਾਰ ਸਰਦਾਰ ਆਲਾ ਸਿੰਘ ਦੀ ਮਦਦ ਕਰਕੇ ਮਾਲਵੇ ਵਿੱਚ ਰਿਆਸਤ ਬਣਾ ਲਈ। ਖਾਨ ਬਹਾਦਰ ਜਕਰੀਆ ਖਾਨ ਨੇ ਦੀਵਾਨ ਲੱਖਪਤ ਰਾਏ ਦੀ ਅਗਵਾਈ ਵਿੱਚ ਸਰਬੱਤ ਖ਼ਾਲਸਾ ਵਿਰੁੱਧ ਫੌਜ਼ ਭੇਜੀ। ਅੰਮ੍ਰਿਤਸਰ 'ਤੇ ਕਬਜ਼ਾ ਕਰ ਲਿਆ। ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨਾਂ 'ਤੇ ਪਾਬੰਦੀ ਲਗਾ ਦਿੱਤੀ ਪਰ ਦੁਸ਼ਮਣ ਸਿੰਘਾਂ ਨੂੰ ਦਬਾ ਨਾ ਸਕੇ। ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕਟਵਾ ਕੇ 1738 ਵਿੱਚ ਸ਼ਹੀਦ ਕਰ ਦਿੱਤਾ ਗਿਆ। ਸਿੰਘਾਂ ਵਿੱਚ ਅਤਿ ਗੁੱਸੇ ਦੀ ਲਹਿਰ ਦੌੜ ਪਈ। ਸੰਨ 1739 ਵਿੱਚ ਨਾਦਰ ਸ਼ਾਹ ਨੇ ਸਿੰਘਾਂ ਦਾ ਡੱਲੇਵਾਲ ਦਾ ਕਿਲਾ ਤਬਾਹ ਕਰ ਦਿੱਤਾ। ਸਿੰਘਾਂ 'ਤੇ ਫਿਰ ਜੁਲਮ ਵਧੇ ਅਤੇ ਸਿੰਘ ਸੁਰਖਿਅਕਤ ਥਾਵਾਂ 'ਤੇ ਚਲੇ ਗਏ।

11 ਅਗਸਤ 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਦਾ ਸਿਰ ਲਾਹ ਦਿੱਤਾ, ਜੋ ਅੰਮ੍ਰਿਤਸਰ ਦਰਬਾਰ ਸਾਹਿਬ ਦੀ ਬੇਅਦਬੀ ਦਾ ਦੋਸ਼ੀ ਸੀ। ਫਿਰ ਪਹਿਲਾ ਛੋਟਾ ਘੱਲੂਘਾਰਾ 1746 ਵਿੱਚ ਕਾਹਨੂੰਵਾਨ (ਗੁਰਦਾਸਪੁਰ) ਵਿਖੇ ਵਾਪਰਿਆ। ਜਿਸ ਵਿੱਚ 7000 ਸਿੰਘ ਸ਼ਹੀਦ ਹੋਏ। ਲਗਭਗ 3000 ਸਿੰਘਾਂ ਨੂੰ ਕੈਦੀ ਬਣਾ ਕੇ ਨਾਖਾਸ ਚੌਂਕ ਦਿੱਲੀ ਗੇਟ ਲਾਹੌਰ ਸ਼ਹੀਦਗੰਜ ਵਿਖੇ ਜਨਤਕ ਤੌਰ 'ਤੇ ਸ਼ਹੀਦ ਕੀਤਾ। ਮੁਗਲਾਂ ਦੀ ਘਰੇਲੂ ਜੰਗ ਵਿੱਚ 11 ਮਾਰਚ 1748 ਨੂੰ ਮੀਰ ਮੰਨੂੰ ਪੰਜਾਬ ਦਾ ਸੂਬੇਦਾਰ ਬਣਿਆ। ਉਹ ਲਾਹੌਰ ਵੱਲ ਵਧਿਆ। ਉਸਨੇ ਕੌੜਾ ਮੱਲ ਨੂੰ ਦੀਵਾਨ ਲਾਹੌਰ ਅਤੇ ਅਦੀਨਾ ਬੇਗ ਨੂੰ ਫੌਜ਼ਦਾਰ ਜਲੰਧਰ ਦੁਆਬ ਬਣਾਇਆ। ਉਸ ਸਮੇਂ ਕੋਈ ਸਥਾਈ ਹਕੂਮਤ ਨਹੀਂ ਸੀ। ਦਿੱਲੀ-ਲਾਹੌਰ ਦੇ ਸਬੰਧ ਸੁਖਾਂਵੇਂ ਨਹੀਂ ਸਨ। ਸਿੰਘਾਂ ਨੂੰ ਮੌਕਾ ਮਿਲਿਆ, ਉਹਨਾਂ 1734 ਵਾਲੇ ਦਲ ਖ਼ਾਲਸਾ ਅਧੀਨ ਇੱਕਠੇ ਹੋ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੈਨਾਪਤੀ ਬਣਾਇਆ। ਸੰਨ 1746-1749 ਤਕ ਸਿੰਘਾਂ ਨੇ ਫੌਜ਼ੀ ਤਾਕਤ ਫੜ ਲਈ ਸੀ। ਮੀਰ ਮੰਨੂ ਨੇ ਸਿੰਘਾਂ 'ਤੇ ਸਖ਼ਤੀ ਵਧਾਈ। 1748 ਵਿੱਚ ਅਦੀਨਾ ਬੇਗ ਫੌਜ਼ਦਾਰ ਜਲੰਧਰ ਦੁਆਬ ਨੂੰ ਸਿੰਘਾਂ ਵਿਰੁੱਧ ਭੇਜਿਆ। ਉਸਨੇ ਅੰਮ੍ਰਿਤਸਰ ਵੱਲ ਵੱਧ ਕੇ ਰਾਮ ਰੌਣੀ ਕਿਲੇ ਨੂੰ ਘੇਰਾ ਪਾ ਲਿਆ। ਸਿੰਘਾਂ ਲਈ ਭਾਰੀ ਫੌਜ਼ ਦਾ ਟਾਕਰਾ ਕਰਨਾ ਔਖਾ ਸੀ। ਜੱਸਾ ਸਿੰਘ ਰਾਮਗੜ੍ਹੀਆ ਉਸ ਵੇਲੇ ਅਦੀਨਾ ਬੇਗ ਦੀ ਫੌਜ਼ ਵਿੱਚ ਸੀ, ਉਹ ਸਿੰਘਾਂ ਵੱਲੋਂ ਲੜਿਆ। ਸਿੰਘਾਂ ਨੇ ਤਗੜੀ ਟੱਕਰ ਦਿੱਤੀ। ਉਸੇ ਵੇਲੇ ਅਹਿਮਦ ਸ਼ਾਹ ਅਬਦਾਲੀ ਵੀ ਪੰਜਾਬ 'ਤੇ ਆਣ ਚੜਿਆ। ਦੀਵਾਨ ਕੌੜਾ ਮੱਲ ਨੇ ਮੀਰ ਮੰਨੂ ਨੂੰ ਕਿਹਾ ਕਿ ਸਿੰਘ ਹਮੇਸ਼ਾ ਸਾਡੇ ਲਈ ਵੰਗਾਰ ਰਹੇ ਹਨ। ਹੁਣ ਸਿੰਘਾਂ ਨਾਲ ਸੰਧੀ ਕਰ ਲਈ ਜਾਵੇ। ਮੀਰ ਮੰਨੂ ਨੇ ਅੰਦਰੂਨੀ ਤੌਰ 'ਤੇ ਸਿੰਘਾਂ ਨਾਲ ਜੰਗ ਜਾਰੀ ਰਖੀ, ਪਰ ਵਕਤੀ ਤੌਰ 'ਤੇ 'ਪੱਟੀ' ਦੀ ਜਗੀਰ ਦੇਣ ਦਾ ਚੌਥਾ ਹਿਸਾ ਦੇਣਾ ਮੰਨ ਲਿਆ। ਅਹਿਮਦ ਸ਼ਾਹ ਅਬਦਾਲੀ 1751 ਵਿੱਚ ਵੱਡੀ ਫੌਜ਼ ਨਾਲ ਆਇਆ। ਉਹ ਲਾਹੌਰ ਬੈਠ ਗਿਆ। ਮਾਰਚ 1752 ਨੂੰ ਜੰਗ ਛਿੜੀ। ਦੀਵਾਨ ਕੌੜਾ ਮੱਲ ਮਾਰਿਆ ਗਿਆ। ਮੀਰ ਮੰਨੂ ਨੂੰ ਕੈਦੀ ਬਣਾ ਲਿਆ ਗਿਆ। ਬਾਅਦ ਵਿੱਚ ਆਪਸੀ ਗੱਲਬਾਤ ਨਾਲ ਮੀਰ ਮੰਨੂ ਨੂੰ ਲਾਹੌਰ ਅਤੇ ਮੁਲਤਾਨ ਦਾ ਸੂਬੇਦਾਰ ਬਣਾ ਦਿੱਤਾ। ਇਸ ਤਰਾਂ ਹੁਣ ਪੰਜਾਬ ਅਫਗਾਨਾਂ ਦੇ ਹੱਥ ਵਿੱਚ ਸੀ। ਮੀਰ ਮੰਨੂ ਨੇ 1749 ਵਿੱਚ ਮਾਖੋਵਾਲ (ਅਨੰਦਪੁਰ) ਵਿਖੇ ਸਿੰਘਾਂ ਨੂੰ ਸ਼ਹੀਦ ਕੀਤਾ। ਅਦੀਨਾ ਬੇਗ ਸਿੱਖਾਂ ਨਾਲ ਨਰਮੀ ਵਰਤਦਾ ਰਿਹਾ ਤੇ ਖਾਨਾਪੂਰੀ ਵਿੱਚ 40-50 ਸਿੰਘਾਂ ਨੂੰ ਹੋਲੀ ਹੋਲੀ ਸ਼ਹੀਦ ਕਰਦਾ ਰਿਹਾ। ਪਰ ਵੱਡਾ ਹਮਲਾ ਮੀਰ ਮੰਨੂ ਨੇ ਆਪ ਕੀਤਾ। ਜਿਸ ਵਿੱਚ ਬਟਾਲਾ ਨੇੜੇ 900 ਸਿੰਘ ਸ਼ਹੀਦ ਕੀਤੇ, ਪਰ ਫਿਰ ਵੀ ਮੰਨੂ ਸਿੰਘਾਂ ਨੂੰ ਖਤਮ ਨਾ ਕਰ ਸਕਿਆ ਕਿਉਂਕਿ ਸਿੰਘਾਂ ਵਿੱਚ ਕੌਮੀ ਚੇਤਨਾ ਆ ਚੁੱਕੀ ਸੀ। ਉਹ ਇੱਕਠੇ ਹੋ ਕੇ ਦੁਸ਼ਮਣ ਦਾ ਸਾਹਮਣਾ ਕਰਦੇ ਸਨ। ਆਮ ਜਨਤਾ ਜਿਵੇਂ ਕਿਸਾਨ, ਮਜ਼ਦੂਰ, ਕਾਰੀਗਰ ਉਹਨਾਂ ਦੀ ਮਦਦ 'ਤੇ ਸਨ। ਉਹ ਗੁਰੀਲਾ ਜੰਗ ਨੀਤੀ ਹੇਠ ਖ਼ਜ਼ਾਨਾ, ਅਨਾਜ਼, ਰਸਦ ਲੁੱਟ ਲੈਂਦੇ ਸਨ। ਨਵੰਬਰ 1753 ਵਿੱਚ ਮੀਰ ਮੰਨੂ ਦੀ ਮੌਤ ਹੋ ਗਈ। ਅਗਲਾ 5 ਸਾਲ ਦਾ ਸਮਾਂ ਰਾਜਨੀਤਕ ਅਰਾਜਕਤਾ ਦਾ ਸਮਾਂ ਸੀ।

ਸੰਨ 1757 ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ 'ਤੇ ਧਾਵਾ ਬੋਲਿਆ। ਉਸਨੇ ਦਿੱਲੀ ਅਤੇ ਲਾਹੌਰ 'ਤੇ ਕਬਜ਼ਾ ਕਰ ਲਿਆ। ਉਸਨੇ ਆਪਣੇ ਪੁੱਤਰ ਤੈਮੂਰ ਖਾਂ ਨੂੰ ਸੂਬੇਦਾਰ ਅਤੇ ਜਹਾਨ ਖਾਂ ਨੂੰ ਉਸਦਾ ਸਹਾਇਕ ਨਿਯੁਕਤ ਕੀਤਾ। ਮਜੀਬ-ਉਲ ਨੂੰ ਮੁਖਤਿਆਰ ਬਣਾਇਆ। ਮੀਰ ਮੰਨੂ ਦੀ ਮੌਤ ਤੋਂ ਬਾਅਦ ਸਿੰਘਾਂ ਨੇ ਛੋਟੀਆਂ ਛੋਟੀਆਂ ਰਿਆਸਤਾਂ ਮਲੀਆਂ। ਤੈਮੂਰ ਖਾਂ ਨੇ ਸਿੰਘਾਂ ਨੂੰ ਦਬਾਉਣ ਲਈ ਅਤਾਈ ਖਾਂ ਅਤੇ ਜਹਾਨ ਖਾਂ ਨੂੰ ਭੇਜਿਆ। ਅੰਮ੍ਰਿਤਸਰ ਦੇ ਨੇੜੇ ਪਿੰਡ ਗੋਹਲਵਾਲ ਵਿਖੇ ਅਫਗਾਨਾਂ ਅਤੇ ਸਿੰਘਾਂ ਵਿਚਕਾਰ ਜੰਗ ਹੋਈ। ਸਿੰਘਾਂ ਦਾ ਕਾਫੀ ਜਾਨੀ ਨੁਕਸਾਨ ਹੋਇਆ। ਤਦ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਹਜ਼ਾਰਾਂ ਅਫਗਾਨਾਂ ਨੂੰ ਮਾਰ ਮੁਕਾਇਆ। ਅੰਤ ਹਰਿਮੰਦਰ ਸਾਹਿਬ ਵਿਖੇ ਪਹੁੰਚ ਕੇ ਸ਼ਹੀਦੀ ਪ੍ਰਾਪਤ ਕੀਤੀ। ਸਿੰਘ ਅਦੀਨਾ ਬੇਗ ਨਾਲ ਰਲ ਗਏ। ਤੈਮੂਰ ਖਾਨ ਨੇ ਜਾਣ ਲਿਆ ਕਿ ਅਦੀਨਾ ਬੇਗ ਨੂੰ ਖਤਮ ਕੀਤੇ ਬਿਨਾਂ ਗਲ ਨਹੀਂ ਬਣਨੀ।

ਅਦੀਨਾ ਬੇਗ ਨੇ ਸਿੰਘਾਂ ਤੇ ਮਰਹਟਿਆਂ ਨਾਲ ਮਿਲਕੇ ਤੈਮੂਰ ਖਾਨ ਨੂੰ ਹਾਰ ਦਿੱਤੀ। ਉਹ ਕਾਬਲ ਪਰਤ ਗਿਆ। ਮਰਾਠਿਆਂ ਨੇ ਅਪ੍ਰੈਲ 1759 ਵਿੱਚ ਪੰਜਾਬ ਰਾਜ ਅਦੀਨਾ ਬੇਗ ਨੂੰ 75 ਲੱਖ ਸਾਲਾਨਾ ਰਾਖੀ 'ਤੇ ਦੇ ਦਿੱਤਾ। ਸੰਨ 1759 ਵਿੱਚ ਅਹਿਮਦ ਸ਼ਾਹ ਅਬਦਾਲੀ ਫਿਰ ਪੰਜਾਬ ਦੇ ਮੈਦਾਨਾਂ ਵਿੱਚ ਉਤਰਿਆ। ਉਹ ਮਰਾਠਿਆਂ ਅਤੇ ਸਿੱਖਾਂ ਤੋਂ ਆਪਣੇ ਪੁੱਤਰ ਤੈਮੂਰ ਖਾਨ ਦੀ ਹਾਰ ਦਾ ਬਦਲਾ ਲੈਣਾ ਚਾਹੁੰਦਾ ਸੀ। ਮਰਾਠਾ ਉਪ ਸੂਬੇਦਾਰ ਸ਼ਾਹਬਾਜੀ ਨੇ ਉਸਦਾ ਵਿਰੋਧ ਨਾ ਕੀਤਾ ਪਰ ਸਿੰਘਾਂ ਨੇ ਉਸ ਨੂੰ ਚੈਨ ਨਾਲ ਨਾ ਬੈਠਣ ਦਿੱਤਾ। ਅਹਿਮਦ ਸ਼ਾਹ ਅਬਦਾਲੀ ਦਿੱਲੀ ਵੱਲ ਚਲਾ ਗਿਆ। ਜਨਵਰੀ 14, 1761 ਨੂੰ ਪਾਣੀਪਤ ਜੰਗ ਵਿੱਚ ਮਰਾਠਿਆਂ ਦੀ ਹਾਰ ਹੋਈ। ਫੈਸਲਾਕੁੰਨ ਜੰਗ ਵਿੱਚ ਭਾਵੇਂ ਅਬਦਾਲੀ ਦੀ ਵੱਡੀ ਜਿੱਤ ਹੋਈ ਪਰ ਸਿੰਘ ਵੀ ਸੰਗਠਿਤ ਹੁੰਦੇ ਜਾ ਰਹੇ ਸਨ।

ਪਾਣੀਪਤ ਦੀ ਜਿੱਤ ਤੋਂ ਬਾਅਦ ਅਬਦਾਲੀ ਕਾਬਲ ਚਲਾ ਗਿਆ। ਦਲ ਖ਼ਾਲਸਾ ਨੇ ਉਸ ਨੂੰ ਬਿਆਸਲੀ ਦਰਿਆ 'ਤੇ ਘੇਰ ਕੇ ਉਸਦਾ ਖ਼ਜਾਨਾ ਲੁੱਟ ਲਿਆ। ਨਾਲ ਹੀ 2000 ਲੜਕੀਆਂ ਨੂੰ ਛੁਡਾ ਕੇ ਉਹਨਾਂ ਦੇ ਘਰ ਭੇਜਿਆ। ਸਤੰਬਰ 1761 ਨੂੰ ਖਵਾਜ਼ਾ ਉਬੈਦ 9000 ਦੀ ਫੌਜ਼ ਨਾਲ ਗੁਜਰਾਂਵਾਲਾ ਵੱਲ ਵਧਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਹਰੀ ਸਿੰਘ ਭੰਗੀ ਅਤੇ ਜੈ ਸਿੰਘ ਘਨਈਆ ਨੇ ਮਿਲਕੇ ਉਸ ਨੂੰ ਕਰਾਰੀ ਹਾਰ ਦਿੱਤੀ। ਗੁਜਰਾਂਵਾਲਾ ਦੀ ਜਿੱਤ ਤੋਂ ਬਾਅਦ ਸਿੰਘ ਲਾਹੌਰ ਵੱਲ ਵਧੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਖ਼ਾਲਸਾ ਨੇ ਉਸ ਨੂੰ ਸੁਲਤਾਨ ਏ ਕੌਮ ਦੀ ਉਪਾਧੀ ਦਿਤੀ। ਉਸਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਧਾ ਵਿੱਚ ਸਿੱਕੇ ਜਾਰੀ ਕੀਤੇ। ਸਿੰਘਾਂ ਨੇ ਦੁਰਾਨੀ ਫੌਜ਼ਦਾਰਾਂ ਜਲੰਧਰ ਦੁਆਬ ਦੇ ਸਾਦਿਕ ਖਾਨ ਅਤੇ ਸਦੀਕ ਖਾਨ ਨੂੰ ਭਾਜੜਾਂ ਪਾ ਦਿਤੀਆਂ। ਫਰਵਰੀ 5,1762 ਨੂੰ "ਵੱਡਾ ਘੱਲੂਘਾਰਾ" ਵਾਪਰਿਆ, ਜਿਸ ਵਿੱਚ 20000 ਦੀ ਵਹੀਰ ਭੁਝੰਗੀ ਸਿੰਘ, ਸਿੰਘ ਸਿੰਘਣੀਆਂ ਤੇ ਬਜ਼ੁਰਗ ਸ਼ਹੀਦ ਹੋਏ, ਜੋ ਬੱਚ ਨਿਕਲੇ, ਉਹ ਬਰਨਾਲਾ ਚਲ ਗਏ। ਅਬਦਾਲੀ ਨੇ ਬਰਨਾਲਾ 'ਤੇ ਕਬਜ਼ਾ ਕਰ ਲਿਆ। ਸਰਦਾਰ ਆਲਾ ਸਿੰਘ ਨੂੰ 6,25,000 ਦੀ ਰਾਖੀ ਭਰਨੀ ਪਈ। ਅਬਦਾਲੀ ਸਰਹਿੰਦ ਤੋਂ ਹੁੰਦਾ ਲਾਹੌਰ ਚਲਾ ਗਿਆ।

ਲਾਹੌਰ ਵੱਲ ਜਾਂਦਿਆਂ ਉਸਨੇ ਰਸਤੇ ਵਿੱਚ ਲੁੱਟ ਮਚਾਈ। ਉਸਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਤਬਾਹ ਕਰ ਦਿੱਤਾ। ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਦਿੱਤਾ। ਸਿੰਘਾਂ ਦੇ ਹੌਂਸਲੇ ਬੁਲੰਦ ਰਹੇ। ਅਕਤੂਬਰ 17, 1762 ਵਿੱਚ ਸਿੰਘ 60,000 ਦੀ ਗਿਣਤੀ ਵਿੱਚ ਅੰਮ੍ਰਿਤਸਰ ਵਿਖੇ ਇੱਕਠੇ ਹੋਏ। ਦੁਸ਼ਮਣਾਂ ਵਿਰੁੱਧ ਜੰਗੀ ਵਿਉਂਤਬੰਦੀ ਬਣਾਈ ਗਈ।

ਅਬਦਾਲੀ ਨੂੰ ਜਦ ਸਿੰਘਾਂ ਦੀ ਤਾਕਤ ਦਾ ਅਹਿਸਾਸ ਹੋਇਆ ਤਾਂ ਉਸ ਨੇ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਸਵੇਰ ਤੋਂ ਲੈ ਕੇ ਰਾਤ ਤਕ ਘਮਸਾਨ ਦੀ ਜੰਗ ਹੋਈ। ਰਾਤ ਦੇ ਹਨੇਰੇ ਵਿੱਚ ਅਬਦਾਲੀ ਭੱਜ ਗਿਆ। ਲਾਹੌਰ ਛੱਡਣ ਵੇਲੇ ਉਹ ਪ੍ਰਬੰਧਕ ਨਿਯੁਕਤ ਕਰ ਗਿਆ। ਸਿੰਘਾਂ ਨੇ ਉਸਦੇ ਹਾਕਮਾਂ ਵਿਰੁੱਧ ਜਦੋ ਜਹਿਦ ਜਾਰੀ ਰੱਖੀ। ਸਿੰਘਾਂ ਨੇ ਜਨਵਰੀ 1764 ਨੂੰ ਸਰਹਿੰਦ 'ਤੇ ਕਬਜ਼ਾ ਕਰ ਲਿਆ।

ਅਕਤੂਬਰ 1764 ਵਿੱਚ ਅਬਦਾਲੀ 18 ਹਜ਼ਾਰ ਦੀ ਫੌਜ਼ ਲੈ ਕੇ ਜਦ ਲਾਹੌਰ ਪੁੱਜਾ ਤਾਂ ਸਿੰਘ ਲੁਕਵੀਂਆਂ ਥਾਵਾਂ 'ਤੇ ਜਾ ਚੁਕੇ ਸਨ। ਅਬਦਾਲੀ ਅੰਮ੍ਰਿਤਸਰ ਪੁੱਜਾ ਤਾਂ ਉਸ ਨੂੰ ਅੰਮ੍ਰਿਤਸਰ ਦੀ ਰਾਖੀ ਕਰਕੇ 30 ਸਿੰਘ ਹੀ ਮਿਲੇ ਜੋ ਮੁਕਾਬਲੇ ਵਿੱਚ ਸ਼ਹੀਦ ਹੋ ਗਏ। ਅਬਦਾਲੀ ਲਾਹੌਰ ਵੱਲ ਵੱਧ ਗਿਆ। ਅਬਦਾਲੀ 1765 ਵਿਚ ਕਾਬਲ ਚਲਾ ਗਿਆ। ਸਿੰਘ ਫਿਰ ਅੰਮ੍ਰਿਤਸਰ ਆਏ। ਸਿੰਘਾਂ ਨੇ ਫਿਰ ਲਾਹੌਰ 'ਤੇ ਕਬਜ਼ਾ ਕਰਕੇ ਸਿੱਕੇ ਜਾਰੀ ਕੀਤੇ। ਸੰਨ 1766 ਵਿੱਚ ਸਿੰਘਾਂ ਨੇ ਅਬਦਾਲੀ ਨੂੰ ਹਾਰ ਦਿਤੀ। ਸਿੰਘ ਸੰਘ ਮਜਬੂਤੀ ਵੱਲ ਸੀ।

ਸੰਨ 1748 -1766 ਤਕ ਪੰਜਾਬ ਮਰਾਠਾ, ਅਫਗਾਨ, ਮੁਗਲਾਂ ਅਤੇ ਸਿੰਘਾਂ ਦੀ ਰਣਭੂਮੀ ਰਿਹਾ, ਪਰ ਅਗਲੇ 5 ਸਾਲ ਅਫਗਾਨਾਂ ਅਤੇ ਸਿੰਘਾਂ ਵਿੱਚ ਜੰਗ ਜਾਰੀ ਰਹੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਉੱਤਰੀ ਅੰਮ੍ਰਿਤਸਰ, ਰਾਵੀ ਅਤੇ ਬਿਆਸ ਦੇ ਇਲਾਕੇ ਮੱਲੇ। ਅੱਗੇ ਜਲੰਧਰ , ਕਾਂਗੜਾ ਫਤਹਿ ਕੀਤੇ। ਹਰਿਗੋਬਿੰਦ ਪੁਰ ਨੂੰ ਰਾਜਧਾਨੀ ਬਣਾਇਆ। ਉਸਦੀ ਚੜ੍ਹਤ 'ਤੇ ਦੂਸਰੀਆਂ ਮਿਸਲਾਂ ਈਰਖਾ ਕਰਨ ਲੱਗੀਆਂ। ਜੈ ਸਿੰਘ ਘਨਈਆ, ਚੜ੍ਹਤ ਸਿੰਘ ਸ਼ੁਕਰਚੱਕੀਆ, ਜੱਸਾ ਸਿੰਘ ਆਹਲੂਵਾਲੀਆ, ਭੰਗੀ ਮਿਸਲ ਵਿਚਕਾਰ ਰਾਮਗੜੀਆ ਨਾਲ ਜੰਗ ਹੋਈ। ਜਿਸ ਵਿੱਚ ਭੰਗੀ ਮਿਸਲ ਨੂੰ ਹਾਰ ਹੋਈ। ਇਕ ਵਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਵਿਚਕਾਰ ਵੀ ਤਕਰਾਰ ਹੋਈ।

1776 ਵਿੱਚ ਭੰਗੀ ਤੇ ਘਣਈਆ ਨੇ ਮਿਲ ਕੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਹਰਾਇਆ। ਉਹ ਪਟਿਆਲਾ ਦੇ ਮਹਾਰਾਜਾ ਸਰਦਾਰ ਅਮਰ ਸਿੰਘ ਕੋਲ ਚਲਾ ਗਿਆ। ਉਸਦੀ ਮਦਦ ਨਾਲ ਹਾਂਸੀ, ਹਿਸਾਰ ਦੇ ਇਲਾਕੇ ਮੱਲ ਲਏ। ਬਾਅਦ ਵਿੱਚ ਆਪਣੇ ਪੁੱਤਰ ਸਰਦਾਰ ਜੋਧ ਸਿੰਘ ਨੂੰ ਸੌਂਪ ਦਿਤੇ। ਮਹਾਰਾਜਾ ਅਮਰ ਸਿੰਘ ਤੇ ਰਾਮਗੜ੍ਹੀਆ ਨੇ ਉੱਤਰੀ ਦਿੱਲੀ ਦੇ ਪਿੰਡ ਮੱਲੇ। ਜੱਸਾ ਸਿੰਘ ਰਾਮਗੜ੍ਹੀਆ ਨੇ 1783 ਵਿੱਚ ਪੈਰ ਪਸਾਰੇ ਪਰ ਉਹ ਆਪਣੀ ਮਿਸਲ ਦੇ ਕਾਰਜ ਭਾਰ ਲਈ ਪਰਤ ਆਇਆ ਕਿਉਂਕਿ ਮਹਾਂ ਸਿੰਘ ਸ਼ਕਰਚਕੀਆ , ਜੈ ਸਿੰਘ ਘਨਈਆ ਨੇ ਉਸ ਨਾਲ ਜੰਗ ਛੇੜ ਲਈ। ਜਿਸ ਵਿਚ ਜੈ ਸਿੰਘ ਘਨਈਆ ਨੇ ਆਪਣਾ ਪੁੱਤਰ ਗੁਰਬਖਸ਼ ਸਿੰਘ ਗਵਾ ਲਿਆ। 11 ਮਾਰਚ, 1783 ਨੂੰ ਜੱਸਾ ਸਿੰਘ ਆਹਲੂਵਾਲੀਆ,ਬਾਬਾ ਬਘੇਲ ਸਿੰਘ ਤੇ ਜੱਸਾ ਸਿੰਘ ਰਾਮਗੜ੍ਹੀਆ ਨੇ ਮੁਗਲਾਂ ਨੂੰ ਹਰਾ ਕੇ ਦਿੱਲੀ ਫਤਹਿ ਕਰਕੇ ਲਾਲ ਕਿਲੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ ਪਰ ਅਮਨ ਸੰਧੀ ਅਤੇ ਦਿੱਲੀ ਵਿੱਚ ਗੁਰਦੁਆਰਿਆਂ ਦੀ ਉਸਾਰੀ ਕਰਵਾ ਕੇ ਦਿੱਲੀ ਛੱਡ ਦਿੱਤੀ।

ਅਫਗਾਨੀ ਹਮਲਾਵਰ ਜਮਾਨ ਸ਼ਾਹ ਦੁਰਾਨੀ ਜਦ 1788 ਵਿਚ ਆਇਆ ਤਾਂ ਰਾਮਗੜ੍ਹੀਆ ਅਤੇ ਭੰਗੀ ਮਿਸਲਾਂ ਨੇ ਰਣਜੀਤ ਸਿੰਘ ਦੀ ਮਦਦ ਨਾ ਕੀਤੀ। ਅਫਗਾਨਾਂ ਨੇ ਲਾਹੌਰ 'ਤੇ ਕਬਜ਼ਾ ਕਰਕੇ ਬੜੀ ਲੁੱਟ ਮਚਾਈ। ਰਣਜੀਤ ਸਿੰਘ ਨੇ 1799 ਵਿੱਚ ਲਾਹੌਰ 'ਤੇ ਕਬਜ਼ਾ ਕੀਤਾ। ਸਰਦਾਰ ਰਣਜੀਤ ਸਿੰਘ ਸ਼ਕਰਚੱਕੀਆ ਨੇ ਸਭ ਮਿਸਲਾਂ ਨੂੰ ਮਿਲਾ ਕੇ ਸਿੱਖ ਰਾਜ ਦੀ ਨੀਂਹ ਰਖੀ। ਸਿੱਖ ਸੰਘ ਦਾ ਅੰਤ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਅਫਗਾਨੀ ਹਮਲਾਵਰਾਂ ਦੇ ਧਾੜਵੀ ਹਮਲੇ ਰੋਕ ਦਿਤੇ। ਹਮਲਾਵਰ ਪੰਜਾਬ ਵਿੱਚ ਲੰਘ ਕੇ ਸਾਰੇ ਭਾਰਤ ਨੂੰ ਲੁੱਟਦੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਅਪ੍ਰੈਲ 12 1801 ਨੂੰ ਤਖਤ 'ਤੇ ਬੈਠ ਕਿ ਲਾਹੌਰ ਨੂੰ ਰਾਜਧਾਨੀ ਬਣਾਇਆ।

ਬੂਟਾ ਸਿੰਘ ਚੌਹਾਨ




# ਬੁਰਾ ਆਦਮੀ

ਰਮੇਸ਼ ਉੱਠਿਆ। ਅੱਧੀ ਰਾਤ ਸੀ। ਦੋਵੇਂ ਭੈਣਾਂ, ਮਾਂ ਤੇ ਪਿਉ ਝੁੱਗੀ 'ਚ ਹੇਠਾਂ ਸੁੱਤੇ ਪਏ ਸੀ। ਉਹ ਹੌਲੀ-ਹੌਲੀ ਝੁੱਗੀ 'ਚੋਂ ਬਾਹਰ ਨਿਕਲਿਆ ਅਤੇ ਹੋਰਾਂ ਝੁੱਗੀਆਂ ਵਿਚਦੀ ਹੁੰਦਾ ਹੋਇਆ ਸੜਕ 'ਤੇ ਆ ਗਿਆ।

ਚਾਰੇ ਪਾਸੇ ਸੰਨਾਟਾ ਸੀ। ਰਾਤ ਸ਼ਾਂ-ਸ਼ਾਂ ਕਰ ਰਹੀ ਸੀ। ਕਾਲਾ ਸਿਆਹ ਹਨੇਰਾ ਪਸਰਿਆ ਹੋਇਆ ਸੀ, ਜਿਸ ਨੂੰ ਚੀਰਦਾ ਹੋਇਆ ਉਹ ਅੱਗੇ ਵਧ ਰਿਹਾ ਸੀ। ਹਲਕੀ-ਹਲਕੀ ਧੁੰਦ ਪੈ ਰਹੀ ਸੀ।

ਠੰਡ ਕਾਫ਼ੀ ਸੀ। ਉਹਦੇ ਕੱਛਾਂ 'ਚ ਹੱਥ ਦਿੱਤੇ ਹੋਏ ਸੀ। ਠੰਢ ਕਾਰਨ ਥੋੜ੍ਹੇ-ਥੋੜ੍ਹੇ ਦੰਦ ਵੀ ਵੱਜ ਰਹੇ ਸੀ। ਉਹਦੇ ਪੈਂਟ-ਬੁਸ਼ਰਟ ਪਾਈ ਹੋਈ ਸੀ। ਉੱਤੋਂ ਦੀ ਸਵੈਟਰ। ਪੈਰੀਂ ਰਬੜ ਦੇ ਬੂਟ।

ਉਹਨੇ ਕੱਛ 'ਚੋਂ ਇੱਕ ਹੱਥ ਕੱਢ ਕੇ ਪੈਂਟ ਦੀ ਜੇਬ 'ਚ ਪਾਇਆ। ਗੋਲ਼ ਪੱਥਰ ਵਿੱਚੇ ਸੀ। ਦੂਜੇ ਪਾਸੇ ਵਾਲੀ ਜੇਬ ਟੋਹੀ। ਉਹਦੇ 'ਚ ਵੀ ਪੱਥਰ ਸੀ। ਇਹ ਦੋਵੇਂ ਪੱਥਰ ਉਹਨੇ ਕੱਲ੍ਹ ਪੱਥਰਾਂ ਦੀ ਇੱਕ ਢੇਰੀ ਤੋਂ ਚੁੱਕੇ ਸਨ, ਜਿਹੜੇ ਸੜਕ ਬਣਾਉਣ ਲਈ ਸੜਕ ਦੇ ਪਾਸੇ ਲਾਹੇ ਹੋਏ ਸਨ।

ਕੱਲ੍ਹ ਦੁਪਹਿਰੇ ਉਹਦੀ ਮਾਂ ਨੇ ਉਹਨੂੰ ਛੋਟੇ ਅੱਡੇ ਤੋਂ ਖੰਡ ਤੇ ਆਲੂ ਲੈਣ ਲਈ ਭੇਜਿਆ ਸੀ। ਉਹਨੇ ਆਉਂਦੇ-ਜਾਂਦੇ ਨੇ ਵੇਖਿਆ ਸੀ, ਭੁੱਲਰ ਟਰਾਂਸਪੋਰਟ ਦੇ ਦਫ਼ਤਰ ਅੱਗੇ ਨਵਾਂ ਟਿਊਬਾਂ ਵਾਲਾ ਬੋਰਡ ਲਾ ਦਿੱਤਾ ਗਿਆ ਸੀ। ਵੇਖਣ ਸਾਰ ਉਹਨੂੰ ਅੱਗ ਲੱਗ ਗਈ। ਪੰਦਰਾਂ-ਵੀਹ ਦਿਨਾਂ 'ਚ ਉਹ ਦੋ ਬੋਰਡ ਤੋੜ ਚੁੱਕਿਆ ਸੀ ਤੇ ਹੁਣ ਵੀ ਉਹ ਨਵਾਂ ਬੋਰਡ ਤੋੜਨ ਜਾ ਰਿਹਾ ਸੀ। ਸੱਜੇ ਹੱਥ ਨਾਲ ਉਹਨੇ ਪੈਂਟ ਦੀ ਜੇਬ 'ਚੋਂ ਪੱਥਰ ਕੱਢ ਲਿਆ। ਪੱਥਰ ਇਉਂ ਫੜਿਆ ਹੋਇਆ ਸੀ ਜਿਵੇਂ ਕ੍ਰਿਕਟ ਵਾਲਿਆਂ ਦੇ ਬਾਲਿੰਗ ਕਰਨ ਵੇਲੇ ਹੱਥ 'ਚ ਗੇਂਦ ਫੜੀ ਹੁੰਦੀ ਹੈ।

ਉਹ ਚੌਕੰਨਾ ਹੋਇਆ ਜਾ ਰਿਹਾ ਸੀ। ਡਰ ਉਹਦੇ ਨੇੜੇ-ਤੇੜੇ ਵੀ ਨਹੀਂ ਸੀ। ਨੀਵੀਂ ਪਾਈ ਹੋਈ ਸੀ। ਕਦੇ-ਕਦੇ ਆਲੇ-ਦੁਆਲੇ ਵੀ ਵੇਖ ਲੈਂਦਾ। ਸੜਕ ਦੂਰ ਤੱਕ ਸੁੰਨੀ ਸੀ। ਕੋਈ ਵਾਹਨ ਆ ਜਾ ਨਹੀਂ ਸੀ ਰਿਹਾ।

ਝੁੱਗੀ 'ਚ ਉਹ ਦੋ-ਤਿੰਨ ਘੰਟਿਆਂ ਦਾ ਜਾਗਦਾ ਪਿਆ ਸੀ। ਉਨ੍ਹਾਂ ਦੀਆਂ ਝੁੱਗੀਆਂ ਸੜਕ ਦੇ ਨੇੜੇ ਹੋਣ ਕਾਰਨ, ਸੜਕ 'ਤੇ ਹੁੰਦੀ ਆਵਾਜਾਈ ਦਾ ਪਤਾ ਲੱਗਦਾ ਰਹਿੰਦਾ ਸੀ। ਚੁੱਪ-ਚਾਂ ਹੋਣ ਕਰਕੇ ਹੀ ਉਹ ਉੱਠ ਕੇ ਆਇਆ ਸੀ। ਸੜਕ ਤੋਂ ਕੋਈ ਵੀ ਟਰੱਕ-ਟੈਂਪੂ ਨਹੀਂ ਸੀ ਲੰਘ ਰਿਹਾ। ਟਰਾਂਸਪੋਰਟ ਦੇ ਦਫ਼ਤਰ ਤੋਂ ਉਹ ਸੌ ਡੇਢ ਸੌ ਫੁੱਟ ਪਿੱਛੇ ਸੀ। ਉਹ ਜਾ ਰਿਹਾ ਸੀ। ਮਨ 'ਚ ਕਾਹਲ ਸੀ। ਕਿਹੜੇ ਵੇਲੇ ਲਾਈਟਾਂ ਵਾਲੇ ਬੋਰਡ 'ਤੇ ਪੱਥਰ ਮਾਰੇ ਤੇ ਮੁੜ ਕੇ ਝੁੱਗੀ 'ਚ ਆ ਪਵੇ, ਪਰ ਅਚਾਨਕ ਉਸ ਨੂੰ ਕਿਸੇ ਨੇ ਪਿੱਛੋਂ ਆ ਕੇ ਜੱਫਾ ਮਾਰ ਲਿਆ ਤੇ ਬਿਜਲੀ ਦੀ ਤੇਜ਼ੀ ਵਾਂਗ ਮਗਰਲੇ ਪਾਸਿਉਂ ਆ ਕੇ ਦੂਜੇ ਬੰਦੇ ਨੇ ਬਾਂਹਾਂ ਦੀਆਂ ਮੁਸ਼ਕਾਂ ਬੰਨ੍ਹ ਲਈਆਂ। ਉਸ 'ਤੇ ਝਪਟਣ ਵਾਲੇ ਦੋ ਸਨ। ਇੱਕ ਦਫ਼ਤਰ ਦਾ ਸੇਵਾਦਾਰ ਤੇ ਦੂਜਾ ਕਿਸੇ ਬੱਸ ਦਾ ਕੰਡਕਟਰ, ਜਿਹੜਾ ਰਾਤ ਬੋਰਡ ਤੋੜਨ ਆਏ ਨੂੰ ਫੜਨ ਲਈ ਪਿੰਡ ਨਹੀਂ ਸੀ ਗਿਆ, ਇੱਥੇ ਰਹਿ ਪਿਆ ਸੀ। ਜਾਣ ਵੇਲੇ ਭੁੱਲਰ ਨੇ ਉਨ੍ਹਾਂ ਨੇ ਕਿਹਾ ਸੀ ਕਿ ਸੌਣਾ ਨਹੀਂ, ਨਿਗ੍ਹਾ ਰੱਖਣੀ ਹੈ।

ਸੇਵਾਦਾਰ ਨੇ ਰਮੇਸ਼ ਦੇ ਜ਼ੋਰ-ਜ਼ੋਰ ਦੀ ਕਈ ਥੱਪੜ ਮਾਰੇ। ਕੰਡਕਟਰ ਦੀਆਂ ਹੱਥਾਂ 'ਚ ਮੁਸ਼ਕਾਂ ਬੰਨ੍ਹਣ ਵਾਲੇ ਕੱਪੜੇ ਦਾ ਸਿਰਾ ਵੀ ਫੜਿਆ ਹੋਇਆ ਸੀ ਤੇ ਉਹਦੇ ਢਿੱਡ 'ਚ ਮੁੱਕੀਆਂ ਵੀ ਮਾਰ ਰਿਹਾ ਸੀ।

ਸੇਵਾਦਾਰ ਦਾ ਥੱਪੜ ਮਾਰਦੇ-ਮਾਰਦੇ ਦਾ ਹੱਥ ਥੱਕਣ ਲੱਗਿਆ। ਉਹ ਕੁੱਟਣੋਂ ਹਟਿਆ ਤੇ ਕਹਿੰਦਾ, "... ਰੱਤੀ ਭਰ ਜੁਆਕ ਐ। ਕਿੰਨਾ ਕੁੱਟ ਲਿਆ। ਭੋਰਾ ਵੀ ਨੀ ਜਵਕਿਆ। ਅੱਜ ਮਸਾਂ ਹੱਥੇ ਚੜ੍ਹਿਐ। ਪਿਛਲੇ ਕਈ ਮਹੀਨਿਆਂ ਦਾ ਗਿੱਝਿਆ ਹੋਇਆ ਸੀ।" ਫਿਰ ਉਹਨੇ ਰਮੇਸ਼ ਦੇ ਮੂੰਹ 'ਤੇ ਇੱਕ ਥੱਪੜ ਹੋਰ ਮਾਰ ਕੇ ਕਿਹਾ, "ਹੁਣ ਦੇਖੀਂ ... ਤੇਰੇ ਨਾਲ ਕੀ ਹੁੰਦੀ ਐ?"

ਸੇਵਾਦਾਰ ਫੇਰ ਥੱਪੜ ਮਾਰਨ ਲੱਗ ਪਿਆ। ਰਮੇਸ਼ ਚੁੱਪ ਕਰਿਆ ਖਾਂਦਾ ਰਿਹਾ। ਨਾ ਰੋ ਰਿਹਾ ਸੀ, ਨਾ ਬਾਂਹ ਛੁਡਾਉਣ ਦਾ ਯਤਨ ਕਰ ਰਿਹਾ ਸੀ। ਸੇਵਾਦਾਰ ਕਹਿੰਦਾ, "... ਜੁਆਕ ਚੀੜ੍ਹ ਬਹੁਤ ਐ।"

"ਤੈਥੋਂ ਨਹੀਂ ਆਉਂਦਾ ਇਹ ਲੋਟ। ਪੁਲਿਸ ਵਾਲੇ ਕਰਨਗੇ। ਫੇਰ ਦੇਖੀਂ ਲੇਰਾਂ ਪੈਂਦੀਆਂ। ਜਦੋਂ ਨੰਗਾ ਕਰਕੇ ਮੂਧਾ ਪਾਇਆ। ਪਟੇ 'ਤੇ ਪਟਾ ਪਿਆ, ਇਹ ਤਾਂ ਕੀ! ਇਹਦਾ ਪਿਉ ਵੀ ਚੀਕਾਂ ਮਾਰੂ। ਪੁਲਿਸ ਵਾਲੇ ਤਾਂ ਕੰਧਾਂ ਵੀ ਬੋਲਣ ਲਾ ਲੈਂਦੇ ਐ।"

ਸੇਵਾਦਾਰ ਤੇ ਕੰਡਕਟਰ ਦਫ਼ਤਰ ਖੁੱਲ੍ਹਾ ਛੱਡ ਕੇ ਆਏ ਸੀ। ਲੋਹੇ ਦਾ ਬਾਹਰਲਾ ਗੇਟ ਭੇੜਿਆ ਹੋਇਆ ਸੀ। ਬੱਤੀ ਬੁਝਾ ਦਿੱਤੀ ਸੀ। ਬੋਰਡ ਦੀਆਂ ਲਾਈਟਾਂ ਜਗਦੀਆਂ ਸੀ। ਉਨ੍ਹਾਂ ਨੂੰ ਸ਼ੱਕ ਸੀ, ਅੱਜ ਬੋਰਡ ਲਾਇਐ। ਜੇ ਕੋਈ ਆਇਆ ਅੱਜ ਈ ਆਊ। ਕੋਈ ਪੱਕਾ ਬੰਦਾ ਹੱਥ ਧੋ ਕੇ ਮਗਰ ਪਿਆ ਹੋਇਐ।

ਭੁੱਲਰ ਦਾ ਮੈਨੇਜਰ ਤਾਂ ਉਹਨੂੰ ਕਹਿੰਦਾ ਸੀ, "ਐਵੇਂ ਰੋਜ਼-ਰੋਜ਼ ਨੁਕਸਾਨ ਕਰਵਾਉਣ ਨਾਲੋਂ ਲੋਹੇ ਦਾ ਬੋਰਡ ਲਵਾ ਦਿਉ। ਬਹੁਤਾ ਕਰਦੇ ਹੋ ਉੱਤੇ ਲੜੀਆਂ ਲਾ ਦਿਆਂਗੇ।"

ਭੁੱਲਰ ਕਹਿੰਦਾ, "ਗੱਲ ਬੋਰਡ ਦੀ ਨਹੀਂ, ਗੱਲ ਤਾਂ ਆਪਾਂ ਨੂੰ ਟਿੱਚ ਸਮਝਣ ਦੀ ਐ। ਪਤਾ ਤਾਂ ਲੱਗੇ, ਜੇ ਕੋਈ ਬੋਰਡ ਤੋੜਦੈ ਕਿਉਂ ਤੋੜਦੈ? ਆਪਾਂ ਕੀ ਬੁਰਾ ਕੀਤਾ ਉਹਦਾ?"

ਰਮੇਸ਼ ਨੂੰ ਦਫ਼ਤਰ 'ਚ ਵਾੜ ਕੇ ਸੇਵਾਦਾਰ ਨੇ ਪਿੱਛੋਂ ਬਾਹਾਂ ਬੰਨ੍ਹੀਆਂ ਵਾਲਾ ਪਰਨਾ ਕੰਡਕਟਰ ਨੂੰ ਫੜਾਇਆ ਤੇ ਆਪ ਭੁੱਲਰ ਨੂੰ ਫੋਨ ਕਰਕੇ ਕਹਿੰਦਾ, "ਸਰਦਾਰ ਜੀ! ਬੋਰਡ ਤੋੜਨ ਵਾਲਾ ਫੜ ਲਿਆ।"

"ਕੌਣ ਐ?"

"ਤੇਰਾਂ-ਚੌਦਾਂ ਸਾਲਾਂ ਦਾ ਜੁਆਕ ਜਿਐ। ਝੁੱਗੀਆਂ 'ਚੋਂ ਲੱਗਦੈ। ਮੈਂ ਦੇਖਿਆ ਸੀ ਇੱਕ ਦਿਨ ਤੁਰਿਆ ਜਾਂਦਾ ਆਪਣੇ ਬੋਰਡ ਵੱਲ ਵੇਖਦਾ ਵੀ ਸੀ। ਮੈਂ ਸੋਚਿਆ ਐਵੇਂ ਦੇਖਦਾ ਹੋਣੈਂ। ਪਰ ਅੱਜ ਪਤਾ ਲੱਗਿਆ ਬਦਨੀਤੀ ਨਾਲ ਵੇਖਦਾ ਸੀ।"

ਭੁੱਲਰ ਨੂੰ ਨੀਂਦ ਚੜ੍ਹੀ ਹੋਈ ਸੀ। ਦੋ-ਤਿੰਨ ਘੰਟੇ ਪਹਿਲਾਂ ਹੀ ਉਹ ਕਿਸੇ ਦੇ ਵਿਆਹ 'ਤੇ ਜਾ ਕੇ ਆਇਆ ਸੀ। ਉਹ ਉੱਖੜੀ ਤੇ ਭਰੜਾਈ ਆਵਾਜ਼ 'ਚ ਕਹਿੰਦਾ, "ਲੱਤਾਂ, ਬਾਹਾਂ ਬੰਨ੍ਹ ਕੇ ਏਥੇ ਈ ਪਾ ਲਉ। ਉੱਤੇ ਕੋਈ ਕੱਪੜਾ ਦੇ ਦਿਉ। ਕਿਤੇ ਠੰਡ ਨਾਲ ਈ ਨਾ ਮਰ ਜੇ।"

"ਠੰਡ ਨਾਲ ਨੀ ਮਰਦਾ ਸਰਦਾਰ ਜੀ! ਮੈਂ ਇਹਦੇ ਕੋਈ ਵੀਹ ਥੱਪੜ ਮਾਰੇ ਹੋਣਗੇ। ਅੱਖ 'ਚੋਂ ਹਿੰਝ ਨਹੀਂ ਸਿੰਟੀ।"

ਭੁੱਲਰ ਬੋਲਣੋਂ ਹਟ ਗਿਆ ਸੀ। ਨੀਂਦ ਨੇ ਦਬੋਚ ਲਿਆ ਸੀ।

ਦਿਨ ਚੜ੍ਹੇ ਦੋ ਪੁਲਿਸ ਵਾਲੇ ਝੁੱਗੀਆਂ 'ਚ ਆਏ। ਰਮੇਸ਼ ਦੇ ਪਿਉ ਨੂੰ ਨਾਲ ਚੱਲਣ ਲਈ ਕਿਹਾ। ਉਹਨੇ ਜਥੇਦਾਰ ਹਰੀ ਸਿੰਘ ਦਾ ਨਾਂ ਲੈ ਦਿੱਤਾ ਤੇ ਕਹਿੰਦਾ, "ਮੈਂ ਉਨ੍ਹਾਂ ਨੂੰ ਨਾਲ ਲੈ ਕੇ ਆਊਨਾਂ।"

ਪੁਲਿਸ ਵਾਲੇ ਹਰੀ ਸਿੰਘ ਨੂੰ ਜਾਣਦੇ ਸੀ। ਉਹੀ ਝੁੱਗੀਆਂ ਵਾਲਿਆਂ ਦਾ ਕਰਤਾ-ਧਰਤਾ ਸੀ। ਉਸਨੇ ਹੀ ਉਨ੍ਹਾਂ ਦੇ ਰਾਸ਼ਨ ਕਾਰਡ ਬਣਵਾਏ ਸੀ ਤੇ ਵੋਟਾਂ ਵੀ। ਗੱਲ ਕੀ ਹਰੀ ਸਿੰਘ ਹੀ ਉਨ੍ਹਾਂ ਦਾ ਮਾਈ-ਬਾਪ ਸੀ।

ਇੱਕ ਵਾਰ ਜਿਨ੍ਹਾਂ ਦੇ ਪਲਾਟਾਂ 'ਚ ਝੁੱਗੀਆਂ ਵਾਲੇ ਬੈਠੇ ਸੀ, ਉਨ੍ਹਾਂ ਨੇ ਝੁੱਗੀਆਂ ਵਾਲਿਆਂ ਨੂੰ ਕਿਤੇ ਹੋਰ ਜਾ ਕੇ ਰਹਿਣ ਲਈ ਕਿਹਾ ਤਾਂ ਹਰੀ ਸਿੰਘ ਨੇ ਜ਼ਿੰਮੇਵਾਰੀ ਲੈ ਕੇ ਉਨ੍ਹਾਂ ਨੂੰ ਉੱਜੜਨ ਤੋਂ ਬਚਾਇਆ ਸੀ। ਜਦੋਂ ਪਲਾਟਾਂ ਵਾਲੇ ਉਨ੍ਹਾਂ ਨੂੰ ਕਿਤੇ ਹੋਰ ਜਾਣ ਲਈ ਕਹਿ ਰਹੇ ਸੀ, ਉਦੋਂ ਆਲ਼ੇ-ਦੁਆਲ਼ੇ ਦੇ ਵੀਹ-ਪੱਚੀ ਘਰਾਂ ਵਾਲੇ ਵੀ ਆ ਗਏ ਸੀ। ਉਨ੍ਹਾਂ ਨੇ ਵੀ ਮਲ਼ਵੀਂ ਜੀਭ ਨਾਲ ਝੁੱਗੀਆਂ ਵਾਲਿਆਂ ਨੂੰ ਨਾ ਉਜਾੜਨ ਲਈ ਕਿਹਾ ਸੀ ਕਿਉਂਕਿ ਉਹ ਅਕਸਰ ਹੀ ਰਾਤ ਦੇ ਗਿਆਰਾਂ-ਗਿਆਰਾਂ, ਬਾਰਾਂ-ਬਾਰਾਂ ਵਜੇ ਤੱਕ ਜਾਗਦੇ ਰਹਿੰਦੇ ਸੀ। ਝੁੱਗੀਆਂ 'ਚ ਟੇਪਾਂ ਚਲਦੀਆਂ ਰਹਿੰਦੀਆਂ ਸੀ। ਖਾਣ-ਪੀਣ ਵੀ ਚਲਦਾ ਸੀ। ਉਨ੍ਹਾਂ ਦਾ ਜਾਗਣਾ ਆਲ਼ੇ-ਦੁਆਲ਼ੇ ਦੇ ਘਰਾਂ ਵਾਲਿਆਂ ਨੂੰ ਪਹਿਰਾ ਦੇਣਾ ਹੀ ਲੱਗਦਾ ਸੀ। ਗੱਲ ਵੀ ਠੀਕ ਸੀ। ਜਦੋਂ ਦੇ ਉਹ ਆਏ ਸੀ, ਕਿਸੇ ਦੇ ਘਰੇ ਵੀ ਚੋਰੀ ਨਹੀਂ ਸੀ ਹੋਈ। ਉਨ੍ਹਾਂ ਦੇ ਆਉਣ ਤੋਂ ਪਹਿਲਾਂ ਇੱਕ-ਦੋ ਚੋਰੀਆਂ ਹੋਈਆਂ ਸੀ।

ਝੁੱਗੀਆਂ ਵਾਲਿਆਂ ਦੇ ਵੱਡੇ ਬੰਦੇ ਸ਼ਹਿਰ 'ਚ ਜੁੱਤੀਆਂ ਗੰਢਣ ਦਾ ਕੰਮ ਕਰਦੇ। ਤਲ਼ੇ ਲਾਉਂਦੇ। ਬੂਟ ਪਾਲਿਸ਼ ਕਰਦੇ। ਪਤਾਵੇ ਪਾਉਂਦੇ ਤੇ ਨਿੱਕੀ-ਮੋਟੀ ਟੁੱਟ ਭੱਜ ਕਰਕੇ ਦਿਹਾੜੀ ਪਾਉਂਦੇ। ਉਨ੍ਹਾਂ ਦੇ ਮੁੰਡੇ ਮੈਰਿਜ ਪੈਲੇਸਾਂ 'ਚ ਬੈਰੇ ਬਣ ਕੇ ਜਾਂਦੇ। ਕੁੜੀਆਂ ਤੇ ਔਰਤਾਂ ਮੈਰਿਜ ਪੈਲੇਸਾਂ 'ਚੋਂ ਮੰਗਣ ਜਾਂਦੀਆਂ। ਸ਼ਰਾਬੀਆਂ ਨਾਲ ਅੱਖ-ਮਟੱਕਾ ਕਰਕੇ ਚਾਰ ਪੈਸੇ ਲਿਆਉਂਦੀਆਂ। ਕਿਸੇ ਦੀ ਗੱਲ ਦਾ ਗੁੱਸਾ ਨਾ ਕਰਦੀਆਂ। ਵਿਆਹ ਨਾ ਹੁੰਦੇ ਤਾਂ ਤੜਕੇ-ਤੜਕੇ ਸ਼ਹਿਰ ਦਾ ਗੇੜਾ ਲਾਉਂਦੀਆਂ। ਦੁਕਾਨਾਂ ਦੇ ਬਾਹਰ ਕੋਈ ਸਾਮਾਨ ਦਿਸਦਾ, ਬਗਲੀ 'ਚ ਪਾ ਲਿਆਉਂਦੀਆਂ। ਰਾਤ ਨੂੰ ਬਾਹਰ ਸੜਕ 'ਤੇ ਜਾਂ ਹੋਰਾਂ ਥਾਵਾਂ 'ਤੇ ਖੜ੍ਹ ਕੇ ਸ਼ਰਾਬ ਪੀਣ ਵਾਲਿਆਂ ਦੇ ਅੱਡਿਆਂ ਦਾ ਉਨ੍ਹਾਂ ਨੂੰ ਪਤਾ ਸੀ। ਉਹ ਖ਼ਾਲੀ ਬੋਤਲਾਂ ਚੁੱਕ ਲਿਆਉਂਦੀਆਂ।

ਰਮੇਸ਼ ਦਾ ਪਿਉ ਮੰਗੂ ਰਾਮ ਦਸ ਕੁ ਵਜੇ ਹਰੀ ਸਿੰਘ ਨੂੰ ਨਾਲ ਲੈ ਕੇ ਥਾਣੇ ਗਿਆ। ਇੱਕ ਪੁਲਿਸ ਵਾਲੇ ਤੇ ਹੋਮਗਾਰਡੀਏ ਨੇ ਥਾਣੇਦਾਰ ਦਾ ਮੇਜ਼ ਧੁੱਪੇ ਵਿਹੜੇ 'ਚ ਡਾਹ ਕੇ ਪਾਸਿਆਂ 'ਤੇ ਦੋ-ਦੋ ਕੁਰਸੀਆਂ ਰੱਖ ਦਿੱਤੀਆਂ ਸੀ। ਸਾਹਮਣੇ ਲੱਕੜ ਦਾ ਲੰਮਾ ਬੈਂਚ ਧਰ ਦਿੱਤਾ ਸੀ।

ਹਰੀ ਸਿੰਘ ਥਾਣੇਦਾਰ ਦੇ ਸੱਜੇ ਪਾਸੇ ਡਹੀ ਕੁਰਸੀ 'ਤੇ ਜਾ ਬੈਠਾ। ਮੰਗੂ ਲੱਕੜ ਦੇ ਬੈਂਚ 'ਤੇ। ਨੀਵੀਂ ਪਾਈ ਹੋਈ ਸੀ। ਡਰਿਆ ਹੋਇਆ ਸੀ। ਸੋਚਦਾ ਸੀ, ਪਤਾ ਨਹੀਂ ਗੱਲ ਕਿਵੇਂ ਮੁੱਕੂ। ਪੰਦਰਾਂ ਕੁ ਮਿੰਟਾਂ ਪਿੱਛੋਂ ਥਾਣੇਦਾਰ ਵੀ ਆ ਬੈਠਾ। ਭੁੱਲਰ ਵੀ ਨਾਲ ਇੱਕ ਹੋਰ ਜਣੇ ਨੂੰ ਲੈ ਕੇ ਆ ਗਿਆ ਸੀ। ਉਹਦੀਆਂ ਮੁੱਛਾਂ ਖੜ੍ਹੀਆਂ ਸੀ। ਕੱਟੀ ਹੋਈ ਦਾੜ੍ਹੀ, ਠਾਠੀ ਬੰਨ੍ਹ ਕੇ ਪ੍ਰੈੱਸ ਕੀਤੀ ਹੋਈ ਸੀ। ਲੌਂਗ-ਇਲਾਇਚੀਆਂ ਚੱਬ ਰਿਹਾ ਸੀ।

ਹਰੀ ਸਿੰਘ ਨੇ ਚੁੱਪ ਤੋੜਨ ਲਈ ਇੱਕ ਰਾਜਸੀ ਗੱਲ ਤੋਰ ਲਈ। ਥਾਣੇਦਾਰ ਉਹਦੇ ਵੱਲ ਔਖਾ ਜਿਹਾ ਝਾਕਣ ਲੱਗਿਆ। ਉਹਦੀਆਂ ਅੱਖਾਂ 'ਚ ਕਾਹਲ ਸੀ। ਰੌਲ਼ਾ ਮੁਕਾ ਦੇ ਉਹਨੇ ਕਿਸੇ ਹੋਰ ਪਾਸੇ ਜਾਣਾ ਸੀ। ਥਾਣੇਦਾਰ ਦੇ ਚਿਹਰੇ ਤੋਂ ਭੁੱਲਰ ਨੇ ਕਾਹਲ ਤਾੜ ਲਈ ਤੇ ਹਰੀ ਸਿੰਘ ਨੂੰ ਕਹਿੰਦਾ, "ਜਥੇਦਾਰ ਜੀ! ਤੁਸੀਂ ਇਹ ਗੱਲ ਛੱਡੋ। ਕਰਨ ਵਾਲੀ ਗੱਲ ਕਰੋ। ਇਹ ਗੱਲਾਂ ਤਾਂ ਆਪਾਂ ਕਦੇ ਫੇਰ ਵੀ ਕਰ ਲਵਾਂਗੇ। ਉਹ ਗੱਲ 'ਤੇ ਆਉ, ਜੀਹਦੇ ਕਰਕੇ ਆਪਾਂ ਇੱਥੇ ਆਏ ਆਂ।"

ਹਰੀ ਸਿੰਘ ਵੀ ਗੱਲ 'ਤੇ ਆਇਆ, "ਭੁੱਲਰ ਸਾਹਿਬ! ਗੱਲ ਜੋ ਹੋਈ ਐ, ਤੁਹਾਨੂੰ ਪਤਾ ਈ ਐ। ਵਾਧੂ ਗੱਲਾਂ ਕਰਨ ਦਾ ਕੀ ਫ਼ਾਇਦਾ। ਦੱਸੋ ਕਰਨਾ ਕੀ ਐ?"

"ਕਰਨਾ ਕੀ ਐ? ਦੋ ਵਾਰ ਬੋਰਡ ਤੋੜਿਐ। ਏਸੇ ਨੇ ਹੀ ਤੋੜਿਆ ਹੋਣੈ। ਏਸੇ ਕਰਕੇ ਰਾਤ ਆਇਆ ਸੀ। ਜੇ ਮੇਰੇ ਬੰਦੇ ਨਾ ਬੈਠੇ ਹੁੰਦੇ, ਤੀਜਾ ਬੋਰਡ ਵੀ ਤੋੜ ਕੇ ਤੁਰਦਾ ਲੱਗਦਾ।" ਭੁੱਲਰ ਦੀ ਆਵਾਜ਼ 'ਚ ਤਲਖ਼ੀ ਸੀ। ਉਹ ਇਸ ਗੱਲ 'ਤੇ ਔਖਾ ਸੀ ਕਿ ਹਰੀ ਸਿੰਘ ਮੰਗੂ ਦੇ ਨਾਲ ਕਿਉਂ ਆਇਐ।

"ਇਹ ਤਾਂ ਭੁੱਲਰ ਸਾਹਿਬ ਤੁਹਾਡੀ ਗੱਲ ਠੀਕ ਐ। ਮੈਂ ਵੀ ਮੰਗੂ ਨਾਲ ਗੱਲ ਕੀਤੀ ਸੀ।" ਫੇਰ ਉਹ ਮੰਗੂ ਵੱਲ ਝਾਕਦਾ ਹੋਇਆ ਕਹਿੰਦਾ, "ਇਹਨੇ ਦੱਸਿਐ, ਮੁੰਡਾ ਅਲੱਥ ਐ। ਘਰੋਂ ਵੀ ਪੈਸੇ ਚੁੱਕ ਕੇ ਲੈ ਜਾਂਦੈ। ਫਿਲਮਾਂ ਵੇਖਦੈ। ਦੋ-ਤਿੰਨ ਵਾਰ ਇਹ ਸਿਨਮੇ 'ਚੋਂ ਕੁੱਟ ਕੇ ਵੀ ਲੈ ਕੇ ਆਇਐ।"

"ਜਥੇਦਾਰ ਜੀ! ਇਹ ਤਾਂ ਥੋਡੀ ਗੱਲ ਠੀਕ ਐ। ਮੁੰਡਾ ਅਲੱਥ ਐ। ਪਰ ਇਹ ਕਹਿਣ ਨਾਲ ਤਾਂ ਗੱਲ ਨਹੀਂ ਮੁੱਕਦੀ। ਮੇਰੇ ਦੋਵੇਂ ਬੋਰਡਾਂ 'ਤੇ ਗਿਆਰਾਂ-ਗਿਆਰਾਂ ਹਜ਼ਾਰ ਲੱਗੇ ਸੀ, ਉਹ ਦਿਵਾ ਦਿਉ। ਗੱਲ ਮੁੱਕੇ।" ਭੁੱਲਰ ਨੇ ਦੋ ਟੁਕ ਗੱਲ ਕੀਤੀ।

ਹਰੀ ਸਿੰਘ ਨੇ ਮੰਗੂ ਵੱਲ ਦੇਖਿਆ ਤੇ ਫਿਰ ਥਾਣੇਦਾਰ ਵੱਲ ਮੂੰਹ ਕਰਦਿਆਂ ਬੋਲਿਆ, "ਸਰਦਾਰ ਜੀ! ਮੈਂ ਮੰਨਦਾਂ ਨੁਕਸਾਨ ਹੋਇਐ। ਪਰ ਇਨ੍ਹਾਂ 'ਚ ਏਨੀ ਜਾਨ ਨਹੀਂ। ਸਾਰਾ ਦਿਨ ਜੁੱਤੀਆਂ ਗੰਢ ਕੇ ਇਹ ਮਸਾਂ ਸੌ-ਦੋ ਸੌ ਕਮਾਉਂਦੇ।"

ਭੁੱਲਰ ਥੋੜ੍ਹਾ ਜਿਹਾ ਗਰਮ ਹੋਇਆ। "ਚਲੋ ਜਥੇਦਾਰ ਜੀ! ਮੇਰੀ ਗੱਲ ਤਾਂ ਛੱਡੋ, ਤੁਸੀਂ ਦੱਸੋ ਕਿਵੇਂ ਹੋਣਾ ਚਾਹੀਦੈ? ਜੇ ਤੁਸੀਂ ਕਹੋਂ ਪੈਸੇ ਦਿੱਤੇ ਬਿਨਾਂ ਸਰ ਜੂ, ਇਹ ਤਾਂ ਨਹੀਂ ਹੋ ਸਕਦਾ! ਨੁਕਸਾਨ ਕੀਤੈ, ਕੁਝ ਤਾਂ ਸੇਕ ਲੱਗਣਾ ਚਾਹੀਦੈ।"

ਹਰੀ ਸਿੰਘ ਉਲਝ ਗਿਆ। ਸਮਝ ਨਹੀਂ ਸੀ ਆ ਰਹੀ ਕੀ ਕਹੇ। ਮਸਲਾ ਹੀ ਅਜਿਹਾ ਸੀ। ਫਿਰ ਕਹਿੰਦਾ, "ਹੁਣ ਤਾਂ ਜੀ ਕੁੱਟ ਮਾਰ ਈ ਐ। ਥੋੜ੍ਹੀ ਕਰਲੋ, ਬਹੁਤੀ ਕਰਲੋ।" ਹਰੀ ਸਿੰਘ ਨੇ ਕਹਿ ਕੇ ਭੁੱਲਰ ਵੱਲ ਵੇਖਿਆ।

ਥਾਣੇਦਾਰ ਮੁੱਦੇ 'ਤੇ ਆਇਆ। ਆਪਣੀ ਕੁਰਸੀ ਤੋਂ ਹਟਵੇਂ ਖੜ੍ਹੇ ਸਿਪਾਹੀ ਨੂੰ ਕਹਿੰਦਾ, "ਕਾਂਸਟੇਬਲ! ਜੁਆਕ ਨੂੰ ਬਾਹਰ ਕੱਢ ਕੇ ਲਿਆ।"

ਸਿਪਾਹੀ ਹਵਾਲਾਤ ਵੱਲ ਤੁਰ ਗਿਆ। ਰਮੇਸ਼ ਦੀ ਬਾਂਹ ਫੜ ਕੇ ਲੈ ਆਇਆ। ਰਮੇਸ਼ ਨੇ ਤੜਕੇ ਦਾ ਕੁਝ ਵੀ ਖਾਧਾ-ਪੀਤਾ ਨਹੀਂ ਸੀ, ਪਰ ਉਹਦੇ ਮੂੰਹ ਤੋਂ ਭੁੱਖ ਝਲਕ ਨਹੀਂ ਸੀ ਰਹੀ। ਮਨ ਵੀ ਟਿਕਾਣੇ ਸੀ। ਰਮੇਸ਼ ਨੇ ਜਦੋਂ ਸਾਹਮਣੇ ਬੈਠਾ ਭੁੱਲਰ ਵੇਖਿਆ, ਵੇਖਣ ਸਾਰ ਹੀ ਅੱਖਾਂ 'ਚ ਲਾਲੀ ਉੱਤਰਨ ਲੱਗ ਪਈ। ਇਉਂ ਝਾਕ ਰਿਹਾ ਸੀ, ਜਿਵੇਂ ਖਾ ਜਾਣਾ ਹੋਵੇ। ਵੇਖ ਕੇ ਹਰੀ ਸਿੰਘ ਰਮੇਸ਼ ਵੱਲ ਵੱਢ ਖਾਣੀ ਨਿਗ੍ਹਾ ਨਾਲ ਝਾਕਿਆ, "... ਅੱਖਾਂ ਕੱਢਦੈ! ਚੱਲ ਲਾ ਭੁੱਲਰ ਸਾਹਿਬ ਦੇ ਪੈਰੀਂ ਹੱਥ! ਨੱਕ ਨਾਲ ਲਕੀਰਾਂ ਕੱਢ ਕੇ ਕਹਿ, ਮੁੜ ਕੇ ਗ਼ਲਤੀ ਨਹੀਂ ਕਰਦਾ। ਮੁਆਫ਼ ਕਰ ਦਿਉ।"

ਭੁੱਲਰ ਨੇ ਰਮੇਸ਼ ਵੱਲ ਦੇਖਿਆ। ਬੜਾ ਬੁਰਾ ਲੱਗਿਆ। ਸੋਚਿਆ, ਉੱਠ ਕੇ ਅੱਖਾਂ ਕੱਢਦੇ ਦੇ ਤਿੰਨ-ਚਾਰ ਥੱਪੜ ਮਾਰੇ।

ਰਮੇਸ਼ ਉਵੇਂ ਖੜ੍ਹਾ ਰਿਹਾ। ਟੱਸ ਤੋਂ ਮੱਸ ਨਾ ਹੋਇਆ। ਉਵੇਂ ਵੱਢ ਖਾਣੀ ਨਿਗ੍ਹਾ। ਥਾਣੇਦਾਰ ਰਮੇਸ਼ ਵੱਲ ਵੇਖਦਾ ਕਹਿੰਦਾ, "ਨਿਗ੍ਹਾ ... ਦੀ ਬਦਮਾਸ਼ਾਂ ਵਾਲੀ ਐ। ਅੱਖ ਬੜੀ ਮਾੜੀ ਐ। ਅਜੇ ਜੰਮ ਮੁੱਕਿਆ ਨਹੀਂ। ਵੱਡੇ ਹੋਏ ਦਾ ਇਹਦਾ ਕੀ ਬਣੂ। ਉਦੋਂ ਤਾਂ ... ਬੰਦਾ ਮਾਰਿਆ ਕਰੂ।"

ਮੰਗੂ, ਜਿਹੜਾ ਚੁੱਪ ਕਰਿਆ ਬੈਠਾ ਸੀ, ਉੱਠਿਆ ਤੇ ਰਮੇਸ਼ ਨੂੰ ਕੁੱਟਣ ਲੱਗ ਪਿਆ। ਮੂੰਹ 'ਤੇ ਥੱਪੜ ਮਾਰਨ ਪਿੱਛੋਂ ਉਹ ਡਿੱਗੇ ਪਏ ਦੇ ਲੱਤਾਂ ਮਾਰਨ ਲੱਗਿਆ। ਮੰਗੂ ਨੂੰ ਚੰਡਾਲ ਚੜ੍ਹਿਆ ਹੋਇਆ ਸੀ। ਲੱਤਾਂ ਮਾਰਦਾ-ਮਾਰਦਾ ਖਾਸੀ ਦੂਰ ਲੈ ਗਿਆ। ਹਰੀ ਸਿੰਘ ਨੇ ਮੌਕਾ ਸਾਂਭਿਆ, "ਓਏ ਬੱਸ ਕਰ। ਬੱਸ ਕਰ! ਕਿਤੇ ਥਾਂ-ਕੁਥਾਂ ਸੱਟ ਨਾ ਵੱਜੇ।" ਇਹ ਕਹਿ ਕੇ ਉਹਨੇ ਮੰਗੂ ਨੂੰ ਜੱਫੇ 'ਚ ਲੈ ਕੇ ਬੈਂਚ 'ਤੇ ਬਿਠਾ ਲਿਆ।

ਮੰਗੂ ਵਾਲਾ ਗੁੱਸਾ ਜਿਵੇਂ ਥਾਣੇਦਾਰ ਨੂੰ ਆ ਚੜ੍ਹਿਆ। ਉਹ ਕੁਰਸੀ ਤੋਂ ਉੱਠ ਕੇ ਰਮੇਸ਼ ਕੋਲ ਗਿਆ। ਬਾਂਹ ਫੜ ਕੇ ਕਹਿੰਦਾ, "ਬੋਰਡ ਤੂੰ ਤੋੜੇ ਐ ਉਏ!"

ਰਮੇਸ਼ ਨੇ ਹਾਂ 'ਚ ਸਿਰ ਹੇਠਾਂ ਮਾਰਿਆ।

"ਕਿਉਂ ਤੋੜੇ ਐ?"

ਰਮੇਸ਼ ਚੁੱਪ।

"ਉਏ ਮੈਂ ਪੁੱਛਦਾਂ ਕਿਉਂ ਤੋੜੇ ਐ?"

ਰਮੇਸ਼ ਫੇਰ ਚੁੱਪ।

"ਕੁਝ ਬੋਲ ...! ਮੈਨੂੰ ਕਿਉਂ ਗੁੱਸਾ ਚੜ੍ਹਾਉਨੈਂ। ਲੱਤ-ਬਾਂਹ ਨਾ ਤੁੜਾ ਬੈਠੀਂ।"

ਰਮੇਸ਼ ਫੇਰ ਚੁੱਪ।

ਅੱਖਾਂ 'ਚ ਉਵੇਂ ਜਿਵੇਂ ਲਾਲੀ। ਭੋਰਾ ਵੀ ਨਹੀਂ ਸੀ ਘਟੀ। ਭੁੱਲਰ ਵੱਲ ਵੇਖਦਾ ਹੋਇਆ ਪੱਥਰ ਬਣਿਆ ਖੜ੍ਹਿਆ ਰਿਹਾ।

ਥਾਣੇਦਾਰ ਨੇ ਉਹਦੇ ਪੰਜ-ਛੇ ਥੱਪੜ ਇਕੱਠੇ ਮਾਰੇ। ਬਾਂਹ ਮਰੋੜ ਦਿੱਤੀ। ਫੇਰ ਮੇਜ਼ 'ਤੇ ਪਏ ਗੋਲ਼ ਪੱਥਰਾਂ ਵੱਲ ਰਮੇਸ਼ ਨੂੰ ਝਕਾਉਂਦਾ ਹੋਇਆ ਕਹਿੰਦਾ, "ਇਹ ਪੱਥਰ ਤੇਰੇ ਕੋਲੋਂ ਸੀ?"

ਰਮੇਸ਼ ਨੇ ਹੇਠਾਂ ਸਿਰ ਮਾਰਿਆ।

"ਹੁਣ ਤੋੜੇਂਗਾ ਬੋਰਡ?"

ਰਮੇਸ਼ ਨੇ ਨਾਂਹ 'ਚ ਸਿਰ ਨਹੀਂ ਮਾਰਿਆ। ਵਿੱਡਰੀਆਂ ਅੱਖਾਂ ਨਾਲ ਝਾਕਦਾ ਰਿਹਾ। ਨਿਗ੍ਹਾ ਮੇਜ਼ 'ਤੇ ਪੱਥਰਾਂ 'ਤੇ ਜਾ ਟਿਕੀ। ਸਾਰੇ ਰਮੇਸ਼ ਵੱਲ ਦੇਖ ਰਹੇ ਸੀ। ਥਾਣੇਦਾਰ ਨੂੰ ਫੇਰ ਇਕਦਮ ਗੁੱਸਾ ਚੜ੍ਹਿਆ। ਉਹਨੇ ਜ਼ੋਰ ਦੀ ਥੱਪੜ ਮਾਰਿਆ। ਰਮੇਸ਼ ਫਿਰ ਵੀ ਕੁਝ ਨਾ ਬੋਲਿਆ। ਸੱਟ ਕਾਰਨ ਅੱਖਾਂ 'ਚੋਂ ਪਾਣੀ ਜ਼ਰੂਰ ਸਿੰਮ ਆਇਆ ਸੀ, ਪਰ ਡਰ ਉਹਦੇ ਮੂੰਹ 'ਤੇ ਫਿਰ ਵੀ ਨਹੀਂ ਸੀ। ਲੱਗਦਾ ਸੀ, ਜਿਵੇਂ ਹੱਡ-ਮਾਸ ਦਾ ਨਾ ਹੋਵੇ, ਪੱਥਰ ਦਾ ਬਣਿਆ ਹੋਵੇ।

ਥਾਣੇਦਾਰ ਆਪੇ ਤੋਂ ਬਾਹਰ ਹੋ ਗਿਆ। ਬਾਂਹ ਨੂੰ ਵਟਾ ਹੋਰ ਦੇ ਦਿੱਤਾ। ਰਮੇਸ਼ ਦੂਹਰਾ ਹੋਈ ਜਾ ਰਿਹਾ ਸੀ।

ਥਾਣੇਦਾਰ ਨੂੰ ਲੱਗਿਆ, ਜੇ ਥੋੜ੍ਹਾ ਜਿਹਾ ਵਟਾ ਹੋਰ ਦੇ ਦਿੱਤਾ, ਬਾਂਹ ਨਿੱਕਲ ਜਾਵੇਗੀ। ਰਮੇਸ਼ ਜਿੰਨਾ ਔਖਾ ਹੋ ਸਕਦਾ ਸੀ, ਹੋਇਆ। ਮੂੰਹ ਨਾ ਖੋਲ੍ਹਿਆ। ਨਾ ਬੁਅ-ਦੁਹਾਈ ਕੀਤੀ। ਨਾ ਜਰਕਿਆ।

ਥਾਣੇਦਾਰ ਦਾ ਮੂੰਹ ਕਰੂਪ ਹੋ ਗਿਆ ਸੀ। ਉਹਨੇ ਥੋੜ੍ਹਾ ਜਿਹਾ ਵਟਾ ਹੋਰ ਦਿੱਤਾ, "ਹੁਣ ਦੱਸ ...! ਬੋਰਡ ਕਿਉਂ ਤੋੜੇ ਸੀ?"

ਰਮੇਸ਼ ਚੁੱਪ ਰਿਹਾ। ਅੱਖਾਂ 'ਚੋਂ ਪਾਣੀ ਵਗ ਰਿਹਾ ਸੀ। ਮੂੰਹ 'ਤੇ ਲੱਗਿਆ ਚੁੱਪ ਦਾ ਜਿੰਦਰਾ ਉਵੇਂ ਸੀ।

ਥਾਣੇਦਾਰ ਨੂੰ ਹੱਤਕ ਮਹਿਸੂਸ ਹੋਣ ਲੱਗ ਪਈ। ਉਹ ਇੱਕ ਜੁਆਕ ਦਾ ਮੂੰਹ ਨਹੀਂ ਸੀ ਖੁਲਵਾ ਸਕਿਆ। ਕਹਿੰਦਾ, "... ... ! ਮੈਂ ਕੀ ਪੁੱਛਦਾਂ? ਦੱਸ ਬੋਰਡ ਤੂੰ ਤੋੜੇ ਸੀ?" ਕਹਿ ਕੇ ਉਹਨੇ ਸੱਜਾ ਪੈਰ ਰਮੇਸ਼ ਦੇ ਗਿੱਟੇ 'ਤੇ ਮਾਰਿਆ। ਫੇਰ ਇੱਕ ਹੋਰ। ਫੇਰ ਇੱਕ ਹੋਰ। "ਹੁਣ ਦੱਸ ਤੋੜੇਂਗਾ?"

ਰਮੇਸ਼ ਨੇ ਹੇਠਾਂ ਸਿਰ ਮਾਰ ਦਿੱਤਾ।

ਥਾਣੇਦਾਰ ਫਿਰ ਭੜਕਿਆ, "... ... ਕਿਉਂ ਤੋੜੇਂਗਾ? ਤੇਰਾ ਕੀ ਵਿਗਾੜਿਆ ਇਨ੍ਹਾਂ ਨੇ?" ਥਾਣੇਦਾਰ ਬੋਲਿਆ ਨਹੀਂ, ਬਿਜਲੀ ਕੜਕੀ ਸੀ, ਜਿਸ ਨਾਲ ਥਾਣੇ ਦੀ ਚੁੱਪ ਖੇਰੂੰ-ਖੇਰੂੰ ਹੋ ਗਈ। ਲੱਗ ਰਿਹਾ ਸੀ ਜਿਵੇਂ ਉਹ ਮਾਈਕ 'ਚ ਬੋਲਿਆ ਹੋਵੇ। ਉਹਦੀ ਆਵਾਜ਼ ਕੰਧਾਂ ਨਾਲ ਟਕਰਾ-ਟਕਰਾ ਕੇ ਮੁੜ ਰਹੀ ਸੀ।

ਰਮੇਸ਼ ਨੇ ਮੂੰਹ ਖੋਲ੍ਹਿਆ। ਭੁੱਲਰ ਵੱਲ ਝਾਕ ਕੇ ਕਹਿੰਦਾ, "ਯੇ ਅੱਛਾ ਆਦਮੀ ਨਹੀਂ ਹੈ। ਬੁਰਾ ਆਦਮੀ ਹੈ।"

"ਕਿਉਂ? ਬੁਰਾ ਆਦਮੀ ਕਿਉਂ ਐ? ... ਇਹਨੇ ਤੇਰਾ ਬਾਗ਼ ਉਜਾੜਤਾ? ਦੱਸ ਕਿਉਂ ਬੁਰਾ ਆਦਮੀ ਐ? ਦੱਸ ਕਿਉਂ?"

ਰਮੇਸ਼ ਨੇ ਮੁੜਿਆ ਮੂੰਹ ਥਾਣੇਦਾਰ ਵੱਲ ਕੀਤਾ ਤੇ ਰੋਂਦਾ ਹੋਇਆ ਕਹਿੰਦਾ, "ਯੇ ਬਹੁਤ ਬੁਰਾ ਆਦਮੀ ਹੈ। ਆਪਣੇ ਦਫ਼ਤਰ ਮੇਂ ਮੇਰੀ ਬਹਿਨ ਕੇ ਸਾਥ ਬੁਰਾ ਕਾਮ ਕਰਤਾ ਹੈ।"

ਸੁਣ ਕੇ ਸਾਰੇ ਹੈਰਾਨ। ਜਿਵੇਂ ਬਿਜਲੀ ਡਿੱਗੀ ਹੋਵੇ। ਗਹਿਰੀ ਚੁੱਪ 'ਚ ਜਾ ਕੇ, ਬੇਸ਼ਰਮ ਜਿਹਾ ਹੋ ਕੇ ਭੁੱਲਰ ਕਹਿੰਦਾ, "ਐਵੇਂ ਮਾਰਦੈ ... ਝੂਠ! ਕਿਸੇ ਦੇ ਹੱਥ 'ਤੇ ਚੜ੍ਹਿਆ ਹੋਇਐ। ਸਾਡੇ ਰੁਟਾਂ ਦੇ ਸੌ ਰੌਲ਼ੇ ਰਹਿੰਦੇ ਐ। ਬੋਰਡ ਤੋੜ ਕੇ ਸੱਚਾ ਹੋਣ ਨੂੰ ਫਿਰਦੈ।"

ਫਿਰ ਮੰਗੂ ਵੱਲ ਹੱਥ ਕਰਦਾ ਹੋਇਆ ਕਹਿੰਦਾ, "ਇਹਨੇ ਪੈਸੇ ਲਏ ਹੋਣੇ ਐ ਕਿਸੇ ਤੋਂ? ਇਹਨੇ ਸਿਖਾਇਆ ਹੋਣੈ।"

ਥਾਣੇਦਾਰ ਨੇ ਰਮੇਸ਼ ਦੀ ਮਰੋੜੀ ਬਾਂਹ ਢਿੱਲੀ ਤਾਂ ਕੀਤੀ, ਪਰ ਛੱਡੀ ਨਹੀਂ। ਥਾਣੇ 'ਚ ਚੁੱਪ ਛਾ ਗਈ ਸੀ। ਥਾਣੇਦਾਰ ਭੁੱਲਰ ਵੱਲ ਵੇਖਦਾ ਹੋਇਆ ਕਹਿੰਦਾ, "ਸਰਦਾਰ ਜੀ! ਮੈਂ ਕਿਸੇ ਜ਼ਰੂਰੀ ਕੰਮ ਜਾ ਕੇ ਆਉਣਾ।" ਫਿਰ ਹਰੀ ਸਿੰਘ ਵੱਲ ਝਾਕਦਾ ਹੋਇਆ ਕਹਿੰਦਾ, "ਜਥੇਦਾਰ ਜੀ! ਤੁਸੀਂ ਇਹਨੂੰ ਲੈ ਜੋ। ਆਥਣ ਤੱਕ ਗੱਲ ਕੱਢੋ। ਵਿੱਚੋਂ ਕੀ ਐ?"

"ਠੀਕ ਐ ਜੀ, ਠੀਕ ਐ। ਮੈਂ ਆਥਣ ਤੱਕ ਪਾਣੀ ਦਾ ਪਾਣੀ, ਦੁੱਧ ਦਾ ਦੁੱਧ ਨਿਤਾਰ ਦੇਊਂ। ਪਰ ਇਹ ਜੋ ਗੱਲ ਕਹਿੰਦਾ, ਇਹ ਗੱਲ ਨੀਂ ਹੋਣੀ। ਭੁੱਲਰ ਸਾਹਿਬ ਸ਼ਰੀਫ਼ ਆਦਮੀ ਨੇ। ਇਨ੍ਹਾਂ ਬਾਰੇ ਤਾਂ ਇਹ ਸੋਚਿਆ ਵੀ ਨਹੀਂ ਜਾ ਸਕਦਾ। ਵਿੱਚੋਂ ਗੱਲ ਕੋਈ ਹੋਰ ਐ।" ਹਰੀ ਸਿੰਘ ਦੀ ਆਵਾਜ਼ 'ਚੋਂ ਭੁੱਲਰ ਤੋਂ ਵੇਲ਼ੇ-ਕੁਵੇਲ਼ੇ ਲਿਆ ਪਾਰਟੀ ਦਾ ਚੰਦਾ ਬੋਲ ਰਿਹਾ ਸੀ।

ਥਾਣੇਦਾਰ ਤੁਰ ਗਿਆ।

ਭੁੱਲਰ ਨੂੰ ਉੱਠਣਾ ਮੁਸ਼ਕਿਲ ਹੋ ਰਿਹਾ ਸੀ। ਦੇਹ ਜਿਵੇਂ ਚੌਗੁਣੀ ਭਾਰੀ ਹੋ ਗਈ ਹੋਵੇ। ਮੂੰਹ ਵੀ ਨਿੰਮੋਝੂਣਾ ਹੋ ਗਿਆ ਸੀ। ਮੂੰਹ 'ਤੇ ਮੰਨੀ ਗਈ ਸ਼ਰਮ ਦੀ ਭਲੂਣ ਫਿਰ ਗਈ ਸੀ।

ਦੋ ਦਿਨ ਲੰਘ ਗਏ।

ਹਰੀ ਸਿੰਘ ਨੂੰ ਥਾਣੇ 'ਚੋਂ ਕੋਈ ਫੋਨ ਨਾ ਆਇਆ।

ਭੁੱਲਰ ਨੇ ਵੀ ਥਾਣੇ ਫੋਨ ਨਾ ਕੀਤਾ।

# ਮੇਰੀ ਕਲਮ

## ਸੁਲ.ਗਦੇ ਅਹਿਸਾਸ



ਫ਼ਿਰਕੂ ’ਨ੍ਹੇਰੀਆਂ ਵਿੱਚ ਆਪਣਾ ਖ਼ਿਆਲ ਰੱਖੀਂ।
ਯੋਧਿਆਂ ਦੀ ਯਾਦਾਂ ਦੇ ਜੁਗਨੂੰ ਨਾਲ-ਨਾਲ ਰੱਖੀਂ।
ਕੀ ਪਤਾ ਕਦ ਚੰਦ ਬੱਦਲੀ ਦੇ ਓਹਲੇ ਹੋ ਜਾਵੇ,
ਆਪਣੀ ਦਹਿਲੀਜ਼ ਉੱਤੇ ਦੀਵਾ ਤੂੰ ਬਾਲ ਰੱਖੀਂ।
ਤੰਗੀਆਂ ਨੇ ਬਹੁਤ ਅੱਜ ਤੇਰੇ ਚਾਰ ਚੁਫ਼ੇਰੇ,
ਸੁਲ.ਗਦੇ ਅਹਿਸਾਸੀ ਹਿਰਦਾ ਵਿਸ਼ਾਲ ਰੱਖੀਂ।
ਗਰਮ ਹਵਾਵਾਂ ਨਾਲ ਐਵੇਂ ਨਾ ਗਰਮ ਹੋ ਜਾਵੀਂ,
ਦਿਲ ਵਿੱਚ ਦਬਾ ਕੇ ਪਿਆਰ ਦਾ ਭੂਚਾਲ ਰੱਖੀਂ।
ਕਿਸ ਕਿਸ ਨੂੰ ਤੇਰੇ ਰੋਸ ਦਾ ਦੇਵਾਂਗਾ ਜਵਾਬ,
ਮਨੁੱਖੀ ਪਿਆਰ ਦੀ ਲੋਕਾਂ ’ਚ ਬੋਲਚਾਲ ਰੱਖੀਂ।
ਜੇ ਸੁਆਰਥਾਂ ਦੇ ਸੱਪ ਤੇਰੇ ਕੋਲ ਵੀ ਆ ਗਏ,
ਸ਼ੀਸ਼ੇ ਜਿਹਾ ਤੂੰ ਚਿਹਰਾ ਸਭ ਨੂੰ ਦਿਖਾਲ ਰੱਖੀਂ।
ਇਸ ਮਨੁੱਖੀ ਬਾ.ਗ ’ਚ ਜੋ ਵੀ ਫੁੱਲ ਆਪਣਾ ਹੈ,
ਮਹਿਕ ਉਸ ਦੀ ਉਮਰਾਂ ਤੀਕ ਸੰਭਾਲ ਰੱਖੀਂ।
-ਪ੍ਰਸ਼ੋਤਮ ਪੱਤੋ



## ਰੋਸ਼ਨੀ ਤੋਂ ਬਾਅਦ

ਬੁਝ ਜਾਵੇ ਭਾਵੇਂ, ਇਸ ਜੀਵਨ ਦੀ ਜੋਤੀ,
ਪਰ ਦਿਲਾਂ ਵਿੱਚ ਫੇਰ ਵੀ, ਜਗਦੀ ਰਹੇ।
ਵੰਡਦੀ ਰਹੇ, ਸਭ ਨੂੰ ਇਹ ਖੁਸ਼ੀਆਂ,
ਨਿੱਘੀ ਅੱਗ ਵਾਂਗੂੰ, ਇਹ ਮਘਦੀ ਰਹੇ।
ਸੁਣਦੇ ਰਿਹੋ ਮੇਰੇ, ਬੋਲਾਂ ਦੀ ਸਰਗਮ,
ਇਸ ਦੀ ਗੂੰਜ, ਕੰਨਾਂ ਵਿੱਚ ਰਸਦੀ ਰਹੇ।
ਖੁਸ਼ੀਆਂ ਅਤੇ .ਗਮੀਆਂ, ਦੇ ਪਲਾਂ ਦੀ ਕਹਾਣੀ,
ਲੜੀ ਬਣ ਯਾਦਾਂ ਵਿੱਚ, ਪ੍ਰਗਟਦੀ ਰਹੇ।
ਕਿਰਨ ਉਮੀਦਾਂ ਦੀ, ਨਿੱਖਰੇ ਹਰ ਰੁੱਤੇ,
ਜਾਨਸ਼ੀਨਾਂ ਨੂੰ ਰਸਤਾ, ਇਹ ਦੱਸਦੀ ਰਹੇ।
ਨਾ ਕੋਈ ਫ਼ੁੱਲ ਟੁੱਟੇ, ਨਾ ਪੱਥਰ ਤਿੜਕੇ,
ਮੇਰੇ ਨਾਂ ਦਾ ਵੀ ਭਾਰ, ਧਰਤੀ ਨਾ ਸਹੇ।
ਜੇ ਚਾਹੋ ਤੁਸੀਂ ਰੋਣਾ, ਮੇਰੇ ਲਈ ਲੋਕੋ,
ਰੋਵੋ ਜੀਅ ਭਰ ਕੇ, ਪਰ ਚੇਤੇ ਰਹੇ।
ਚੱਲਣਾ ਹੈ ਜ਼ਿੰਦਗੀ, ’ਤੇ ਚੱਲੇ ਸਦਾ ਹੀ,
ਰੁਕਣ ਨਾ ਕਦੀ, ਇਸ ਦੇ ਸੁਹਾਣੇ ਪਹੇ।
ਹੱਸ ਕੇ ਝੱਲੋ, ਜਦੋਂ ਪਵੇ ਇਹ ਵਿਛੋੜਾ,
ਚੱਲਦੇ ਅਸੀਂ ਚੰਗੇ, ਤੁਸੀਂ ਵਸਦੇ ਭਲੇ।
-ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

## ਦੀਵੇ ਦੀ ਲੋਅ

ਅਜੀਤ ਖੰਨਾ



ਹਕੂਮਤ ਦੇ ਘਰਾਟ ’ਚ ਪਿਸਦੇ
ਕੰਮੀਆਂ ਦੀ ਮਿਹਨਤ
ਹੁਣ ਅਜਾਈਂ ਨਹੀਂ ਜਾਏਗੀ
ਇੱਕ ਨਾ ਇੱਕ ਦਿਨ ਉਹ
ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ
ਪ੍ਰਾਚੀਨ ਕਾਲ ਤੋਂ ਵਰਤਮਾਨ ਤੱਕ
ਟੁੱਕ ਖ਼ਾਤਰ ਜੂਝਦੇ ਆ ਰਹੇ
ਇਨ੍ਹਾਂ ਕੰਮੀਆਂ ਦੀ ਆਵਾਜ਼ ਨੂੰ
ਹੁਣ ਹਕੂਮਤ ਨਹੀਂ ਦਬਾਏਗੀ
ਉਹ ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ
ਸਭ ਨੂੰ ਸੁਮੱਤ ਮਿਲ ਗਈ
ਹੁਣ ਉਹ ਪਿਛਲੱਗ ਬਣ ਨਹੀਂ
ਸਗੋਂ ਆਗੂ ਬਣ ਵਿਚਰਨਗੇ
ਤੇ ਉਨ੍ਹਾਂ ਦੀ ਕਾਬਲੀਅਤ ਖੰਨੇ
ਇੱਕ ਵੱਖਰਾ ਰੰਗ ਲਿਆਏਗੀ
ਉਹ ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ
ਸ਼ਾਹੂਕਾਰਾਂ ਦਾ ਗੋਹਾ ਕੂੜਾ ਸੁੱਟ
ਹੁਣ ਉਨ੍ਹਾਂ ਦਾ ਕਾਮਾ ਨਹੀਂ
ਅਫ਼ਸਰ ਬਣ ਹੁਕਮ ਚਲਾਏਗਾ
ਬੱਚਿਆਂ ਨੂੰ ਤਾਲੀਮ ਦਿਵਾ
ਜਿੰਦ ਸੁਖ ਦੀ ਜੂਨ ਹੰਢਾਏਗੀ
ਉਹ ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ
ਲਿਖਤ ਨਾਲ ਬਦਲ ਤਕਦੀਰ
ਜਦ ਤਕਦੀਰ ਨਾਲ ਟਕਰਾਏਗੀ
ਕਰ ਖ਼ਤਮ ਪਾੜਾ ਨਿੱਕੇ ਵੱਡੇ ਦਾ
ਬਰਾਬਰੀ ਦਾ ਹੱਕ ਤੇ ਇਨਸਾਫ਼
ਅਜੀਤ ਦੀ ਕਲਮ ਦਿਵਾਏਗੀ
ਉਹ ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ।

## ਕਹਿਣੇ

ਪੰਪੋਸ਼ ਕਲਸੀ

ਕਹਿਣ ਵਾਲੇ ਕਹਿਣ ਆਸ਼ਕ ਅਰ ਮਾਸ਼ੂਕ
ਰਹਿ ਸਕਣ ਦੁਇ ਹੁਇ ਕਿਨਾਰੇ ਇਸ਼ਕ
ਦੇ ਦਰਿਆਉ ਦੇ
ਗਰ ਇਹ ਪਾਣੀ ਇਸ਼ਕ ਦਾ ਵਹਿੰਦਾ
ਰਹੇ ਦੋਹੀਂ ਕਿਨਾਰੀਂ
ਪਾਕ-ਨਿਰਮਲ ਨਿਤਰਿਆ ਰਹਿ ਜ਼ਾਬਤੇ
ਵਿੱਚ ਹਰ ਸਮੇਂ
ਮੁਕਤ ਰਹਿ ਸੈਲਾਬ ਤੋਂ
ਅੱਲ੍ਹਾ ਅੱਲ੍ਹਾ ਖ਼ੈਰ ਸੱਲ੍ਹਾ
ਇਸ ਤੋਂ ‘ਗਾਹਾਂ ਗਰ ਹੁਇ ਅੱਲ੍ਹਾ ਕਰਮ
ਹੁਇ ਸਕਣ ਯਕ-ਜਾਨ ਅਰੁ ਯਕ-ਜਿਸਮ
ਦੁਇ ਅੱਡਰੇ ਕਿਨਾਰੇ
ਲੱਖ ਟਕਿਆਂ ਦਾ ਸਵਾਲਾਂ ਦਾ ਸਵਾਲ
ਹਸ਼ਰ ਕੀ ਹੋਣਾ ਉਦੋਂ ਪਾਣੀ ਦਾ ਦੱਸਿਓ
ਕਹਿਣ ਵਾਲੇ ਕਹਿਣਿਓਂ
ਦੱਸਣਾ ਜ਼ਰੂਰੀ ਕਹਿਣ ਵਾਲੇ ਕਹਿਣਿਓਂ
ਦੱਸਣਾ ਜ਼ਰੂਰ।



## .ਗਜ਼ਲ

ਪ੍ਰਤਾਪ ‘ਪਾਰਸ’ ਗੁਰਦਾਸਪੁਰੀ



ਸੱਜਣ ਸ਼ਹਿਰ ਗਰਾਂ ਨਹੀਂ ਭੁੱਲੇ।
ਆਪਣੇ ਸੀ ਉਹ ਤਾਂ ਨਹੀਂ ਭੁੱਲੇ।
ਮੋੜ, ਚੁਰਾਹੇ, ਗਲੀਆਂ, ਸੜਕਾਂ,
ਕੌਡੂ ਮੱਲ੍ਹ ਸਰਾਂ ਨਹੀਂ ਭੁੱਲੇ।
ਲੁਕਣਮੀਚੀ ਛੂਹਣ-ਛਪਾਈਆਂ,
‘ਵੇਲੀ ਖੰਡਰ-ਨੁਮਾ ਨਹੀਂ ਭੁੱਲੇ।
ਜੀਂਦੜ, ਖੁੰਡਾ, ਫੇਰੋਚੇਚੀ,
ਨਾਨੋਵਾਲ ਕਲਾਂ ਨਹੀਂ ਭੁੱਲੇ।
ਲੰਬੂ, ਬੌਣਾ, ਗੱਪੀ, ਸੜੀਅਲ,
ਨਾਂ ਦੇ ਪਾਏ ਕੁਨਾਂ ਨਹੀਂ ਭੁੱਲੇ।
ਦਾਣੇ ਝੋਲੀ ਵਿੱਚ ਭੁੰਨਾਏ,
ਭੱਠੀ ਵਾਲੀ ਥਾਂ ਨਹੀਂ ਭੁੱਲੇ।
ਦੁੱਧ, ਦਹੀਂ ਉਹ ਘਰੜ ਦੇ ਛੰਨੇ,
ਚੂਰੀ ਦਿੰਦੀ ਮਾਂ ਨਹੀਂ ਭੁੱਲੇ।
ਫੇਰ ਮਿਲਣ ਦਾ ਵਾਅਦਾ ਕੀਤਾ,
ਨਾਂਹ-ਨਾਂਹ ਕਹਿਕੇ ਹਾਂ ਨਹੀਂ ਭੁੱਲੇ।
ਛੱਡੇ ਪਿੰਡ ਦੀ ਪੀੜ ਨਾ ਭੁੱਲੇ,
ਮੋਹ ਦੀ ਠੰਢੀ ਛਾਂ ਨਹੀਂ ਭੁੱਲੇ।
ਬੋਲ ਬੋਲ ’ਤੋਂ ਜਾਨ ਵਾਰਦੇ,
ਯਾਰ ਜੋ ਸੱਜੀ ਬਾਂਹ ਨਹੀਂ ਭੁੱਲੇ।
ਅੱਲੜ੍ਹ ਉਮਰੇ ਹੋਈਆਂ ਭੁੱਲਾਂ,
ਦਿਲ ’ਚੋਂ ‘ਪਾਰਸ’ ਨਾਂ ਨਹੀਂ ਭੁੱਲੇ।

## ਜੰਗ ਦੇ ਬੁਰੇ ਨਤੀਜੇ


ਹਰਪ੍ਰੀਤ ਪੱਤੋ

ਕਈ ਮੁਲਕਾਂ ਨੇ ਹੁਣ ਜੰਗ ਛੇੜੀ,
ਕਈ ਬੈਠੇ ਨੇ ਨਾਲ ਆਰਾਮ ਲੋਕੋ।
ਜਿਨ੍ਹਾਂ ਜੰਗ ਛੇੜੀ, ਉਹ ਉੱਜੜ ਚੱਲੇ,
ਹੋਈ ਜਾਂਦੇ ਨੇ ਬੜੇ ਬਦਨਾਮ ਲੋਕੋ।
ਸਦੀਆਂ ਤੱਕ ਨਾ ਘਾਟੇ ਹੋਣ ਪੂਰੇ,
ਬਹੁਤੇ ਹੋ ਜਾਂਦੇ ਨੇ ਗੁੰਮਨਾਮ ਲੋਕੋ।
ਔਰਤ, ਬੱਚੇ, ਬੁੱਢੇ ਦੁੱਖ ਝੱਲਦੇ,
ਜਵਾਨੀ ਹੋ ਜਾਂਦੀ ਹੈ .ਗੁਲਾਮ ਲੋਕੋ।
ਭੁੱਖਮਰੀ, .ਗਰੀਬੀ, ਕਈ ਚੀਜ਼ਾਂ,
ਨੱਚਦੀਆਂ ਫਿਰਦੀਆਂ ਸ਼ਰ੍ਹੇਆਮ ਲੋਕੋ।
ਮਿੰਟਾਂ ਵਿੱਚ ਨੇ ਮਹਿਲ ਢਹਿ ਜਾਂਦੇ ,
ਲੱਗੇ ਜਿਨ੍ਹਾਂ ’ਤੇ ਅਰਬਾਂ ਦਾਮ ਲੋਕੋ।
ਥਾਂ ਖ਼ੁਸ਼ੀਆਂ ਦੀ ਘਰ ਘਰ ਵੈਣ ਪੈਂਦੇ,
ਚਿੱਟੇ ਦਿਨ ਪੈ ਜਾਂਦੀ ਹੈ ਸ਼ਾਮ ਲੋਕੋ।
ਬਚੋ! ਜੰਗ ਦੇ ਬੁਰੇ ਨਤੀਜਿਆਂ ਤੋਂ,
ਰੱਖੋ ਕਸ ਕੇ ਆਪਣੀ ਲਗਾਮ ਲੋਕੋ।
ਕਈ ਮੁਲਕ ਵਪਾਰ ਨੇ ਕਰੀ ਜਾਂਦੇ,
ਹੋਈ ਜਾਂਦੇ ਨੇ ਕਈ ਨਿਲਾਮ ਲੋਕੋ।
ਹਉਮੈਂ ਲੜਦੀ, ਮਰਨ ਬੇਦੋਸ਼ ਲੋਕੀਂ,
ਕਰਦੀ ਹੈ ਅੰਨ੍ਹਾ ਕਤਲੇਆਮ ਲੋਕੋ।

## ਦੋਹੇ

ਦਲਜੀਤ ਰਾਏ ਕਾਲੀਆ

ਜਾਗੋ ਧਰਤੀ ਪੁੱਤਰੋ, ਕੁਝ ਤਾਂ ਕਰੋ ਖ਼ਿਆਲ।
ਜਲ ਜੰਗਲ ਸਭ ਭਸਮ ਨੇ, ਕੀਤੇ ਮੰਦੜੇ ਹਾਲ।
ਵਾਤਾਵਰਨ ਪਲੀਤ ਹੈ, ਪੌਣਾਂ ਦੇ ਵਿੱਚ ਜ਼ਹਿਰ।
ਕਿਧਰੇ ਆਉਣ ਸੁਨਾਮੀਆਂ, ਕਿਧਰੇ ਸੋਕੇ ਕਹਿਰ।
ਜਲ ਜੰਗਲ ਸੰਭਾਲ਼ ਕੇ, ਕਰ ਜ਼ਰਖ਼ੇਜ਼ ਜ਼ਮੀਨ।
ਧਰਤੀ ਬਣੇ ਸੁਹਾਵਣੀ, ਮੌਸਮ ਬਣਨ ਹੁਸੀਨ।
ਨੰਗੀ ਧਰਤੀ ਹੋ ਗਈ, ਹਰ ਥਾਂ ਰੁੱਖ ਅਲੋਪ।
ਮੌਸਮ ਕੀ ਤੋਂ ਕੀ ਬਣੇ, ਕੁਦਰਤ ਕਰੇ ਕਰੋਪ।
ਰੰਗਲਾ ਕਿੱਥੇ ਰਹਿ ਗਿਆ, ਸਾਡਾ ਦੇਸ਼ ਪੰਜਾਬ।
ਨਾਲ ਸਮੇਂ ਦੇ ਵੀਰਨੋ, ਜ਼ਹਿਰੀ ਕਰਤੇ ਆਬ।
ਰੁੱਖਾਂ ਦੀ ਥਾਂ ਹਰ ਤਰਫ਼, ਸੜਕਾਂ ਦੇ ਨੇ ਜਾਲ਼।
ਕਿਵੇਂ ਟਰੈਫ਼ਿਕ ਨਾਲ ਹੀ, ਘੁੰਮੇ ਹਰ ਥਾਂ ਕਾਲ।
ਨਾ ਹੁਣ ਕੋਇਲ ਕੂਕਦੀ, ਨਾ ਹੀ ਬੋਲਣ ਮੋਰ।
ਕੰਨਾਂ ਨੂੰ ਬੋਲ਼ੇ ਕਰੇ, ਪੈਣ ਚੁਫ਼ੇਰੇ ਸ਼ੋਰ।
ਬਦਲੋ ਸਿਸਟਮ ਦੇਸ਼ ਦਾ, ਹੋਇਆ ਬੇਤਰਤੀਬ।
ਜਾਗੋ ਕਿਰਤੀ ਕਾਮਿਓ,ਅਪਣੇ ਘੜੋ ਨਸੀਬ।
ਪੈਸਾ ਮਾਈ ਬਾਪ ਹੈ, ਪੈਸੇ ਦੇ ਸਭ ਪੀਰ।
ਪੈਸੇ ਖ਼ਾਤਰ ਵੇਚਦੇ, ਹਰ ਥਾਂ ਲੋਕ ਜ਼ਮੀਰ।



## ਆ ਜ਼ਿੰਦਗੀ ਦਾ ਜਸ਼ਨ ਮਨਾਈਏ

ਗੁਰਸ਼ਰਨ ਸਿੰਘ ਨਰੂਲਾ

ਜੀਵਨ ਧਾਰਾ ਵਹਿ ਵੀ ਰਹੀ ਏ
ਸਭਨਾਂ ਨੂੰ ਕਹਿ ਵੀ ਰਹੀ ਏ
ਵਾਂਗ ਲਹਿਰਾਂ ਦੇ
ਕਿਸੇ ਦੀ ਸੁਣੀਏ, ਆਪਣੀ ਸੁਣਾਈਏ,
ਆ ਜ਼ਿੰਦਗੀ ਦਾ
ਜੀਵਨ ਤਾਂ ਹੈ ਸੁੱਚਾ ਮੋਤੀ
ਕਰੀਏ ਨਾ ਆਪਣੀ ਨਜ਼ਰ ਹੀ ਖੋਟੀ
ਕੋਈ ਇਹਦੇ ਗਲ ਗਾਨੀ ਪਾਵੇ
ਕੋਈ ਇਹਨੂੰ ਜੂਏ ’ਚ ਲਾਵੇ
ਇਹਨੂੰ ਜੌਹਰੀ ਕੋਲ ਲਿਜਾਈਏ,
ਆ ਜ਼ਿੰਦਗੀ ਦਾ
ਜਾਂ ਫਿਰ ਜ਼ਿੰਦਗੀ ਮੋਤੀਆਂ ਦੀ ਮਾਲਾ
ਨੀਲਾ, ਪੀਲਾ ਕੋਈ ਮਣਕਾ ਕਾਲਾ
ਹਰ ਇੱਕ ਦਾ ਹੈ ਰੰਗ ਨਿਰਾਲਾ
ਵੇਖਣ ਸੋਚਣ ਸਮਝਣ ਵਾਲਾ
ਚਮਕ ਏਸ ਦੀ ਨਾ ਘਟਾਈਏ,
ਆ ਜ਼ਿੰਦਗੀ ਦਾ
ਮੁੱਢ ਤੋਂ ਆਉਂਦੀ ਘੋੜੀ ਚੜ੍ਹੀ ਏ
ਡੋਲੀ ਪੈ ਜਾਂ ਸਹੁਰੇ ਚਲੀ ਏ
ਕੋਈ ਰਾਂਝਾ ਕੋਈ ਹੀਰ ਬਣ ਜਾਈਏ,
ਆ ਜ਼ਿੰਦਗੀ ਦਾ
ਸ਼ਗਨਾਂ ਵਿੱਚ ਮਗਨ ਹੋ ਜਾਈਏ
ਡੱਕੀਏ ਵੈਣ ਤੇ ਸੁਹਲੇ ਗਾਈਏ
ਆ ਜ਼ਿੰਦਗੀ ਦਾ ਜਸ਼ਨ ਮਨਾਈਏ।



# ਮੈਂ ਹਮੇਸ਼ਾ ਵਿਸ਼ਵ ਕੱਪ ਜਿੱਤਣ ਦਾ ਸੁਫ਼ਨਾ ਦੇਖਿਆ : ਹਰਮਨਪ੍ਰੀਤ ਕੌਰ

ਨਵੀਂ ਦਿੱਲੀ/ਏ.ਟੀ.ਨਿਊਜ਼: ਆਈ. ਸੀ. ਸੀ. ਇੱਕ ਰੋਜ਼ਾ ਵਿਸ਼ਵ ਕੱਪ (ਮਹਿਲਾ) ਵਿੱਚ ਭਾਰਤੀ ਟੀਮ ਵੱਲੋਂ ਜਿੱਤ ਹਾਸਲ ਕਰਨ ਮਗਰੋਂ ਪੰਜਾਬ ਦੇ ਮੋਗਾ ਦੀ ਰਹਿਣ ਵਾਲੀ ਭਾਰਤੀ ਕ੍ਰਿਕਟ ਟੀਮ ਦੀ ਕਪਤਾਨ ਹਰਮਪ੍ਰੀਤ ਕੌਰ ਦੀ ਜ਼ਿੰਦਗੀ ਪੂਰੀ ਤਰ੍ਹਾਂ ਨਾਲ ਬਦਲ ਚੁੱਕੀ ਹੈ।



ਇਸ ਗੱਲ ਦਾ ਦਾਅਵਾ ਕਪਤਾਨ ਨੇ ਖ਼ੁਦ ਕੀਤਾ ਹੈ। ਵਿਸ਼ਵ ਕੱਪ ਦੇ ਫਾਈਨਲ ਮੈਚ ਵਿੱਚ ਹਰਮਨਪ੍ਰੀਤ ਦੇ ਕੈਚ ਨੇ ਦੱਖਣੀ ਅਫਰੀਕਾ ਨੂੰ 52 ਦੌੜਾਂ ਨਾਲ ਹਰਾ ਕੇ ਭਾਰਤੀ ਟੀਮ ਨੂੰ ਜਿੱਤ ਦਿਵਾਈ ਸੀ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਮਨਪ੍ਰੀਤ ਕੌਰ ਨੇ ਕਿਹਾ, 'ਮੈਂ ਉਸ ਆਖ਼ਰੀ ਗੇਂਦ (ਜੋ ਉਸ ਨੇ ਕੈਚ ਕੀਤੀ ਸੀ) ਨੂੰ ਘੱਟੋ-ਘੱਟ ਹਜ਼ਾਰ ਵਾਰ ਦੇਖ ਚੁੱਕੀ ਹਾਂ। ਸਿਰਫ਼ ਮੈਂ ਹੀ ਨਹੀਂ, ਸਾਡੀ ਸਾਰੀ ਟੀਮ ਸਾਲਾਂ ਤੋਂ ਅਜਿਹੇ ਪਲ ਦੀ ਉਡੀਕ ਕਰ ਰਹੀ ਸੀ। ਜਿੱਤ ਦੇ ਉਸ ਪਲ ਨੂੰ ਮੈਂ ਵਾਰ-ਵਾਰ ਜਿਊਣਾ ਚਾਹੁੰਦੀ ਹਾਂ। ਮੈਨੂੰ ਸੱਚਮੁੱਚ ਨਹੀਂ ਪਤਾ ਕਿ ਜਦੋਂ ਮੈਂ ਉਹ ਆਖ਼ਰੀ ਕੈਚ ਲਿਆ ਤਾਂ ਕੀ ਸੋਚ ਰਹੀ ਸੀ। ਇਸ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਿਲ ਹੈ। ਇਹ ਪਲ ਮੇਰੇ ਲਈ ਬਹੁਤ ਅਹਿਮ ਹਨ ਕਿਉਂਕਿ ਮੈਂ ਹਮੇਸ਼ਾ ਵਿਸ਼ਵ ਕੱਪ ਜਿੱਤਣ ਦਾ ਸੁਫਨਾ ਦੇਖਿਆ ਸੀ।

## ਵਿਸ਼ਵ ਕੱਪ ਜਿੱਤਣ ਮਗਰੋਂ ਹਰਮਨਪ੍ਰੀਤ ਦੀ ਚਾਂਦੀ

ਵਿਸ਼ਵ ਕੱਪ ਜਿੱਤਣ ਮਗਰੋਂ ਵੱਖ-ਵੱਖ ਬਰਾਂਡ ਭਾਰਤੀ ਮਹਿਲਾ ਕ੍ਰਿਕਟਰਾਂ ਵਿੱਚ ਦਿਲਚਸਪੀ ਦਿਖਾਉਣ ਲੱਗੇ ਹਨ। ਇਨ੍ਹਾਂ ਖਿਡਾਰਨਾਂ ਵਿੱਚ ਕਪਤਾਨ ਹਰਮਨਪ੍ਰੀਤ ਕੌਰ ਵੀ ਸ਼ਾਮਲ ਹੈ, ਜਿਸ ਦਾ ਇਸ਼ਤਿਹਾਰਬਾਜ਼ੀ ਪੋਰਟਫੋਲੀਓ ਅਗਲੇ ਮਹੀਨਿਆਂ ਦੌਰਾਨ ਤਿੰਨ ਗੁਣਾਂ ਹੋਣ ਦੀ ਉਮੀਦ ਹੈ। ਨਵੀ ਮੁੰਬਈ ਵਿੱਚ ਖੇਡੇ ਫਾਈਨਲ ਵਿੱਚ ਨਾਦਿਨ ਡੀ ਕਲਰਕ ਦਾ ਕੈਚ ਲੈ ਕੇ ਭਾਰਤ ਨੂੰ ਦੱਖਣੀ ਅਫਰੀਕਾ 'ਤੇ ਜਿੱਤ ਦਿਵਾਉਣ ਵਾਲੀ ਹਰਮਨਪ੍ਰੀਤ ਕੌਰ ਵਿਸ਼ਵ ਕੱਪ ਤੋਂ ਪਹਿਲਾਂ ਅੱਠ ਤੋਂ ਵੱਧ ਕੰਪਨੀਆਂ ਨਾਲ ਜੁੜੀ ਹੋਈ ਸੀ। ਉਸ ਦੀ ਮੈਨੇਜਰ ਨੂਪੁਰ ਕਸ਼ਯਪ ਨੇ ਦੱਸਿਆ ਕਿ ਹੁਣ ਇਸ ਵਿੱਚ ਤਬਦੀਲੀ ਆ ਰਹੀ ਹੈ।

ਨੂਪੁਰ ਕਸ਼ਯਪ ਨੇ ਕਿਹਾ, "ਵਿਸ਼ਵ ਕੱਪ ਮਗਰੋਂ ਹੁਣ ਖੇਡ ਤੋਂ ਬਾਹਰੀ ਖੇਤਰਾਂ ਦੇ ਬਰਾਂਡ ਹਰਮਨਪ੍ਰੀਤ ਕੌਰ ਨਾਲ ਰਾਬਤਾ ਬਣਾ ਰਹੇ ਹਨ ਅਤੇ ਜੁੜਨ ਲਈ ਤਿਆਰ ਹਨ।" ਉਨ੍ਹਾਂ ਕਿਹਾ ਕਿ 2017 ਦਾ ਫਾਈਨਲ ਭਾਰਤ ਵਿੱਚ ਮਹਿਲਾ ਕ੍ਰਿਕਟ ਲਈ ਵੱਡੀ ਪ੍ਰਾਪਤੀ ਸੀ, ਪਰ ਅੱਠ ਸਾਲਾਂ ਮਗਰੋਂ ਖ਼ਿਤਾਬੀ ਜਿੱਤ ਨੇ ਖੇਡ ਦੀ ਹਰਮਨਪਿਆਰਤਾ ਅਤੇ ਬਰਾਂਡ ਦੀ ਦਿਲਚਸਪੀ ਨੂੰ ਦੂਜੇ ਪੱਧਰ ਤੱਕ ਲਿਆਂਦਾ ਹੈ।



# ਸੂਬੇ ਵਿੱਚ ਖੇਡਾਂ ਲਈ ਵੱਡੇ ਪੱਧਰ 'ਤੇ ਕੰਮ ਕਰ ਰਹੀ ਹੈ ਪੰਜਾਬ ਸਰਕਾਰ : ਮਾਨ


## ਸ਼ਹੀਦ ਸਰਾਭਾ ਦੀ ਯਾਦ ਵਿੱਚ 78ਵਾਂ ਖੇਡ ਮੇਲਾ ਸਮਾਪਤ



ਗੁਰੂਸਰ ਸੁਧਾਰ/ਏ.ਟੀ.ਨਿਊਜ਼: ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ ਵਿੱਚ 78ਵਾਂ ਖੇਡ ਮੇਲਾ ਅੱਜ ਸਮਾਪਤ ਹੋ ਗਿਆ। ਮੇਲੇ ਦੇ ਆਖ਼ਰੀ ਦਿਨ ਹੋਏ ਫਸਵੇਂ ਮੁਕਾਬਲਿਆਂ ਵਿੱਚ ਫੁੱਟਬਾਲ ਓਪਨ ਗੋਲਡ ਕੱਪ ਦਾ ਖ਼ਿਤਾਬ ਪਿੰਡ ਅੱਬੂਵਾਲ ਨੇ ਜਿੱਤਿਆ। ਹਾਕੀ ਓਪਨ ਗੋਲਡ ਕੱਪ 'ਤੇ ਸਾਈ ਇਲੈਵਨ ਕਲੱਬ ਨੇ ਕਬਜ਼ਾ ਕੀਤਾ। ਖੇਡ ਮੇਲੇ ਦੇ ਸਮਾਪਤੀ ਸਮਾਗਮ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਜੇਤੂਆਂ ਨੂੰ ਇਨਾਮ ਵੰਡੇ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਸਾਡੇ ਪ੍ਰੇਰਨਾ ਸਰੋਤ ਹਨ ਅਤੇ ਉਨ੍ਹਾਂ ਦੀ ਯਾਦ ਵਿੱਚ ਅਜਿਹੇ ਖੇਡ ਮੇਲੇ ਕਰਵਾਉਣਾ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਣ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਖੇਡਾਂ ਲਈ ਵੱਡੇ ਪੱਧਰ 'ਤੇ ਕੰਮ ਕਰ ਰਹੀ ਹੈ ਜਾਣਕਾਰੀ ਮੁਤਾਬਕ ਹਾਕੀ ਓਪਨ ਦੇ ਫਾਈਨਲ ਵਿੱਚ ਸਾਈ ਇਲੈਵਨ ਕਲੱਬ ਨੇ ਬਾਬਾ ਸ਼ੇਖ਼ ਫ਼ਰੀਦ ਕਲੱਬ ਨੂੰ ਹਰਾ ਕੇ ਗੋਲਡ ਕੱਪ ਆਪਣੇ ਨਾਂਅ ਕੀਤਾ। ਇਸੇ ਤਰ੍ਹਾਂ ਫੁਟਬਾਲ ਓਪਨ ਗੋਲਡ ਕੱਪ ਦੇ ਫਾਈਨਲ ਵਿੱਚ ਅੱਬੂਵਾਲ ਫੁੱਟਬਾਲ ਕਲੱਬ ਨੇ ਰਾਊਂਡ ਗਲਾਸ ਅਕੈਡਮੀ ਨੂੰ ਮਾਤ ਦੇ ਕੇ ਖ਼ਿਤਾਬ 'ਤੇ ਕਬਜ਼ਾ ਕੀਤਾ। ਫੁੱਟਬਾਲ (ਪਿੰਡ ਪੱਧਰੀ) ਮੁਕਾਬਲਿਆਂ ਵਿੱਚ ਪੱਖੋਵਾਲ ਨੇ ਪੱਲਾ ਦੀ ਟੀਮ ਨੂੰ ਹਰਾ ਕੇ ਜੇਤੂ ਟਰਾਫੀ ਆਪਣੇ ਨਾਂ ਕੀਤੀ। ਸਮਾਪਤੀ ਸਮਾਗਮ ਦੌਰਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਦੇ ਆਗੂਆਂ, ਨਗਰ ਪੰਚਾਇਤ ਅਤੇ ਇਲਾਕੇ ਦੇ ਪਤਵੰਤਿਆਂ ਨੇ ਜੇਤੂ ਖਿਡਾਰੀਆਂ ਦਾ ਨਕਦ ਇਨਾਮਾਂ ਅਤੇ ਟਰਾਫੀਆਂ ਨਾਲ ਸਨਮਾਨ ਕੀਤਾ।

## ਵਿਸ਼ਵ ਫੁਟਬਾਲ ਕੱਪ 'ਚ ਖੇਡਣਗੀਆਂ 48 ਟੀਮਾਂ

### ਅਮਰੀਕਾ, ਮੈਕਸਿਕੋ ਅਤੇ ਕੈਨੇਡਾ ਦੀ ਸਾਂਝੀ ਮੇਜ਼ਬਾਨੀ ਵਿੱਚ ਹੋਵੇਗਾ ਵਿਸ਼ਵ ਕੱਪ-2026



ਲਿਸਬਨ/ਏ.ਟੀ.ਨਿਊਜ਼: ਪੁਰਤਗਾਲ ਅਤੇ ਨਾਰਵੇ ਨੇ ਆਸਾਨ ਜਿੱਤਾਂ ਨਾਲ ਅਗਲੇ ਸਾਲ ਹੋਣ ਵਾਲੇ ਵਿਸ਼ਵ ਕੱਪ ਫੁਟਬਾਲ ਟੂਰਨਾਮੈਂਟ ਲਈ ਕੁਆਲੀਫਾਈ ਕਰ ਲਿਆ ਹੈ। ਅਮਰੀਕਾ, ਮੈਕਸਿਕੋ ਅਤੇ ਕੈਨੇਡਾ ਦੀ ਸਾਂਝੀ ਮੇਜ਼ਬਾਨੀ ਵਿੱਚ ਹੋਣ ਵਾਲੇ ਵਿਸ਼ਵ ਕੱਪ-2026 ਵਿੱਚ ਰਿਕਾਰਡ 48 ਟੀਮਾਂ ਹਿੱਸਾ ਲੈਣਗੀਆਂ। ਪੁਰਤਗਾਲ ਨੇ ਆਪਣੇ ਸਟਾਰ ਸਟ੍ਰਾਈਕਰ ਕ੍ਰਿਸਟੀਆਨੋ ਰੋਨਾਲਡੋ ਦੀ ਗ਼ੈਰ-ਮੌਜੂਦਗੀ ਦੇ ਬਾਵਜੂਦ ਅਰਮੇਨੀਆ ਨੂੰ 9-1 ਨਾਲ ਹਰਾਇਆ, ਜਿਸ ਨਾਲ ਇਸ ਮਹਾਨ ਫੁਟਬਾਲਰ ਨੂੰ ਰਿਕਾਰਡ ਛੇਵੀਂ ਵਾਰ ਵਿਸ਼ਵ ਕੱਪ ਵਿੱਚ ਖੇਡਣ ਦਾ ਮੌਕਾ ਮਿਲਿਆ। ਰੋਨਾਲਡੋ ਮੁਅੱਤਲੀ ਕਾਰਨ ਇਸ ਮੈਚ ਵਿੱਚ ਨਹੀਂ ਖੇਡ ਸਕਿਆ। ਨਾਰਵੇ ਨੇ ਵਿਸ਼ਵ ਕੱਪ ਦੇ ਚਾਰ ਵਾਰ ਚੈਂਪੀਅਨ ਰਹੇ ਇਟਲੀ ਨੂੰ 4-1 ਨਾਲ ਸ਼ਿਕਸਤ ਦਿੱਤੀ। ਕੁੱਲ 43 ਟੀਮਾਂ ਮਹਾਂਦੀਪੀ ਕੁਆਲੀਫਾਈਂਗ ਟੂਰਨਾਮੈਂਟਾਂ ਰਾਹੀਂ ਵਿਸ਼ਵ ਕੱਪ ਲਈ ਕੁਆਲੀਫਾਈ ਕਰਨਗੀਆਂ। ਬਾਕੀ ਦੋ ਟੀਮਾਂ ਮਾਰਚ ਵਿੱਚ ਮੈਕਸਿਕੋ ਵਿੱਚ ਹੋਣ ਵਾਲੇ ਛੇ ਟੀਮਾਂ ਦੇ ਅੰਤਰ-ਮਹਾਂਦੀਪੀ ਪਲੇਆਫ ਰਾਹੀਂ ਆਪਣੀ ਥਾਂ ਪੱਕੀ ਕਰਨਗੀਆਂ। ਤਿੰਨ ਮੇਜ਼ਬਾਨ ਦੇਸ਼ ਅਮਰੀਕਾ, ਮੈਕਸਿਕੋ ਅਤੇ ਕੈਨੇਡਾ ਪਹਿਲਾਂ ਹੀ ਵਿਸ਼ਵ ਕੱਪ ਵਿੱਚ ਆਪਣੀ ਥਾਂ ਬਣਾ ਚੁੱਕੇ ਹਨ।

## ਸਿਨਰ ਨੇ ਏ.ਟੀ.ਪੀ. ਫ਼ਾਈਨਲਜ਼ ਟੈਨਿਸ ਟੂਰਨਾਮੈਂਟ ਦਾ ਖ਼ਿਤਾਬ ਬਰਕਰਾਰ ਰੱਖਿਆ

ਤੂਰਿਨ/ਏ.ਟੀ.ਨਿਊਜ਼: ਵਿਸ਼ਵ ਦੇ ਦੂਜੇ ਨੰਬਰ ਦੇ ਖਿਡਾਰੀ ਯਾਨਿਕ ਸਿਨਰ ਨੇ ਆਪਣੇ ਰਵਾਇਤੀ ਵਿਰੋਧੀ ਕਾਰਲੋਸ ਅਲਕਰਾਜ਼ ਨੂੰ 7-6 (4), 7-5 ਨਾਲ ਹਰਾ ਕੇ ਏ ਟੀ ਪੀ ਫਾਈਨਲਜ਼ ਟੈਨਿਸ ਟੂਰਨਾਮੈਂਟ ਦਾ ਖ਼ਿਤਾਬ ਬਰਕਰਾਰ ਰੱਖਿਆ ਹੈ। ਇਹ ਇਸ ਸਾਲ ਪੁਰਸ਼ ਟੈਨਿਸ ਵਿੱਚ ਦਬਦਬਾ ਬਣਾ ਕੇ ਰੱਖਣ ਵਾਲੇ ਇਨ੍ਹਾਂ ਦੋਵਾਂ ਖਿਡਾਰੀਆਂ ਦਰਮਿਆਨ ਛੇਵੀਂ ਟੱਕਰ ਸੀ। ਇਟਲੀ ਦੇ ਸਿਨਰ ਨੇ ਆਪਣੇ ਘਰੇਲੂ ਪ੍ਰਸ਼ੰਸਕਾਂ ਸਾਹਮਣੇ ਖ਼ਿਤਾਬ ਦਾ ਬਚਾਅ ਕਰਦਿਆਂ ਇਸ ਸਾਲ ਅਲਕਰਾਜ਼ 'ਤੇ ਦੂਜੀ ਵਾਰ ਜਿੱਤ ਦਰਜ ਕੀਤੀ। ਉਸਨੇ ਪਹਿਲਾਂ ਵਿੰਬਲਡਨ ਫਾਈਨਲ ਵਿੱਚ ਸਪੈਨਿਸ਼ ਖਿਡਾਰੀ ਨੂੰ ਸ਼ਿਕਸਤ ਦਿੱਤੀ ਸੀ। ਇਸ ਸਾਲ ਦੋ ਗਰੈਂਡ ਸਲੈਮ ਖ਼ਿਤਾਬ ਜਿੱਤਣ ਵਾਲੇ ਸਿਨਰ ਨੇ ਕਿਹਾ, "ਇਹ ਸ਼ਾਨਦਾਰ ਸੀਜ਼ਨ ਰਿਹਾ। ਆਪਣੇ ਇਤਾਲਵੀ ਪ੍ਰਸ਼ੰਸਕਾਂ ਸਾਹਮਣੇ ਇਸ ਨੂੰ ਅਜਿਹੇ ਢੰਗ ਨਾਲ ਖ਼ਤਮ ਕਰਨਾ ਮੇਰੇ ਲਈ ਕਾਫ਼ੀ ਖ਼ਾਸ ਹੈ।"




ਅਲਕਰਾਜ਼ ਸਾਲ ਦੇ ਅਖ਼ੀਰ ਵਿੱਚ ਪਹਿਲਾਂ ਹੀ ਵਿਸ਼ਵ ਦੇ ਅੱਵਲ ਨੰਬਰ ਦੀ ਦਰਜਾਬੰਦੀ ਹਾਸਲ ਕਰ ਚੁੱਕਾ ਹੈ। ਉਹ ਸਾਲ ਦੇ ਸਿਖਰਲੇ ਅੱਠ ਖਿਡਾਰੀਆਂ ਦਰਮਿਆਨ ਖੇਡੇ ਗਏ ਇਸ ਟੂਰਨਾਮੈਂਟ ਵਿੱਚ

(ਬਾਕੀ ਸਫ਼ਾ 27 'ਤੇ)


## 5ਵੇਂ ਕੇਸਾਧਾਰੀ ਲੀਗ ਹਾਕੀ ਗੋਲਡ ਕੱਪ ਵਿੱਚ ਮਿਸਲ ਡੱਲੇਵਾਲੀਆ ਦੀ ਟੀਮ ਜੇਤੂ

ਐੱਸ ਏ ਐੱਸ ਨਗਰ (ਮੋਹਾਲੀ)/ਏ.ਟੀ.ਨਿਊਜ਼: ਮੋਹਾਲੀ ਦੇ ਸੈਕਟਰ 63 ਦੇ ਉਲੰਪੀਅਨ ਬਲਬੀਰ ਸਿੰਘ ਸੀਨੀਅਰ ਕੌਮਾਂਤਰੀ ਹਾਕੀ ਸਟੇਡੀਅਮ ਵਿੱਚ ਇੰਟਰਨੈਸ਼ਨਲ ਸਿੱਖ ਸਪੋਰਟਸ ਕੌਂਸਲ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ 5ਵੇਂ ਕੇਸਾਧਾਰੀ ਲੀਗ ਹਾਕੀ ਗੋਲਡ ਕੱਪ ਅੰਡਰ-19 ਵਿੱਚ ਰਾਊਂਡ ਗਲਾਸ (ਮਿਸਲ ਡੱਲੇਵਾਲੀਆ) ਦੀ ਟੀਮ ਨੇ ਨਾਮਧਾਰੀ ਸਪੋਰਟਸ ਅਕੈਡਮੀ (ਮਿਸਲ ਨਿਸ਼ਾਨਾਂਵਾਲੀ) ਨੂੰ 4-1 ਦੇ ਫ਼ਰਕ ਨਾਲ ਹਰਾ ਕੇ ਖਿਤਾਬੀ ਜਿੱਤ ਹਾਸਲ ਕੀਤੀ ਹੈ ਅਤੇ ਲੱਖ ਰੁਪਏ ਦਾ ਇਨਾਮ ਜਿੱਤਿਆ ਹੈ। ਮਿਸਲ ਰਾਮਗੜ੍ਹੀਆ ਤੀਜੇ ਸਥਾਨ 'ਤੇ ਰਹੀ ਹੈ। ਕੌਂਸਲ ਦੇ ਪ੍ਰਧਾਨ ਜਸਬੀਰ ਸਿੰਘ ਮੋਹਾਲੀ ਦੀ ਅਗਵਾਈ ਵਿੱਚ ਕਰਵਾਏ ਗਏ ਟੂਰਨਾਮੈਂਟ ਦੇ ਅਖੀਰਲੇ ਦਿਨ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਜੇਤੂ ਟੀਮਾਂ ਨੂੰ ਇਨਾਮ ਵੰਡੇ। ਉਨ੍ਹਾਂ ਕੌਂਸਲ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਕੌਂਸਲ ਨੂੰ ਦੋ ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਵੀ ਕੀਤਾ ਸੰਗਰੂਰ ਦੇ ਖਿਡਾਰੀ ਜੋਬਨਜੋਤ ਸਿੰਘ ਨੂੰ ਮੈਨ ਆਫ ਦਾ ਮੈਚ ਐਵਾਰਡ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਦੇ ਜਗਜੀਤ ਸਿੰਘ ਨੂੰ ਮੈਨ ਆਫ ਦੀ ਟੂਰਨਾਮੈਂਟ, ਨਾਮਧਾਰੀ ਟੀਮ ਦੇ ਮਨਦੀਪ ਸਿੰਘ ਨੂੰ ਸਰਵੋਤਮ ਫਾਰਵਰਡ, ਸੰਗਰੂਰ ਦੇ ਸ਼ਰਨਜੀਤ ਸਿੰਘ ਨੂੰ ਸਰਵੋਤਮ ਡਿਫੈਂਡਰ, ਰਾਊਂਡ ਗਲਾਸ ਦੇ ਜੀਵਨ ਸਿੰਘ ਨੂੰ ਸਰਵੋਤਮ ਗੋਲਕੀਪਰ ਅਤੇ ਰਾਊਂਡ ਗਲਾਸ ਦੇ ਗੁਰਵਿੰਦਰ ਸਿੰਘ ਨੂੰ ਟਾਪ ਸਕੋਰਰ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਟੂਰਨਾਮੈਂਟ ਵਿੱਚ ਕੌਮਾਂਤਰੀ ਖਿਡਾਰਨ ਜੁਆਏ ਬੈਦਵਾਣ (ਸ਼ਾਟਪੁੱਟ) ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।



# ਦਿਲਜੀਤ ਦੋਸਾਂਝ

## ਦੀ ਐਮੀ ਨਾਮਜ਼ਦਗੀ ਦੀ ਅੰਦਰੂਨੀ ਕਹਾਣੀ





ਨੈੱਟਫਲਿਕਸ ਨੇ ਇਸ ਮੁਹਿੰਮ ਦੀ ਅਗਵਾਈ ਕੀਤੀ, ਬਾਲੀਵੁੱਡ ਨੇ ਨਹੀਂ। ਅੰਤਰਰਾਸ਼ਟਰੀ ਐਮੀ ਨਾਮਜ਼ਦਗੀਆਂ ਆਪਣੇ ਆਪ ਨਹੀਂ ਹੁੰਦੀਆਂ। ਇੱਕ ਪਲੇਟਫਾਰਮ (ਨੈੱਟਫਲਿਕਸ, ਐਮਾਜ਼ਾਨ ਆਦਿ) ਨੂੰ ਇੱਕ ਪ੍ਰੋਜੈਕਟ ਲਈ ਜਮਾਂ ਕਰਵਾਉਣਾ, ਮੁਹਿੰਮ ਚਲਾਉਣਾ ਅਤੇ ਲਾਬਿੰਗ ਕਰਨੀ ਪੈਂਦੀ ਹੈ।

ਨੈੱਟਫਲਿਕਸ ਨੇ ਚਮਕੀਲਾ ਨੂੰ ਆਪਣੇ ਗਲੋਬਲ ਅਵਾਰਡ ਦਾਅਵੇਦਾਰਾਂ ਵਿੱਚੋਂ ਇੱਕ ਵਜੋਂ ਚੁਣਿਆ। ਨੈੱਟਫਲਿਕਸ ਕੋਲ 2024 ਲਈ ਆਪਣੀ ਪਾਈਪਲਾਈਨ ਵਿੱਚ ਦਰਜਨਾਂ ਭਾਰਤੀ ਖਿਤਾਬ ਸਨ। ਇਸਨੇ ਸਿਰਫ਼ ਕੁਝ ਕੁ ਲਈ ਪ੍ਰਚਾਰ ਕੀਤਾ।

**ਚਮਕੀਲਾ ਕਿਉਂ ?**

ਨੈੱਟਫਲਿਕਸ ਨੇ ਫ਼ਿਲਮ ਚਮਕੀਲਾ ਦੀ ਕਿਉਂ ਚੋਣ ਕੀਤੀ ? ਇਸ ਦੇ ਜਵਾਬ ਵਿੱਚ ਕਿਹਾ ਜਾ ਸਕਦਾ ਹੈ ਕਿ ਇਸ ਫ਼ਿਲਮ ਦੀ ਜ਼ੋਰਦਾਰ ਆਲੋਚਨਾਤਮਕ ਪ੍ਰਸ਼ੰਸਾ, ਵਿਲੱਖਣ ਪੰਜਾਬੀ ਲੋਕ ਵਿਸ਼ਾ, ਇਮਤਿਆਜ਼ ਅਲੀ ਦਾ ਅੰਤਰਰਾਸ਼ਟਰੀ ਪ੍ਰਤਿਸ਼ਠਾ, ਦਿਲਜੀਤ ਦਾ ਗਲੋਬਲ ਪ੍ਰਸ਼ੰਸਕਾਂ ਦਾ ਬੇਸ (ਭਾਰਤ + ਪਾਕਿਸਤਾਨ + ਡਾਇਸਪੋਰਾ) ਕਾਰਨ ਚੋਣ ਕੀਤੀ ਗਈ।

ਨੈੱਟਫਲਿਕਸ ਨੇ ਇਸਨੂੰ ਗਲੋਬਲ ਸੰਗੀਤ-ਬਾਇਓਪਿਕ ਸ਼੍ਰੇਣੀ ਵਿੱਚ ਦਾਖਲ ਹੋਣ ਦੇ ਮੌਕੇ ਵਜੋਂ ਦੇਖਿਆ, ਜੋ ਅਕਸਰ ਪੁਰਸਕਾਰਾਂ ਵਿੱਚ ਵਧੀਆ ਪ੍ਰਦਰਸ਼ਨ ਕਰਦਾ ਹੈ। ਇਹ ਚੋਣ ਫਿਲਮ ਦੀ ਐਮੀ ਨਾਮਜ਼ਦਗੀ ਦਾ ਮੁੱਖ ਕਾਰਨ ਹੈ।

ਨੈੱਟਫਲਿਕਸ ਦੀ ਮੁਹਿੰਮ ਤੋਂ ਬਿਨਾਂ, ਕੋਈ ਨਾਮਜ਼ਦਗੀਆਂ ਨਹੀਂ ਹੋਣੀਆਂ ਸਨ।

ਐਮੀ ਕਮੇਟੀ ਨੂੰ 'ਅੰਡਰਡੌਗ ਸੱਭਿਆਚਾਰਕ ਕਹਾਣੀਆਂ' ਪਸੰਦ ਹਨ।

**ਅੰਤਰਰਾਸ਼ਟਰੀ ਐਮੀਜ਼ ਦਾ ਪੱਖ ਹੈ:**

ਅਸਲ ਵਿੱਚ ਅੰਤਰਰਾਸ਼ਟਰੀ ਐਮੀਜ਼ ਬਾਇਓਪਿਕਸ, ਸੱਚੀਆਂ ਕਹਾਣੀਆਂ, ਰਾਸ਼ਟਰੀ/ਖੇਤਰੀ ਸੱਭਿਆਚਾਰਕ ਆਈਕਨ, ਪੱਛਮੀ ਗੋਲਾਕਾਰ ਤੋਂ ਬਾਹਰੋਂ ਕੰਮ ਚਾਹੁੰਦਾ ਹੈ।

ਅਮਰ ਸਿੰਘ ਚਮਕੀਲਾ ਦੇ ਕਤਲ ਦੀ ਕਹਾਣੀ ਰਾਜਨੀਤਿਕ ਤੌਰ 'ਤੇ ਸੰਵੇਦਨਸ਼ੀਲ, ਸੰਗੀਤਕ ਤੌਰ 'ਤੇ ਸ਼ਕਤੀਸ਼ਾਲੀ, ਸੱਭਿਆਚਾਰਕ ਤੌਰ 'ਤੇ ਡੂੰਘੀ ਅਤੇ ਭਾਵਨਾਤਮਕ ਤੌਰ 'ਤੇ ਅਮੀਰ ਹੈ। ਇਹ ਥੀਮ ਐਮੀ ਜਿਊਰੀ ਨੂੰ ਆਕਰਸ਼ਿਤ ਕਰਦੇ ਹਨ। ਇੱਕ ਸ਼ਾਂਤ ਪਰ ਮਜ਼ਬੂਤ ਪੀ ਆਰ ਲਾਬਿੰਗ ਕੀਤੀ ਗਈ ਸੀ।

**ਅੰਤਰਰਾਸ਼ਟਰੀ ਐਮੀਜ਼ ਲਈ, ਪ੍ਰਕਿਰਿਆ ਇਹ ਹੈ:**

ਸਬਮਿਸ਼ਨ, ਜਿਊਰੀ ਸਕ੍ਰੀਨਿੰਗ, ਲਾਬਿੰਗ, ਪੀਆਰ ਪੁਸ਼, ਨਾਮਜ਼ਦਗੀ। ਲਾਬਿੰਗ ਹਲਕੀ ਹੈ, ਆਸਕਰ ਵਾਂਗ ਹਮਲਾਵਰ ਨਹੀਂ ਹੈ।

**ਨੈੱਟਫਲਿਕਸ ਨੇ ਕੀ ਕੀਤਾ ?**

ਐਮੀ ਜਿਊਰੀ ਲਈ ਇੱਕ ਨਿੱਜੀ ਸਕ੍ਰੀਨਿੰਗ ਦਾ ਪ੍ਰਬੰਧ ਕੀਤਾ। ਸੰਯੋਜਿਤ ਗਲੋਬਲ ਮੀਡੀਆ ਕਵਰੇਜ, ਦਿਲਜੀਤ ਦੇ ਪ੍ਰਦਰਸ਼ਨ ਨੂੰ 'ਪਰਿਵਰਤਨਸ਼ੀਲ' ਕਿਹਾ। ਪੰਜਾਬ ਦੀ ਕਹਾਣੀ ਨੂੰ 'ਗਲੋਬਲ ਸਾਰਥਕਤਾ' ਵਜੋਂ ਪੇਸ਼ ਕੀਤਾ।

ਐਵਾਰਡ ਸੀਜ਼ਨ ਦੇ ਆਲੇ-ਦੁਆਲੇ ਅਮਰੀਕਾ ਵਿੱਚ ਹੋਣ ਵਾਲੇ ਸਮਾਗਮਾਂ ਵਿੱਚ ਦਿਲਜੀਤ ਦੀ ਮੌਜੂਦਗੀ ਨੂੰ ਯਕੀਨੀ ਬਣਾਇਆ।

ਇਸ ਕਿਸਮ ਦੀ ਮੁਹਿੰਮ 'ਤੇ ਆਸਾਨੀ ਨਾਲ ਡਾਲਰ 200,000- ਡਾਲਰ 500,000 ਖਰਚ ਆ ਸਕਦਾ ਹੈ ਅਤੇ ਇਸ ਦਾ ਨੈੱਟਫਲਿਕਸ ਨੇ ਭੁਗਤਾਨ ਕੀਤਾ।

ਦਿਲਜੀਤ ਦੇ ਪ੍ਰਦਰਸ਼ਨ ਨੂੰ 'ਪ੍ਰਮਾਣਿਕ ਪ੍ਰਤੀਨਿੱਧਤਾ' ਮੰਨਿਆ ਜਾਂਦਾ ਸੀ।

ਹਾਲੀਵੁੱਡ ਅਤੇ ਗਲੋਬਲ ਪੁਰਸਕਾਰ ਸੰਸਥਾਵਾਂ ਹੁਣ ਪ੍ਰਮਾਣਿਕ ਆਵਾਜ਼ਾਂ ਨੂੰ ਇਨਾਮ ਦੇ ਰਹੀਆਂ ਹਨ:

ਮੂਲ ਕਹਾਣੀਆਂ ਨੂੰ ਦਰਸਾਉਂਦੇ ਮੂਲ ਕਲਾਕਾਰ, ਅਸਲ ਸੱਭਿਆਚਾਰਕ ਅਨੁਭਵ, ਕੋਈ ਚਿੱਟਾ ਧੋਣਾ ਨਹੀਂ, ਕੋਈ ਬਾਲੀਵੁੱਡ-ਸ਼ੈਲੀ ਦਾ ਨਾਟਕੀਕਰਨ ਨਹੀਂ। ਦਿਲਜੀਤ, ਇੱਕ ਅਸਲੀ ਪੰਜਾਬੀ ਗਾਇਕ ਜੋ ਇੱਕ ਪ੍ਰਤੀਕ ਪੰਜਾਬੀ ਗਾਇਕ ਦੀ ਭੂਮਿਕਾ ਨਿਭਾ ਰਿਹਾ ਹੈ, ਉਸ ਸੰਪੂਰਨ ਬਾਕਸ ਵਿੱਚ ਫਿੱਟ ਬੈਠਦਾ ਹੈ।

**ਭੂਮਿਕਾ ਅਤੇ ਸੱਭਿਆਚਾਰ ਵਿੱਚ ਪ੍ਰਮਾਣਿਕਤਾ:**

ਇਹ ਇਸ ਸਮੇਂ ਅੰਤਰਰਾਸ਼ਟਰੀ ਪੁਰਸਕਾਰਾਂ ਵਿੱਚ ਇੱਕ ਵੱਡਾ ਰੁਝਾਨ ਹੈ।

ਇਮਤਿਆਜ਼ ਅਲੀ ਦੀ ਸਾਖ ਇੱਕ ਵੱਡਾ ਫਾਇਦਾ ਸੀ। ਇਮਤਿਆਜ਼ ਅਲੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਕਹਾਣੀ ਸੁਣਾਉਣਾ, ਸੰਗੀਤ ਅਤੇ ਸੰਵੇਦਨਸ਼ੀਲਤਾ ਲਈ ਮਾਨਤਾ ਪ੍ਰਾਪਤ ਹੈ। ਗਲੋਬਲ ਜਿਊਰੀਆਂ ਉਸਨੂੰ ਇੱਕ 'ਕਲਾ-ਘਰ ਵਪਾਰਕ ਨਿਰਦੇਸ਼ਕ' ਵਜੋਂ ਵੇਖਦੀਆਂ ਹਨ। ਇਸ ਪ੍ਰਸਿੱਧੀ ਨੇ ਫਿਲਮ ਨੂੰ ਨਿਯਮਤ ਬਾਲੀਵੁੱਡ ਸਬਮਿਸ਼ਨਾਂ ਤੋਂ ਵੱਖਰਾ ਬਣਾਉਣ ਵਿੱਚ ਮਦਦ ਕੀਤੀ ਪੰਜਾਬੀ ਸਮੱਗਰੀ ਇੱਕ ਗਲੋਬਲ ਰੁਝਾਨ ਬਣ ਰਹੀ ਹੈ। ਨੈੱਟਫਲਿਕਸ, ਐਮਾਜ਼ਾਨ, ਐਪਲ, ਅਤੇ ਸਪੋਟੀਫਾਈ ਦੇ ਅੰਦਰੂਨੀ ਵਿਸ਼ਲੇਸ਼ਣ ਹਨ।

ਪੰਜਾਬੀ ਸੰਗੀਤ ਹੈ:

ਕੈਨੇਡਾ ਵਿੱਚ #1 ਗੈਰ-ਅੰਗਰੇਜ਼ੀ ਸੰਗੀਤ ਸਟਰੀਮ ਕੀਤਾ ਗਿਆ। ਯੂਕੇ ਵਿੱਚ #3 ਅਤੇ ਅਮਰੀਕਾ ਵਿੱਚ #6 ਸਟਰੀਮ ਕੀਤੇ ਗਏ।

ਦਿਲਜੀਤ, ਕਰਨ ਔਜਲਾ ਅਤੇ ਸਤਿੰਦਰ ਸਰਤਾਜ ਵਰਗੇ ਪੰਜਾਬੀ ਕਲਾਕਾਰਾਂ ਨੇ ਦੁਨੀਆ ਭਰ ਦੇ ਸਟੇਡੀਅਮ ਭਰ ਦਿੱਤੇ। ਇਸ ਰੁਝਾਨ ਨੇ ਚਮਕੀਲਾ ਨੂੰ ਗਲੋਬਲ ਪੁਰਸਕਾਰਾਂ ਲਈ ਨੈੱਟਫਲਿਕਸ ਲਈ ਇੱਕ ਰਣਨੀਤਕ ਸਮੱਗਰੀ ਟੁਕੜਾ ਬਣਾਇਆ।

**ਦਿਲਜੀਤ ਕਿਉਂ ਨਹੀਂ ਜਿੱਤਿਆ ?**

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਦਿਲਜੀਤ ਐਮੀ ਪੁਰਸਕਾਰ ਕਿਉਂ ਨਹੀਂ ਜਿੱਤਿਆ ? ਇਸ ਦੇ ਜਵਾਬ ਵਿੱਚ ਉਦਯੋਗ ਮਾਹਰ ਦੇ ਕਾਰਨ ਦੱਸਦੇ ਹਨ:

1. ਐਮੀ ਜਿਊਰੀ ਯੂਰਪੀਅਨ ਕਲਾ-ਸ਼ੈਲੀ ਦੀ ਅਦਾਕਾਰੀ ਨੂੰ ਤਰਜੀਹ ਦਿੰਦੀ ਹੈ।

2. ਦਿਲਜੀਤ ਦਾ ਪ੍ਰਦਰਸ਼ਨ ਮਜ਼ਬੂਤ ਸੀ, ਪਰ ਐਮੀ ਅਦਾਕਾਰੀ ਪੁਰਸਕਾਰ ਅਕਸਰ ਸਪੈਨਿਸ਼, ਜਰਮਨ, ਇਜ਼ਰਾਈਲੀ, ਸਕੈਂਡੇਨੇਵੀਅਨ ਕਲਾਕਾਰਾਂ ਨੂੰ ਜਾਂਦੇ ਹਨ।

ਇਹ ਇੱਕ ਪੈਟਰਨ ਹੈ। ਚਮਕੀਲਾ ਦੀ ਫਿਲਮ ਪ੍ਰਸਿੱਧ ਸੀ ਪਰ ਤਿਉਹਾਰ-ਸ਼ੈਲੀ ਨਹੀਂ ਸੀ। ਜਿੱਤਣ ਵਾਲੇ ਕੰਮ ਆਮ ਤੌਰ 'ਤੇ ਹਨੇਰਾ, ਨਿਰਾਸ਼ਾਜਨਕ, ਹੌਲੀ-ਜਲਣ, ਰਾਜਨੀਤਿਕ ਤੌਰ 'ਤੇ ਭਾਰੀ, ਘੱਟ ਸੰਗੀਤਕ/ਘੱਟ ਵਪਾਰਕ ਹੁੰਦੇ ਹਨ, ਪਰ ਚਮਕੀਲਾ ਫ਼ਿਲਮ ਚਮਕਦਾਰ, ਕਲਾਤਮਕ, ਅਤੇ ਸੰਗੀਤਕ ਮਨੋਰੰਜਨ ਵੀ ਸੀ।

ਨਾਮਜ਼ਦਗੀ ਅਜੇ ਵੀ ਕਿਉਂ ਮਾਇਨੇ ਰੱਖਦੀ ਹੈ ? ਕਿਉਂਕਿ ਇਸ ਵਿੱਚ ਪਹਿਲਾ ਪੰਜਾਬੀ ਅਦਾਕਾਰ ਨਾਮਜ਼ਦ ਕੀਤਾ ਗਿਆ। ਪੰਜਾਬੀ ਸਿਨੇਮਾ ਲਈ ਗਲੋਬਲ ਪੁਰਸਕਾਰਾਂ ਦਾ ਦਰਵਾਜ਼ਾ ਖੋਲ੍ਹਿਆ। ਦਿਲਜੀਤ ਨੂੰ ਕੁਲੀਨ ਗਲੋਬਲ ਪ੍ਰਦਰਸ਼ਨਕਾਰ ਕਲੱਬ ਦਾ ਹਿੱਸਾ ਬਣਾਇਆ। ਨੈੱਟਫਲਿਕਸ ਲਈ ਹਮੇਸ਼ਾ ਲਈ ਇੱਕ ਮਾਰਕੀਟਿੰਗ ਟੂਲ ਬਣਾਇਆ। ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬੀ ਕਹਾਣੀ ਸੁਣਾਉਣ ਨੂੰ ਮਜ਼ਬੂਤ ? ?ਕੀਤਾ

ਹਕੀਕਤ: ਇਹ 'ਕਿਸਮਤ' ਨਹੀਂ ਸੀ—ਇਹ ਇੱਕ ਯੋਜਨਾਬੱਧ, ਭੁਗਤਾਨ ਕੀਤਾ ਅਤੇ ਰਣਨੀਤਕ ਮੁਹਿੰਮ ਸੀ। ਦਿਲਜੀਤ ਆਪਣੇ ਪ੍ਰਦਰਸ਼ਨ ਲਈ ਨਾਮਜ਼ਦਗੀ ਦੇ ਹੱਕਦਾਰ ਸੀ, ਪਰ ਨਾਮਜ਼ਦਗੀ ਇਸ ਲਈ ਹੋਈ ਕਿਉਂਕਿ ਨੈੱਟਫਲਿਕਸ ਨੇ ਇਸ ਨੂੰ ਉਤਸ਼ਾਹਿਤ ਕੀਤਾ, ਮੁਹਿੰਮ ਨੂੰ ਫੰਡ ਦਿੱਤਾ, ਇਸਨੂੰ ਵਿਸ਼ਵ ਪੱਧਰ 'ਤੇ ਮਾਰਕੀਟ ਕੀਤਾ, ਸਹੀ ਥਾਵਾਂ 'ਤੇ ਲਾਬਿੰਗ ਕੀਤੀ, ਦਿਲਜੀਤ ਦੇ ਵਧਦੇ ਗਲੋਬਲ ਅਕਸ ਦਾ ਫਾਇਦਾ ਉਠਾਇਆ ਅੰਤਰਰਾਸ਼ਟਰੀ ਪੁਰਸਕਾਰ ਸਾਰੇ ਕਲਾਕਾਰਾਂ ਲਈ ਇਸੇ ਤਰ੍ਹਾਂ ਕੰਮ ਕਰਦੇ ਹਨ ਸਿਰਫ਼ ਦਿਲਜੀਤ ਲਈ ਨਹੀਂ।





## ਮਾਓਵਾਦੀ ਫੋਰਸ ਦਾ ਇੱਕ ਵੱਡਾ ਯੋਧਾ ਅਤੇ ਗੁਰੀਲਾ ਜੰਗ

ਹਿਡਮਾ ਦਾ ਏ.ਕੇ.47 ਨਾਲ ਇੱਕ ਤਰ੍ਹਾਂ ਨਾਲ ਇਸ਼ਕ ਸੀ। ਉਹ 150 ਤੋਂ 250 ਮਾਓਵਾਦੀ ਫੌਜੀਆਂ ਦੀ ਅਗਵਾਈ ਕਰਦਾ ਸੀ। ਉਹ ਵੱਡੇ ਵੱਡੇ ਇਕੱਠਾਂ ਵਿੱਚ ਕਦੇ ਨਹੀਂ ਸੀ ਜਾਂਦਾ। ਮਾਓਵਾਦੀ ਪਾਰਟੀ ਦੀ ਸਭ ਤੋਂ ਉੱਚੀ ਪੱਧਰ ਦੀ ਫੈਸਲਾਕੁਨ ਸੰਸਥਾ ਯਾਨੀ ਸੈਂਟਰਲ ਕਮੇਟੀ ਦਾ ਉਹ ਮੈਂਬਰ ਸੀ ਅਤੇ ਉਹ ਇੱਕੋ ਇੱਕ ਆਦਿਵਾਸੀ ਤੇ ਸਭ ਤੋਂ ਘੱਟ ਉਮਰ ਵਾਲਾ ਮੈਂਬਰ ਸੀ ਜਿਸ ਨੂੰ ਇਸ ਕਮੇਟੀ ਵਿੱਚ ਸ਼ਾਮਿਲ ਕੀਤਾ ਗਿਆ ਸੀ। ਦਿਲਚਸਪ ਗੱਲ ਇਹ ਵੀ ਹੈ ਕਿ ਸੈਂਟਰਲ ਕਮੇਟੀ ਵਿੱਚ ਆਦਿ ਵਾਸੀਆਂ ਨੂੰ ਮੈਂਬਰ ਨਹੀਂ ਸੀ ਲਿਆ ਜਾਂਦਾ।

ਹਿਡਮਾ ਦੇ ਪਿੰਡ ਦਾ ਨਾਂ ਪੁਰਵਤੀ ਹੈ। ਇਹ ਪਿੰਡ ਛੱਤੀਸਗੜ੍ਹ ਸੂਬੇ ਵਿੱਚ ਪੈਂਦਾ ਹੈ। ਦਿਲਚਸਪ ਖਬਰ ਇਹ ਹੈ ਕਿ ਇਸ ਪਿੰਡ ਨੇ ਘੱਟੋ ਘੱਟ 24 ਵਲੰਟੀਅਰ ਮਾਓਵਾਦੀ ਫੌਜ ਨੂੰ ਦਿੱਤੇ ਹਨ ਅਤੇ ਇਹ ਪਿੰਡ ਨਕਸਲੀਆਂ ਦੀ ਨਰਸਰੀ ਕਿਹਾ ਜਾਂਦਾ ਹੈ। ਇਸ ਪਿੰਡ ਵਿੱਚ ਜਾਂ ਨਾਲ ਲੱਗਦੇ ਇਲਾਕੇ ਵਿੱਚ ਨਕਸਲੀਆਂ ਦੀ ਫੌਜੀ ਟ੍ਰੇਨਿੰਗ ਹੋਇਆ ਕਰਦੀ ਸੀ ਅਤੇ ਜਾਂ ਉਹਨਾਂ ਨੂੰ ਵਿਚਾਰਧਾਰਕ ਤੌਰ 'ਤੇ ਲੈਸ ਕੀਤਾ ਜਾਂਦਾ ਸੀ। ਹਿਡਮਾ ਦੇ ਸਿਰ ਦਾ ਇਨਾਮ ਇੱਕ ਕਰੋੜ ਰੁਪਏ ਰੱਖਿਆ ਗਿਆ ਸੀ। ਉਹ ਅਕਸਰ ਆਪਣੀ ਥਾਂ ਬਦਲਦਾ ਰਹਿੰਦਾ ਸੀ। ਜਦੋਂ ਵੀ ਸੁਰੱਖਿਆ ਬਲਾਂ ਨੂੰ ਕੋਈ ਖਬਰ ਮਿਲਦੀ ਕਿ ਉਹ ਵੀਹ ਮੀਲ ਦੇ ਘੇਰੇ ਵਿੱਚ ਕਿਸੇ ਥਾਂ 'ਤੇ ਰਹਿੰਦਾ ਹੈ ਤਾਂ ਸੁਰੱਖਿਆ ਬਲਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਉਹ ਥਾਂ ਛੱਡ ਦਿੰਦਾ ਸੀ। ਸੁਰੱਖਿਆ ਬਲਾਂ ਦਾ ਇੱਥੇ ਪਹੁੰਚਣਾ ਇੱਕ ਤਰ੍ਹਾਂ ਨਾਲ ਮੌਤ ਨੂੰ ਸੱਦਾ ਦੇਣਾ ਸੀ ਕਿਉਂਕਿ ਜੰਗਲ ਬਹੁਤ ਸੰਘਣਾ ਸੀ ਅਤੇ ਸੁਰੱਖਿਆ ਬਲਾਂ ਨੂੰ ਇੱਕ ਸਮੇਂ ਜੰਗਲਾਂ ਬਾਰੇ ਬਹੁਤੀ ਜਾਣਕਾਰੀ ਵੀ ਨਹੀਂ ਸੀ।

ਦੋਸਤੋ, ਭਾਵੇਂ ਹਿਡਮਾ ਦੇ ਪਿੰਡ ਤੱਕ ਕਿਸੇ ਬਾਹਰਲੇ ਬੰਦੇ ਦਾ ਜਾਣਾ ਬਹੁਤ ਹੀ ਮੁਸ਼ਕਿਲ ਸੀ ਪਰ ਇੱਕ ਦਿਨ ਛਤੀਸਗੜ੍ਹ ਦੇ ਉਪ ਮੁੱਖ ਮੰਤਰੀ ਵਿਜੇ ਸ਼ਰਮਾ ਨੇ ਦਲੇਰੀ ਕੀਤੀ ਤੇ ਇਕੱਲਾ ਹੀ ਸੰਘਣੇ ਜੰਗਲਾਂ ਵਿੱਚ ਮੋਟਰਸਾਈਕਲ ਚਲਾਉਂਦਾ ਹੋਇਆ ਪੁਰਵਤੀ ਪਿੰਡ ਪਹੁੰਚ ਗਿਆ। ਉਹ ਹਿਡਮਾ ਦੀ ਮਾਂ ਨੂੰ ਮਿਲਿਆ ਤੇ ਉਸ ਨਾਲ ਕੁਝ ਗੱਲਾਂ ਕੀਤੀਆਂ ਕਿ ਉਹ ਉਸ ਨੂੰ ਕਹੋ ਕਿ ਹਿਡਮਾ ਮੁੱਖ ਧਾਰਾ ਵਿੱਚ ਸ਼ਾਮਿਲ ਹੋ ਜਾਵੇ। ਗੋਹੇ ਮਿੱਟੀ ਨਾਲ ਲਿਪੇ ਕੱਚੇ ਵਿਹੜੇ ਉੱਤੇ ਮੰਜੀ ਡਾਹ ਕੇ ਬੈਠੀ ਮਾਂ ਨੇ ਉਸ ਨਾਲ ਕੁਝ ਗੱਲਾਂ ਕੀਤੀਆਂ। ਮਾਂ ਦੀਆਂ ਅੱਖਾਂ ਵਿੱਚ ਅੱਥਰੂ ਸਨ ਜਿਵੇਂ ਕਿ ਸੰਸਾਰ ਭਰ ਦੇ ਇਨਕਲਾਬੀਆਂ ਦੀਆਂ ਮਾਵਾਂ ਦੀ ਇਹੋ ਜਿਹੇ ਸਮਿਆਂ ਵਿੱਚ ਹਾਲਤ ਹੁੰਦੀ ਹੈ। ਉਪ ਮੁੱਖ ਮੰਤਰੀ ਨੇ ਐਨ.ਡੀ. ਟੀ.ਵੀ. ਨਾਲ ਇੱਕ ਇੰਟਰਵਿਊ ਵਿੱਚ ਦੱਸਿਆ ਕਿ ਮਾਂ ਘੜੀ ਮੁੜੀ ਇਹੋ ਕਹਿੰਦੀ ਸੀ ਕਿ ਮੇਰੇ ਬੱਚੇ ਘਰ ਪਰਤ ਆ, ਤੂੰ ਕਿੱਥੇ ਹੈ, ਆਪਾਂ ਇਥੇ ਹੀ ਕੰਮ ਕਰਕੇ ਗੁਜ਼ਾਰਾ ਕਰ ਲਿਆ ਕਰਾਂਗੇ, ਲੋਕਾਂ ਦੇ ਨਾਲ ਆ ਕੇ ਰਹਿ। ਮਾਂ ਨੇ ਇਹ ਵੀ ਦੱਸਿਆ ਕਿ ਹਿਡਮਾ ਜਾਣ ਲੱਗਿਆਂ ਇਹੋ ਆਖ ਕੇ ਗਿਆ ਸੀ ਕਿ ਮਾਂ,ਮੈਂ ਲੋਕਾਂ ਲਈ ਲੜਨ ਜਾ ਰਿਹਾ ਹਾਂ। ਪਰ ਮਾਂ ਦਾ ਕਹਿਣਾ ਸੀ ਕਿ ਸਾਨੂੰ ਕੀ ਮਿਲਿਆ,ਖੂਨ ਤੇ ਇਕੱਲਤਾ। ਉਪ ਮੁੱਖ ਮੰਤਰੀ ਨੇ ਦੱਸਿਆ ਕਿ ਪਿੰਡ ਵਾਲਿਆਂ ਨੇ ਬਕਾਇਦਾ ਮੇਰੇ ਲਈ ਖਾਣਾ ਤਿਆਰ ਕੀਤਾ । ਮੰਤਰੀ ਨੇ ਬਥੇਰਾ ਪਿੰਡ ਵਾਸੀਆਂ ਨੂੰ ਕਿਹਾ ਕਿ ਮਾਓਵਾਦੀ ਆਤਮ ਸਮਰਪਣ ਕਰ ਦੇਣ ਅਤੇ ਮੁੱਖ ਧਾਰਾ ਵਿੱਚ ਸ਼ਾਮਿਲ ਹੋ ਜਾਣ। ਪਰ ਸੁਰਜੀਤ ਪਾਤਰ ਦੀ ਕਵਿਤਾ ਮੁਤਾਬਿਕ ਹੁਣ ਘਰਾਂ ਨੂੰ ਪਰਤਣਾ ਮੁਸ਼ਕਿਲ ਹੈ।

***

## ਔਰਤਾਂ ਵਿਰੋਧੀ ਜਿਨਸੀ ਹਿੰਸਾ ਕਾਰਨ ਵਾਲਸਾਲ

ਮਸਜਿਦਾਂ ਦੇ ਇਮਾਮਾਂ ਨੇ ਸਿੱਖ ਭੈਣਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ। ਵਾਲਸਾਲ ਦੀ ਮਰਕਜ਼ੀ ਮਸਜਿਦ ਦੇ ਇਮਾਮ ਮੌਲਾਨਾ ਅਬਦੁੱਲ ਰਹਿਮ ਨੇ ਕਿਹਾ:

ਜਦੋਂ ਕਿਸੇ ਦੀ ਧੀ 'ਤੇ ਹਮਲਾ ਹੁੰਦਾ ਹੈ, ਤਾਂ ਉਹ ਸਾਡੀ ਵੀ ਧੀ ਹੁੰਦੀ ਹੈ। ਅੱਜ ਸਾਡੀਆਂ ਸਿੱਖ ਭੈਣਾਂ ਦੀ ਇੱਜ਼ਤ 'ਤੇ ਹਮਲਾ ਹੋਇਆ ਹੈ, ਅਸੀਂ ਚੁੱਪ ਨਹੀਂ ਬੈਠਾਂਗੇ।

ਸਵਾਲ ਜੋ ਹਰ ਪਾਸੇ ਗੂੰਜ ਰਹੇ ਨੇ

ਇੰਨੇ ਗੰਭੀਰ ਮਾਮਲਿਆਂ ਵਿੱਚ ਮੁਲਜ਼ਮਾਂ ਨੂੰ ਜ਼ਮਾਨਤ ਕਿਉਂ ਮਿਲੀ ?

ਕੀ ਅਦਾਲਤਾਂ ਵਿੱਚ ਵਿਤਕਰਾ ਹੋ ਰਿਹਾ ਹੈ ਜਾਂ ਕਾਨੂੰਨ ਹੀ ਇੰਨਾ ਕਮਜ਼ੋਰ ਹੈ ?

ਪੁਲਿਸ ਕਮਿਸ਼ਨਰ ਤੇ ਮੰਤਰੀ ਜੈੱਸ ਫਿਲਿਪਸ ਨਾਲ ਮੰਗੀ ਮੀਟਿੰਗ ਅਜੇ ਤੱਕ ਕਿਉਂ ਨਹੀਂ ਹੋਈ ?

ਸਰਕਾਰ ਸਿਰਫ਼ ਬਿਆਨ ਦੇ ਰਹੀ ਹੈ, ਸਖ਼ਤ ਕਾਰਵਾਈ ਕਦੋਂ ਹੋਵੇਗੀ ?

70 ਤੋਂ ਵੱਧ ਔਰਤ ਸੰਗਠਨਾਂ ਨੇ ਇੱਕ ਸਾਂਝਾ ਬਿਆਨ ਜਾਰੀ ਕੀਤਾ ਹੈ:

ਜੇਕਰ ਅੱਜ ਸਰਕਾਰ ਨੇ ਸਾਡੀ ਗੱਲ ਨਾ ਸੁਣੀ, ਤਾਂ ਅਸੀਂ ਵੱਡਾ ਅੰਦੋਲਨ ਕਰਾਂਗੇ। ਇਹ ਸਿਰਫ਼ ਸਿੱਖ-ਮੁਸਲਿਮ ਔਰਤਾਂ ਦਾ ਮਸਲਾ ਨਹੀਂ, ਸਗੋਂ ਹਰ ਔਰਤ ਦੀ ਸੁਰੱਖਿਆ ਦਾ ਸਵਾਲ ਹੈ।

ਪੀੜਤਾ ਦੀ ਚੀਖ਼

ਓਲਡਬਰੀ ਵਾਲੀ ਪੀੜਤਾ ਨੇ ਆਪਣੇ ਵਕੀਲ ਰਾਹੀਂ ਬਿਆਨ ਜਾਰੀ ਕੀਤਾ:

ਮੈਂ ਤੇ ਮੇਰਾ ਪਰਿਵਾਰ ਘਰ ਛੱਡ ਕੇ ਭੱਜ ਗਏ। ਮੁਲਜ਼ਮ ਜ਼ਮਾਨਤ 'ਤੇ ਖੁੱਲ੍ਹੇ ਘੁੰਮ ਰਹੇ ਨੇ। ਇਹ ਬਹੁਤ ਜ਼ਿਆਦਾ ਗਲਤ ਹੈ। ਮੈਂ ਬਰਤਾਨੀਆ ਵਿੱਚ ਪੈਦਾ ਹੋਈ, ਇੱਥੇ ਪੜ੍ਹੀ, ਪਰ ਅੱਜ ਮੈਨੂੰ ਲੱਗਦਾ ਹੈ ਜਿਵੇਂ ਮੈਂ ਪਰਦੇਸੀ ਹਾਂ।

ਪੁਲਿਸ ਦਾ ਜਵਾਬ ਹੈ ਕਿ ਪੀੜਤਾ ਸਾਡੀ ਪਹਿਲ ਹੈ ਤੇ ਜਾਂਚ ਜਾਰੀ ਹੈ। ਪਰ ਸੜਕਾਂ 'ਤੇ ਆਈਆਂ ਔਰਤਾਂ ਦਾ ਸੁਨੇਹਾ ਸਾਫ਼ ਹੈ:

ਸਰਕਾਰ ਭਰੋਸੇ ਦੇਣੇ ਬੰਦ ਕਰੇ, ਦੋਸ਼ੀਆਂ ਉਪਰ ਸਖ਼ਤ ਕਾਰਵਾਈ ਕਰੇ।

ਵਾਲਸਾਲ ਦੀਆਂ ਸੜਕਾਂ 'ਤੇ ਐਤਵਾਰ ਨੂੰ ਜੋ ਗੂੰਜਿਆ, ਉਹ ਸਿਰਫ਼ ਇੱਕ ਮਾਰਚ ਨਹੀਂ ਸੀ – ਉਹ ਇੱਕ ਚੇਤਾਵਨੀ ਸੀ। ਜੇਕਰ ਅੱਜ ਸਰਕਾਰ ਨਾ ਜਾਗੀ, ਤਾਂ ਇਹ ਨਸਲਵਾਦ ਪੂਰੇ ਦੇਸ਼ ਵਿੱਚ ਫੈਲ ਸਕਦਾ ਹੈ।

### ਸਿੱਖ ਜਥੇਬੰਦੀਆਂ ਦੇ ਪ੍ਰਤੀਕਰਮ

450 ਤੋਂ ਵੱਧ ਯੂ.ਕੇ. ਗੁਰਦੁਆਰਿਆਂ ਅਤੇ ਸਿੱਖ ਜਥੇਬੰਦੀਆਂ ਦੇ ਨਾਂਅ 'ਤੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਚਿੱਠੀ ਲਿਖੀ, ਜਿਸ ਵਿੱਚ ਮਾਮਲੇ ਵਿੱਚ ਹੌਲੀ ਪ੍ਰੋਗਰੈੱਸ 'ਤੇ ਨਿਰਾਸ਼ਾ ਜ਼ਾਹਰ ਕੀਤੀ ਗਈ ਅਤੇ ਘਰੇਲੂ ਸਕੱਤਰ ਤੇ ਕਮਿਊਨਿਟੀਜ਼ ਸਕੱਤਰ ਨੂੰ ਐਂਟੀ-ਸਿੱਖ ਹੇਟ ਨੂੰ ਰੋਕਣ ਲਈ ਕਦਮ ਚੁੱਕਣ ਲਈ ਕਿਹਾ ਗਿਆ।

ਗੁਰੂ ਨਾਨਕ ਗੁਰਦੁਆਰਾ ਸਮੈਥਵਿਕ (ਸਮੈਥਵਿਕ), ਜੋ ਯੂ.ਕੇ. ਦਾ ਸਭ ਤੋਂ ਵੱਡਾ ਗੁਰਦੁਆਰਾ ਹੈ, ਨੇ ਓਲਡਬਰੀ ਹਮਲੇ ਤੋਂ ਬਾਅਦ ਸੀਨੀਅਰ ਪੁਲਿਸ ਅਫਸਰਾਂ ਨਾਲ ਮੀਟਿੰਗ ਕੀਤੀ ਅਤੇ ਮਜ਼ਬੂਤ ਕਾਰਵਾਈ ਦੀ ਮੰਗ ਕੀਤੀ। ਉਹਨਾਂ ਨੇ ਲੋਕਾਂ ਨੂੰ ਸਾਵਧਾਨ ਰਹਿਣ ਅਤੇ ਏਕਤਾ ਵਿੱਚ ਰਹਿਣ ਲਈ ਅਪੀਲ ਕੀਤੀ।

ਪ੍ਰੀਤ ਕੌਰ ਗਿੱਲ (ਬਰਮਿੰਘਮ ਐਡਗਬੈਸਟਨ ਤੋਂ ਲੇਬਰ ਐੱਮ.ਪੀ.) ਨੇ ਐੱਕਸ 'ਤੇ ਪੋਸਟ ਕਰਕੇ ਕਿਹਾ ਕਿ ਵਾਲਸਾਲ ਅਤੇ ਓਲਡਬਰੀ ਹਮਲੇ ਤੋਂ ਬਾਅਦ ਸਿੱਖ ਕਮਿਊਨਿਟੀ ਵਿੱਚ ਡਰ ਵਧ ਗਿਆ ਹੈ, ਖਾਸ ਕਰਕੇ ਔਰਤਾਂ ਵਿੱਚ। ਉਹਨਾਂ ਨੇ 28 ਅਕਤੂਬਰ ਨੂੰ ਐੱਮਪੀਆਂ ਨਾਲ ਇਸ ਸਬੰਧੀ ਮੀਟਿੰਗ ਵੀ ਕੀਤੀ। ਤਨਮਨਜੀਤ ਸਿੰਘ ਢੇਸੀ (ਸਲੋ ਤੋਂ ਐੱਮਪੀ) ਨੇ ਕਿਹਾ, ਨਫ਼ਰਤ ਫੈਲਾਉਣ ਦੇ ਇਹ ਅਸਲ ਨਤੀਜੇ ਹਨ। ਅਸੀਂ ਪੀੜਤਾ ਨਾਲ ਹਾਂ ਅਤੇ ਪੁਲਿਸ ਨੂੰ ਪੀੜਤਾ ਦੀ ਮਦਦ ਕਰਨੀ ਚਾਹੀਦੀ ਹੈ।

***

## ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਨ

ਇਸ ਵਾਧੇ ਨਾਲ ਉਹਨਾਂ ਭਾਰਤੀਆਂ ਨੂੰ ਨੁਕਸਾਨ ਹੋਵੇਗਾ ਜੋ ਪੈਰੋਲ ਰਾਹੀਂ ਅਮਰੀਕਾ ਜਾਣਾ ਚਾਹੁੰਦੇ ਹਨ, ਖਾਸਕਰ ਜਿਹੜੇ ਐਮਰਜੈਂਸੀ ਕਾਰਨਾਂ ਕਰਕੇ ਜਾਂ ਵੀਜ਼ਾ ਪ੍ਰਕਿਰਿਆ ਵਿੱਚ ਅੜਚਨਾਂ ਕਾਰਨ ਇਸ ਤਰ੍ਹਾਂ ਦੀ ਰਾਹ ਚੁਣਦੇ ਹਨ।

ਦੂਜੇ ਪਾਸੇ, ਈ.ਐਸ.ਟੀ.ਏ. ਫੀਸ ਵਿੱਚ ਸਿਰਫ਼ 0.27 ਡਾਲਰ ਦਾ ਵਾਧਾ ਹੋਵੇਗਾ, ਪਰ ਇਸ ਨਾਲ ਭਾਰਤੀਆਂ ਨੂੰ ਕੋਈ ਫ਼ਰਕ ਨਹੀਂ ਪਵੇਗਾ ਕਿਉਂਕਿ ਈ.ਐਸ.ਟੀ.ਏ. ਵੀਜ਼ਾ ਵੇਵਰ ਪ੍ਰੋਗਰਾਮ ਦੇ ਦੇਸ਼ਾਂ ਲਈ ਹੈ, ਜਿਵੇਂ ਕੈਨੇਡਾ ਜਾਂ ਯੂਰਪੀ ਯੂਨੀਅਨ ਦੇ ਮੈਂਬਰ। ਭਾਰਤੀਆਂ ਨੂੰ ਬੀ-1/ਬੀ-2 ਵੀਜ਼ੇ ਜਾਂ ਹੋਰ ਨਾਨ-ਇਮੀਗ੍ਰੈਂਟ ਵੀਜ਼ਿਆਂ ਲਈ ਅਲੱਗ ਫੀਸਾਂ ਅਦਾ ਕਰਨੀਆਂ ਪੈਣਗੀਆਂ, ਜੋ ਪਹਿਲਾਂ ਹੀ ਮਹਿੰਗੀਆਂ ਹਨ। ਡੀ.ਐਚ.ਐਸ. ਨੇ ਬੀਤੇ ਦਿਨੀਂ ਜਾਰੀ ਨੋਟਿਸ ਵਿੱਚ ਕਿਹਾ ਹੈ ਕਿ ਫਾਰਮ ਆਈ-94 (ਅਰਾਈਵਲ/ਡਿਪਾਰਚਰ ਰਿਕਾਰਡ) ਦੀ ਫੀਸ 30 ਡਾਲਰ ਵਾਲੀ ਹੀ ਰਹੇਗੀ, ਜੋ ਸਾਰੇ ਵਿਦੇਸ਼ੀ ਵਿਜ਼ਿਟਰਾਂ ਲਈ ਜ਼ਰੂਰੀ ਹੈ। ਪਰ ਇਹ ਛੋਟੀ ਰਾਹਤ ਹੈ; ਮੁੱਖ ਨੁਕਸਾਨ ਪੈਰੋਲ ਅਤੇ ਹੋਰ ਇਮੀਗ੍ਰੇਸ਼ਨ ਫੀਸਾਂ ਵਿੱਚ ਹੈ।

ਭਾਰਤ ਵਿੱਚ ਇਸ ਨੂੰ ਲੈ ਕੇ ਵਿਭਿੰਨ ਪ੍ਰਤੀਕਰਮ ਆ ਰਹੇ ਹਨ।

ਇੰਡੀਅਨ ਅਮਰੀਕਨ ਕਮਿਊਨਿਟੀ ਅਤੇ ਇਮੀਗ੍ਰੇਸ਼ਨ ਐਡਵੋਕੇਟਸ ਨੇ ਇਸ ਨੂੰ 'ਭੇਦਭਾਵਪੂਰਨ' ਕਰਾਰ ਦਿੱਤਾ ਹੈ। ਨਵੀਂ ਦਿੱਲੀ ਵਿੱਚ ਇੱਕ ਪ੍ਰੈੱਸ ਕਾਨਫ਼ਰੰਸ ਵਿੱਚ ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਅਮਰੀਕੀ ਅਧਿਕਾਰੀਆਂ ਨਾਲ ਗੱਲਬਾਤ ਕਰੇਗਾ ਤਾਂ ਜੋ ਭਾਰਤੀ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਲਈ ਰਾਹਤ ਮਿਲ ਸਕੇ। ਭਾਰਤ ਵਿੱਚ ਹਰ ਸਾਲ ਲੱਖਾਂ ਨੌਜਵਾਨ ਅਮਰੀਕਾ ਜਾਂਦੇ ਹਨ—ਐੱਚ-1ਬੀ ਵੀਜ਼ੇ ਲਈ ਲਗਭਗ 4 ਲੱਖ ਅਪਲਾਈ ਕਰਦੇ ਹਨ, ਜਿਨ੍ਹਾਂ ਵਿੱਚੋਂ ਸਿਰਫ਼ 85,000 ਨੂੰ ਮਿਲਦਾ ਹੈ। ਇਸ ਵਾਧੇ ਨਾਲ ਉਹਨਾਂ ਦੀ ਲਾਗਤ ਵਧੇਗੀ, ਜੋ ਪਹਿਲਾਂ ਹੀ ਉੱਚੀ ਹੈ। ਇੱਕ ਅੰਦਾਜ਼ੇ ਅਨੁਸਾਰ, ਇਹ ਫੀਸ ਵਾਧਾ ਭਾਰਤੀ ਅਰਥਵਿਵਸਥਾ ਨੂੰ ਵੀ ਪ੍ਰਭਾਵਿਤ ਕਰੇਗਾ ਕਿਉਂਕਿ ਰੈਮਿਟੈਂਸ ਅਰਥਾਤ ਵਿਦੇਸ਼ ਵਿੱਚ ਕੰਮ ਕਰਨ ਵਾਲੇ ਲੋਕਾਂ ਵੱਲੋਂ ਆਪਣੇ ਦੇਸ਼ (ਖ਼ਾਸਕਰ ਆਪਣੇ ਪਰਿਵਾਰ ਨੂੰ) ਭੇਜੀ ਜਾਂਦੀ ਪੈਸੇ ਦੀ ਰਕਮ ਅਤੇ ਟੂਰਿਜ਼ਮ ਘਟ ਸਕਦਾ ਹੈ।

ਭਾਰਤੀ ਡਾਇਸਪੋਰਾ ਵਿੱਚ ਚਿੰਤਾ ਹੈ ਕਿ ਇਹ ਵਾਧਾ ਅਮਰੀਕੀ ਸੁਪਨੇ ਨੂੰ ਧੁੰਦਲਾ ਕਰੇਗਾ। ਇੱਕ ਸਰਵੇ ਵਿੱਚ 60 ਫ਼ੀਸਦੀ ਭਾਰਤੀ ਨੌਜਵਾਨਾਂ ਨੇ ਕਿਹਾ ਕਿ ਉਹ ਅਮਰੀਕਾ ਜਾਣ ਤੋਂ ਪਹਿਲਾਂ ਹੋਰ ਬਦਲ ਲੱਭਣਗੇ, ਜਿਵੇਂ ਕੈਨੇਡਾ ,ਆਸਟ੍ਰੇਲੀਆ ਜਾਂ ਯੂਰਪ।

***

## ਸ੍ਰੀ ਆਨੰਦਪੁਰ ਸਾਹਿਬ, ਤਲਵੰਡੀ ਸਾਬੋ

ਕਾਂਗਰਸ ਵਿਧਾਇਕ ਪਰਗਟ ਸਿੰਘ ਨੇ ਸਦਨ ਵਿੱਚ ਹੀ ਮੁੱਖ ਮੰਤਰੀ ਤੋਂ ਸਵਾਲ ਕੀਤਾ, ਜੇ ਸੱਚਮੁੱਚ ਸ਼ਰਧਾ ਹੈ ਤਾਂ ਪੂਰਾ ਅੰਮ੍ਰਿਤਸਰ ਪਵਿੱਤਰ ਕਿਉਂ ਨਹੀਂ ਐਲਾਨਿਆ ? ਬਾਹਰ ਆ ਕੇ ਉਨ੍ਹਾਂ ਨੇ ਕਿਹਾ, ਮੈਨੂੰ ਬੋਲਣ ਨਹੀਂ ਦਿੱਤਾ ਗਿਆ, ਸਰਕਾਰ ਸੱਚ ਸੁਣਨ ਤੋਂ ਡਰਦੀ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਟਵੀਟ ਕੀਤਾ: ਅੰਮ੍ਰਿਤਸਰ ਦਾ ਅਪਮਾਨ ਕੀਤਾ ਗਿਆ। ਗਲਿਆਰੇ ਵਿੱਚ ਤਾਂ ਪਹਿਲਾਂ ਹੀ ਪਾਬੰਦੀ ਹੈ, ਬਾਕੀ ਸ਼ਹਿਰ ਵਿੱਚ ਸ਼ਰਾਬ ਦੀਆਂ ਦੁਕਾਨਾਂ ਚੱਲਦੀਆਂ ਰਹਿਣਗੀਆਂ ?

### ਪੰਥਕ ਜਥੇਬੰਦੀਆਂ ਦੀ ਵੰਡੀ ਰਾਏ

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ: ਘੱਟੋ-ਘੱਟ ਗਲਿਆਰੇ ਦੀ ਪਵਿੱਤਰਤਾ ਨੂੰ ਸਰਕਾਰੀ ਮਾਨਤਾ ਮਿਲੀ। ਅਸੀਂ ਸਵਾਗਤ ਕਰਦੇ ਹਾਂ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਕਿਹਾ ਕਿ ਚੰਗਾ ਕਦਮ ਹੈ ਪਰ ਅਧੂਰਾ ਹੈ। ਪੂਰੇ ਸ਼ਹਿਰਾਂ ਨੂੰ ਪਵਿੱਤਰ ਐਲਾਨਣਾ ਚਾਹੀਦਾ ਸੀ।

ਡਾ. ਦਲਜੀਤ ਸਿੰਘ ਚੀਮਾ (ਸੀਨੀਅਰ ਅਕਾਲੀ ਆਗੂ): ਗੁਰੂ ਸਾਹਿਬ ਵੱਲੋਂ ਵਸਾਏ ਸ਼ਹਿਰਾਂ ਦੀ ਪਵਿੱਤਰਤਾ ਨੂੰ ਸਰਕਾਰੀ ਠੱਪੇ ਦੀ ਲੋੜ ਨਹੀਂ। ਪਹਿਲਾਂ ਵੀ ਗਲਿਆਰੇ ਵਿੱਚ ਪਾਬੰਦੀ ਸੀ। ਇਹ ਸਿਰਫ਼ ਚੋਣਾਂ ਦੀ ਰਾਜਨੀਤੀ ਹੈ।

ਵਾਰਿਸ ਪੰਜਾਬ ਦੇ ਜਥੇਬੰਦੀ ਦੇ ਆਗੂ ਪਰਮਜੀਤ ਸਿੰਘ ਜੌਹਲ ਨੇ ਕਿਹਾ ਕਿ ਜਦੋਂ ਤੱਕ ਪੂਰੇ ਸ਼ਹਿਰ ਨੂੰ ਪਵਿੱਤਰ ਨਹੀਂ ਐਲਾਨਿਆ ਜਾਂਦਾ, ਅਸੀਂ ਇਸ ਨੂੰ ਮਨਜ਼ੂਰ ਨਹੀਂ ਕਰਦੇ।

### ਪ੍ਰਸਿੱਧ ਵਿਦਵਾਨ ਡਾ. ਪਰਮਜੀਤ ਸਿੰਘ ਮਾਨਸਾ ਨੇ ਲਿਖਿਆ:

ਗਲਿਆਰੇ ਵਿੱਚ ਤਾਂ ਪਹਿਲਾਂ ਹੀ ਮਨਾਹੀ ਹੈ। ਪੂਰੇ ਸ਼ਹਿਰ ਨੂੰ ਪਵਿੱਤਰ ਐਲਾਨੋ। ਭਿਖਾਰੀਆਂ ਨੂੰ ਵੀ ਅੰਮ੍ਰਿਤਸਰ ਵਿੱਚੋਂ ਕੱਢੋ। ਉਹਨਾਂ ਕਿਹਾ ਕਿ ਇਹ ਸਰਕਾਰ ਦਾ ਚੋਣਾਂ ਵਾਲਾ ਸਟੰਟ ਹੈ। 2027 ਦੀਆਂ ਚੋਣਾਂ ਲਈ ਵੋਟਾਂ ਦੀ ਖੇਡ ਚੱਲ ਰਹੀ ਹੈ।

ਕੁਝ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਆਪ ਨੂੰ ਸਿੱਖ ਵੋਟਰਾਂ ਵਿੱਚ ਚੰਗਾ ਸੁਨੇਹਾ ਗਿਆ ਹੈ। ਅਕਾਲੀ ਦਲ ਤੇ ਕਾਂਗਰਸ ਲਈ ਇਹ ਝਟਕਾ ਹੈ, ਕਿਉਂਕਿ ਉਹ ਵੀ ਇਹੋ ਮੰਗ ਕਰਦੇ ਸਨ।

ਪੰਥਕ ਵਿਦਵਾਨਾਂ ਦੀ ਰਾਇ ਇਹ ਹੈ ਕਿ ਇਹ ਫ਼ੈਸਲਾ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਵੱਡਾ ਮੋੜ ਜ਼ਰੂਰ ਹੈ। ਪਰ ਸਭ ਤੋਂ ਵੱਡਾ ਸਵਾਲ ਬਾਕੀ ਹੈ ਕਿ ਜੇ ਸੱਚਮੁੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਯਾਦ ਵਿੱਚ ਇਹ ਕਦਮ ਚੁੱਕਿਆ ਗਿਆ ਹੈ ਤਾਂ ਫਿਰ ਪੂਰੇ ਅੰਮ੍ਰਿਤਸਰ ਨੂੰ ਪਵਿੱਤਰ ਐਲਾਨਣ ਵਿੱਚ ਡਰ ਕਿਸ ਗੱਲ ਦਾ ਸੀ ?

### ਕਾਨੂੰਨੀ ਤੇ ਵਿਵਹਾਰਕ ਸਵਾਲ

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਨੇ ਲਿਖਿਆ ਕਿ ਇਹ ਮਤਾ ਸਿਰਫ਼ ਰੈਜ਼ੋਲੂਸ਼ਨ ਹੈ, ਕਾਨੂੰਨ ਨਹੀਂ। ਮਾਸ-ਸ਼ਰਾਬ ਦੀ ਵਿਕਰੀ ਮਿਊਂਸਪਲ ਕਾਰਪੋਰੇਸ਼ਨ ਤੇ ਐਕਸਾਈਜ਼ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ। ਪਹਿਲਾਂ ਵੀ ਗਲਿਆਰੇ ਵਿੱਚ 500 ਮੀਟਰ ਦੇ ਘੇਰੇ ਵਿੱਚ ਮਨਾਹੀ ਸੀ। ਹੁਣ ਵੀ ਉਹੀ ਲਾਗੂ ਹੈ।

### 'ਆਪ' ਸਰਕਾਰ ਦਾ ਜਵਾਬ

ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਨੇ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਦਹਾਕਿਆਂ ਤੋਂ ਸੰਗਤ ਇਹ ਮੰਗ ਕਰ ਰਹੀ ਸੀ ਜੋ ਅਸੀਂ ਪੂਰੀ ਕੀਤੀ। ਇਹ ਸਿਰਫ਼ ਸਿੱਖ ਭਾਈਚਾਰੇ ਦੀ ਨਹੀਂ, ਪੂਰੇ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦੀ ਗੱਲ ਹੈ। ਹੁਣ ਇਹ ਪਾਬੰਦੀਆਂ ਕਾਨੂੰਨੀ ਤੌਰ 'ਤੇ ਮਜ਼ਬੂਤ ਹੋਣਗੀਆਂ। ਵਿਕਾਸ ਲਈ ਵੱਡਾ ਬਜਟ ਆਵੇਗਾ। ਉਨ੍ਹਾਂ ਨੇ ਦਾਅਵਾ ਕੀਤਾ ਕਿ ਸਰਬ-ਧਰਮ ਕਮੇਟੀ ਬਣੇਗੀ, ਜਿਸ ਵਿੱਚ ਹਰ ਧਰਮ ਦਾ ਨੁਮਾਇੰਦਾ ਹੋਵੇਗਾ।

***

## ਬਿਹਾਰ ਸਰਕਾਰ ਦਾ ਰਿਮੋਟ ਕੰਟਰੋਲ

ਮੈਂ ਹੁਣ ਸਿਰਫ਼ ਵਿਕਾਸ ਪੁਰਸ਼ ਬਣ ਕੇ ਰਹਿਣਾ ਚਾਹੁੰਦਾ ਹਾਂ, ਕਾਨੂੰਨ-ਵਿਵਸਥਾ ਤੇ ਘੁਸਪੈਠ ਵਰਗੇ ਮੁੱਦੇ ਭਾਜਪਾ ਸੰਭਾਲੇ।

ਨਿਤੀਸ਼ ਦਾ ਮਾਸਟਰਸਟ੍ਰੋਕ ਜਾਂ ਮਜਬੂਰੀ ?

ਸਿਆਸੀ ਮਾਹਿਰਾਂ ਵਿੱਚ ਇਸ ਫ਼ੈਸਲੇ ਨੂੰ ਲੈ ਕੇ ਦੋ ਧਾਰਨਾਵਾਂ ਹਨ। ਇੱਕ ਧੜਾ ਇਸ ਨੂੰ ਨਿਤੀਸ਼ ਦਾ ਮਾਸਟਰਸਟ੍ਰੋਕ ਮੰਨ ਰਿਹਾ ਹੈ। ਉਹ ਕਹਿੰਦੇ ਹਨ ਕਿ ਨਿਤੀਸ਼ ਨੇ ਆਪਣੇ ਆਖ਼ਰੀ ਕਾਰਜਕਾਲ ਵਿੱਚ ਆਪਣੀ ਪੁਰਾਣੀ ਵਿਕਾਸ ਪੁਰਸ਼ ਵਾਲੀ ਇਮੇਜ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ। ਕਾਨੂੰਨ-ਵਿਵਸਥਾ ਤੇ ਘੁਸਪੈਠ ਵਰਗੇ ਵਿਵਾਦਿਤ ਮੁੱਦੇ ਭਾਜਪਾ ਦੇ ਹਿੱਸੇ ਛੱਡ ਕੇ ਉਹ ਆਪਣੇ ਆਪ ਨੂੰ ਵਿਵਾਦਾਂ ਤੋਂ ਦੂਰ ਰੱਖਣਾ ਚਾਹੁੰਦੇ ਹਨ।

ਦੂਜਾ ਧੜਾ ਇਸ ਨੂੰ ਸਪੱਸ਼ਟ ਮਜਬੂਰੀ ਮੰਨ ਰਿਹਾ ਹੈ। 2024 ਲੋਕ ਸਭਾ ਅਤੇ 2025 ਵਿਧਾਨ ਸਭਾ ਚੋਣਾਂ ਵਿੱਚ ਮਿਲੇ ਜਨਾਦੇਸ਼ ਨੇ ਭਾਜਪਾ ਦੀ ਸਥਿਤੀ ਬਹੁਤ ਮਜ਼ਬੂਤ ਕਰ ਦਿੱਤੀ ਹੈ। ਜੇਡੀਯੂ ਨੂੰ ਭਾਵੇਂ ਮੁੱਖ ਮੰਤਰੀ ਦੀ ਕੁਰਸੀ ਮਿਲ ਗਈ ਪਰ ਸਭ ਤੋਂ ਤਾਕਤਵਰ ਵਿਭਾਗ ਭਾਜਪਾ ਨੇ ਝਪਟ ਲਏ ਹਨ। ਇਹ ਮਹਾਰਾਸ਼ਟਰ ਵਰਗਾ ਹਾਲ ਹੈ ਜਿੱਥੇ ਸੱਤਾ ਦਾ ਅਸਲ ਰਿਮੋਟ ਕੰਟਰੋਲ ਭਾਜਪਾ ਦੇ ਹੱਥਾਂ ਵਿੱਚ ਹੈ।

ਵਿਰੋਧੀ ਧਿਰ ਦਾ ਹਮਲਾ

ਆਰਜੇਡੀ, ਕਾਂਗਰਸ ਤੇ ਬਾਕੀ ਵਿਰੋਧੀ ਧਿਰ ਨੇ ਤੁਰੰਤ ਹਮਲਾ ਬੋਲ ਦਿੱਤਾ। ਤੇਜਸਵੀ ਯਾਦਵ ਨੇ ਕਿਹਾ, 20 ਸਾਲ ਤੱਕ ਗ੍ਰਹਿ ਵਿਭਾਗ ਰੱਖ ਕੇ ਵੀ ਬਿਹਾਰ ਵਿੱਚ ਅਪਰਾਧ ਨਹੀਂ ਰੁਕਿਆ, ਹੁਣ ਭਾਜਪਾ ਨੂੰ ਸੌਂਪ ਦਿੱਤਾ। ਇਹ ਸਾਬਤ ਹੋ ਗਿਆ ਕਿ ਬਿਹਾਰ ਵਿੱਚ ਹੁਣ ਭਾਜਪਾ ਦਾ ਰਿਮੋਟ ਕੰਟਰੋਲ ਸ਼ਾਸਨ ਚੱਲੇਗਾ। ਨਿਤੀਸ਼ ਜੀ ਸਿਰਫ਼ ਸ਼ੋਅਪੀਸ ਬਣ ਕੇ ਰਹਿ ਗਏ ਹਨ।

ਅੱਗੇ ਕੀ ?

ਹੁਣ ਸਾਰੀਆਂ ਨਜ਼ਰਾਂ ਸਮਰਾਟ ਚੌਧਰੀ ਤੇ ਹਨ। ਸੀਮਾਂਚਲ ਵਿੱਚ ਘੁਸਪੈਠ ਦੇ ਮੁੱਦੇ ਤੇ ਉਹ ਕਿੰਨੀ ਸਖ਼ਤੀ ਵਿਖਾਉਂਦੇ ਹਨ, ਇਹ ਦੇਖਣ ਵਾਲੀ ਗੱਲ ਹੋਵੇਗੀ। ਇਸ ਤੋਂ ਇਲਾਵਾ 2026 ਦੇ ਪੱਛਮ ਬੰਗਾਲ ਚੋਣਾਂ ਤੋਂ ਪਹਿਲਾਂ ਘੁਸਪੈਠ ਦਾ ਮੁੱਦਾ ਰਾਸ਼ਟਰੀ ਪੱਧਰ ਤੇ ਗਰਮਾਉਣ ਵਾਲਾ ਹੈ।

ਨਿਤੀਸ਼ ਕੁਮਾਰ ਨੇ ਗਿਣਤੀ ਦੇ ਹਿਸਾਬ ਨਾਲ ਸਭ ਤੋਂ ਵੱਧ ਵਾਰ ਮੁੱਖ ਮੰਤਰੀ ਬਣਨ ਦਾ ਰਿਕਾਰਡ ਬਣਾ ਲਿਆ ਪਰ ਸਭ ਤੋਂ ਲੰਮੇ ਸਮੇਂ (24 ਸਾਲ 165 ਦਿਨ) ਦਾ ਰਿਕਾਰਡ ਅਜੇ ਵੀ ਸਿੱਕਮ ਦੇ ਪਵਨ ਚਾਮਲਿੰਗ ਕੋਲ ਹੈ। ਅੱਗੇ ਚੁਣੌਤੀਆਂ ਵੀ ਵੱਡੀਆਂ ਹਨ – 40 ਹਜ਼ਾਰ ਕਰੋੜ ਦਾ ਰੇਵੜੀ ਬੋਝ, ਨੌਜਵਾਨਾਂ ਨੂੰ ਨੌਕਰੀ, ਪਲਾਇਨ ਰੋਕਣਾ, ਸਿਲੈਂਡਰ ਰਿਫਾਰਮ, ਸਿੰਚਾਈ ਤੇ ਉਦਯੋਗ।

ਪਰ ਸਵਾਲ ਅਜੇ ਵੀ ਬਾਕੀ ਹੈ – ਬਿਹਾਰ ਵਿੱਚ ਮੁੱਖ ਮੰਤਰੀ ਦਾ ਚਿਹਰਾ ਨਿਤੀਸ਼ ਹੈ, ਪਰ ਡਰਾਈਵਿੰਗ ਸੀਟ ਤੇ ਭਾਜਪਾ ਕਿਉਂ ? ਕੀ ਨਿਤੀਸ਼ ਦੀ ਹੋਂਦ ਨੂੰ ਭਾਜਪਾ ਦਾ ਖ਼ਤਰਾ ਬਣਿਆ ਰਹੇਗਾ ? ਕੀ ਭਾਜਪਾ ਮਹਾਰਾਸ਼ਟਰ ਵਾਂਗ ਬਿਹਾਰ ਨੂੰ ਵੀ ਪੂਰੀ ਤਰ੍ਹਾਂ ਕਾਬੂ ਕਰ ਲਵੇਗੀ ?

ਇਸ ਦਾ ਜਵਾਬ ਸਮਾਂ ਹੀ ਦੱਸੇਗਾ। ਫ਼ਿਲਹਾਲ ਬਿਹਾਰ ਦੀ ਸਿਆਸਤ ਨਵਾਂ ਰੰਗ ਲੈ ਚੁੱਕੀ ਹੈ – ਚਿਹਰਾ ਨਿਤੀਸ਼ ਦਾ, ਪਰ ਸਟੀਅਰਿੰਗ ਭਾਜਪਾ ਦੇ ਹੱਥਾਂ ਵਿੱਚ ਹੈ।

***

## ਕੈਨੇਡਾ ਇਮੀਗ੍ਰੇਸ਼ਨ ਸੰਕਟ: 10 ਲੱਖ ਫ਼ਾਈਲਾਂ

2024 ਦੇ ਅੰਕੜਿਆਂ ਮੁਤਾਬਕ 1.4 ਮਿਲੀਅਨ ਤੋਂ ਵੱਧ ਭਾਰਤੀ ਮੂਲ ਦੇ ਲੋਕ ਕੈਨੇਡਾ ਵਿੱਚ ਰਹਿੰਦੇ ਹਨ। ਇਹਨਾਂ ਵਿੱਚੋਂ ਬਹੁਤ ਸਾਰੇ ਪੰਜਾਬੀ, ਗੁਜਰਾਤੀ, ਤੇ ਦੱਖਣੀ ਭਾਰਤੀ ਪਰਿਵਾਰ ਵਿਦੇਸ਼ਾਂ ਵਿੱਚ (ਖਾਸ ਕਰਕੇ ਦੁਬਈ, ਅਮਰੀਕਾ, ਬਰਤਾਨੀਆ, ਸਾਊਦੀ ਅਰਬ) ਕੰਮ ਕਰਦੇ ਹਨ ਤੇ ਉੱਥੇ ਹੀ ਬੱਚੇ ਜਨਮ ਲੈਂਦੇ ਹਨ।

ਹੁਣ ਤੱਕ ਉਹ ਬੱਚੇ ਕੈਨੇਡੀਅਨ ਨਾਗਰਿਕ ਨਹੀਂ ਬਣਦੇ ਸਨ। ਉਹਨਾਂ ਨੂੰ ਸਟੱਡੀ ਵੀਜ਼ਾ, ਵਰਕ ਪਰਮਿਟ ਜਾਂ ਸਪਾਂਸਰਸ਼ਿਪ ਰਾਹੀਂ ਹੀ ਕਨੇਡਾ ਆਉਣਾ ਪੈਂਦਾ ਸੀ। ਨਵੇਂ ਨਿਯਮ ਨਾਲ ਬੱਚੇ ਜਨਮ ਤੋਂ ਹੀ ਕੈਨੇਡੀਅਨ ਸਿਟੀਜ਼ਨ ਹੋਣਗੇ। ਪਰਿਵਾਰ ਨੂੰ ਵੱਖ ਨਹੀਂ ਹੋਣਾ ਪਵੇਗਾ। ਭਵਿੱਖ ਵਿੱਚ ਪੜ੍ਹਾਈ, ਨੌਕਰੀ, ਸਿਹਤ ਸੇਵਾਵਾਂ ਤੇ ਪੈਨਸ਼ਨ ਸਾਰੇ ਫਾਇਦੇ ਆਪਣੇ ਆਪ ਮਿਲਣਗੇ। ਪੰਜਾਬ ਦੇ ਹਜ਼ਾਰਾਂ ਪਰਿਵਾਰਾਂ ਦੇ ਬੱਚੇ, ਜੋ ਦੁਬਈ-ਸ਼ਾਰਜਾਹ, ਅਮਰੀਕਾ ਜਾਂ ਯੂਰੋਪ ਵਿੱਚ ਜਨਮੇ ਹਨ, ਸਿੱਧੇ ਕੈਨੇਡੀਅਨ ਪਾਸਪੋਰਟ ਲੈ ਸਕਣਗੇ।

### ਮੰਤਰੀ ਨੇ ਕੀ ਕਿਹਾ ?

ਕੈਨੇਡੀਅਨ ਇਮੀਗ੍ਰੇਸ਼ਨ ਮੰਤਰੀ ਲੀਨਾ ਮੈਟਲੈਜ ਡਿਆਬ ਨੇ ਕਿਹਾ, ਬਿੱਲ ਸੀ-3 ਸਾਡੇ ਨਾਗਰਿਕਤਾ ਕਾਨੂੰਨਾਂ ਵਿੱਚ ਦਹਾਕਿਆਂ ਤੋਂ ਚੱਲੀ ਆ ਰਹੀ ਬੇਇਨਸਾਫ਼ੀ ਨੂੰ ਖਤਮ ਕਰੇਗਾ। ਵਿਦੇਸ਼ ਵਿੱਚ ਜਨਮੇ ਕੈਨੇਡੀਅਨਾਂ ਦੇ ਬੱਚਿਆਂ ਨੂੰ ਬਰਾਬਰ ਦਾ ਹੱਕ ਮਿਲੇਗਾ। ਕੈਨੇਡੀਅਨ ਇਮੀਗ੍ਰੇਸ਼ਨ ਲਾਇਰਜ਼ ਐਸੋਸੀਏਸ਼ਨ ਨੇ ਵੀ ਇਸ ਬਿੱਲ ਦਾ ਸਵਾਗਤ ਕੀਤਾ ਹੈ ਤੇ ਕਿਹਾ ਹੈ ਕਿ ਇਹ ਅਮਰੀਕਾ ਤੇ ਬਰਤਾਨੀਆ ਵਰਗੇ ਦੇਸ਼ਾਂ ਦੇ ਨਿਯਮਾਂ ਨਾਲ ਮੇਲ ਖਾਂਦਾ ਹੈ।

### ਕਦੋਂ ਲਾਗੂ ਹੋਵੇਗਾ ?

ਹਾਲਾਂਕਿ ਸਰਕਾਰ ਨੇ ਅਜੇ ਤਾਰੀਖ ਦਾ ਐਲਾਨ ਨਹੀਂ ਕੀਤਾ ਪਰ ਬਿੱਲ ਨੂੰ ਪਹਿਲਾਂ ਹੀ ਪਾਰਲੀਮੈਂਟ ਵਿੱਚ ਪੇਸ਼ ਕੀਤਾ ਜਾ ਚੁੱਕਾ ਹੈ ਤੇ ਇਸ ਨੂੰ ਤੇਜ਼ੀ ਨਾਲ ਪਾਸ ਕਰਨ ਦੀ ਤਿਆਰੀ ਹੈ। ਮਾਹਿਰਾਂ ਮੁਤਾਬਕ 2026 ਦੇ ਅਰੰਭ ਤੱਕ ਇਹ ਕਾਨੂੰਨ ਲਾਗੂ ਹੋ ਸਕਦਾ ਹੈ।



## ਅਮਰੀਕਾ ’ਚ ਸਿੱਖਾਂ ਦੀ ਪਹਿਲੀ ਸੰਸਥਾ...

.ਗ਼ਦਰੀ ਬਾਬਿਆਂ ਨੇ ਭਾਰਤ ਨੂੰ ਧਰਮ-ਨਿਰਪੱਖ ਦੇਸ਼ ਬਣਾਉਣ ਦਾ ਸੁਪਨਾ ਲਿਆ ਸੀ, ਪਰ ਅੱਜ ਸਾਵਰਕਰੀ ਸੋਚ ਦੇ ਪਾਂਧੀ ਭਾਰਤ ਨੂੰ ‘ਹਿੰਦੂ ਰਾਸ਼ਟਰ’ ਬਣਾਉਣ ਲਈ ਬਜ਼ਿੱਦ ਹਨ।ਅਜਿਹੀ ਫ਼ਿਰਕੂ ਸੋਚ ਦਾ ਹੀ ਨਤੀਜਾ ਸੀ ਕਿ ਪੰਜਾਬ ਸੰਤਾਲੀ ਵੇਲੇ ਉਜਾੜਿਆ ਗਿਆ ਅਤੇ ਦੋ ਟੋਟਿਆਂ ਵਿੱਚ ਵੰਡ ਦਿੱਤਾ ਗਿਆ।ਦੱਸ ਲੱਖ ਤੋਂ ਵੱਧ ਲੋਕਾਂ ਦੀਆਂ ਜਾਨਾਂ ਗਈਆਂ, ਜਿਨ੍ਹਾਂ ਵਿੱਚ ਸਮੂਹ ਪੰਜਾਬੀ ਸਨ ਜ਼ਿਆਦਾਤਰ ਸਿੱਖ, ਮੁਸਲਮਾਨ ਅਤੇ ਹਿੰਦੂ ਭਾਈਚਾਰੇ ਨਾਲ ਵੀ ਸਬੰਧਿਤ ਸਨ।ਇਕ ਪਾਸੇ ਮੁਸਲਮਾਨਾਂ ਨੂੰ ਉਨ੍ਹਾਂ ਦਾ ਰਾਸ਼ਟਰ ਅਤੇ ਦੂਜੇ ਪਾਸੇ ਵੱਡੀ ਗਿਣਤੀ ’ਚ ਹਿੰਦੂਆਂ ਨੂੰ ਅਸਿੱਧੇ ਤੌਰ ’ਤੇ ‘ਹਿੰਦੂ ਰਾਸ਼ਟਰ’ ਸੌਂਪਿਆ ਗਿਆ, ਜੋ ਕਿ ਅੱਜ ਪ੍ਰਤੱਖ ਰੂਪ ’ਚ ਨਜ਼ਰ ਆ ਰਿਹਾ ਹੈ।ਸਭ ਤੋਂ ਵੱਡੇ ਧੱਕੇ ਦਾ ਸ਼ਿਕਾਰ ਹੋਏ ਸਭ ਤੋਂ ਵੱਧ ਸ਼ਹੀਦੀਆਂ ਦੇਣ ਵਾਲੇ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਕੱਟਣ ਵਾਲੀ ਜੇਲ੍ਹਾਂ ’ਚ ਬੰਦ ਰਹਿਣ ਵਾਲੇ ਸਿੱਖ।ਗ਼ਦਰੀ ਬਾਬਿਆਂ ਦੀ ਗੱਲ ਕਰਦਿਆਂ ਇਹ ਦਰਦ ਮਹਿਸੂਸ ਹੋ ਰਿਹਾ ਹੈ ਕਿ ਅੱਜ ਕਹਿਣ ਨੂੰ ਤਾਂ ਭਾਰਤ ਆਜ਼ਾਦ ਹੈ, ਪਰ ਹਿੰਦ ਰਾਸ਼ਟਰ ਵਿੱਚ ਘੱਟਗਿਣਤੀਆਂ ਗੁਲਾਮ ਹਨ।ਉਨ੍ਹਾਂ ਵਿੱਚੋਂ ਸਿੱਖਾਂ ਦੀ ਤ੍ਰਾਸਦੀ ਇਹ ਹੈ ਕਿ ਵੱਡੀਆਂ ਕੌਮਾਂ ਨੇ ਤਾਂ ਆਪਣੇ ਦੇਸ਼ ਬਣਾ ਲਏ, ਪਰ ਸਿੱਖ ਬੇਘਰੇ ਰੁਲ ਰਹੇ ਹਨ। ਇਥੋਂ ਤੱਕ ਕਿ ਅਮਰੀਕਾ ਕੈਨੇਡਾ ਵਿੱਚ ਵੱਸਦੇ ਸਿੱਖਾਂ ਦੇ ਉੱਪਰ ਵੀ ਹਮਲੇ ਕੀਤੇ ਜਾ ਰਹੇ ਹਨ।ਇਹ ਗੱਲ ਅਲੱਗ ਹੈ ਕਿ ਇਹਨਾਂ ਦੇਸ਼ਾਂ ਨੇ ਇਸ ਨੂੰ ਵਿਦੇਸ਼ੀ ਦਖਲ ਅੰਦਾਜ਼ੀ ਦੇ ਨਾਂਅ ਹੇਠ ਚੁਣੌਤੀ ਦਿੰਦਿਆਂ ਅਖੌਤੀ ਭਾਰਤੀ ਸਟੇਟ ਨੂੰ ਸ਼ੀਸ਼ਾ ਵਿਖਾਇਆ ਹੈ ਅਤੇ ਸਖ਼ਤ ਕਦਮ ਚੁੱਕੇ ਹਨ। ਅਜਿਹੀ ਧੱਕੇਸ਼ਾਹੀ ਖਿਲਾਫ ਲੜਨਾ ਹੀ ਗਦਰੀ ਬਾਬਿਆਂ ਦੀ ਸੋਚ ਤੇ ਪਹਿਰਾ ਦੇਣਾ ਕਿਹਾ ਜਾ ਸਕਦਾ ਹੈ।

***

## ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ...

ਸਿਆਲੂ ਰੁੱਤ ਮੱਘਰ ਮਾਹ ਦੇ ਪਾਲੇ ਤੋਂ ਬਚਣ ਲਈ ਜਿੱਥੇ ਤੁਹਾਨੂੰ ਆਮ ਲੋਕੀਂ ਲੋਈ, ਖੇਸੀ ਦੀ ਬੁੱਕਲ ਮਾਰੀ ਨਜ਼ਰ ਆਉਣਗੇ, ਉੱਥੇ ਹੀ ਧੂਣੀਆਂ ਧੁਖਾਈਂ ਬੈਠੇ ਅੱਗ ਸੇਕਦੇ ਵੀ ਨਜ਼ਰ ਆਉਣਗੇ। ਕਹਿੰਦੇ ਹਨ ਕਿ ਰੁੱਤ-ਰੁੱਤ ਦਾ ਮੇਵਾ ਹੁੰਦਾ ਹੈ। ਮੱਘਰ ਮਾਹ ਦੀ ਸਰਦ ਰੁੱਤ ਦਾ ਮੇਵਾ ਮੂੰਗਫਲੀ ਨੂੰ ਮੰਨਿਆ ਗਿਆ ਹੈ। ਇਹ ਇਸ ਰੁੱਤੇ ਮਨੁੱਖੀ ਸਰੀਰ ਨੂੰ ਤੰਦਰੁਸਤ ਰੱਖਣ ਦਾ ਕੰਮ ਕਰਦੀ ਹੈ। ਸਿਆਲੂ ਰੁੱਤ ਚੜ੍ਹਦੇ ਹੀ ਘਰ ਦੀਆਂ ਸੁਆਣੀਆਂ ਦੇ ਕਾਰਜ ਵੀ ਵਧ ਜਾਂਦੇ ਸਨ ਜਿਵੇਂ ਸਿਆਲੂ ਰੁੱਤ ’ਚ ਦੇਸੀ ਘਿਓ ਨਾਲ ਬਣਾਈਆਂ ਅਲਸੀ, ਵੇਸਣ, ਖੋਏ ਆਦਿ ਦੀਆਂ ਪਿੰਨੀਆਂ ਤੇ ਗੁੜ, ਸ਼ੱਕਰ, ਮੱਕੀ ਅਤੇ ਬਾਜਰੇ ਦੀ ਸਾਂਭ ਸੰਭਾਲ ਆਦਿ ’ਚ ਰੁੱਝੀਆਂ ਰਹਿੰਦੀਆਂ ਹਨ। ਕੋਸੀ-ਕੋਸੀ ਧੁੱਪ ਦੇ ਛੋਟੇ-ਛੋਟੇ ਦਿਨ ਤੇ ਸੀਤ ਲਹਿਰ ਦੀਆਂ ਸ਼ਾਮਾਂ ਮਗਰੋਂ ਮੱਘਰ ਮਾਹ ਦੀਆਂ ਲੰਬੀਆਂ ਰਾਤਾਂ ਅਤੇ ਵਿਛੋੜੇ ਨੂੰ ਬਿਆਨਦਿਆਂ ਬਾਰਹਮਾਹ ’ਚ ਹਿਦਾਇਤਉਲਾ ਸਾਹਿਬ ਫਰਮਾਉਂਦੇ ਹਨ;

ਮੱਘਰ ਮਾਰ ਮੁਕਾਇਆ ਮੈਨੂੰ ਹੱਡ ਵਿਛੋੜੇ ਗਾਲੇ ਨੀਂ।
ਸਾਡੀ ਵੱਲੋਂ ਕਿਉਂ ਚਿੱਤ ਚਾਯਾ ਓਸ ਪੀਆ ਮਤਵਾਲੇ ਨੀਂ।
ਅੱਗੇ ਰਾਤ ਕਹਿਰ ਦੀ ਲੰਮੀ ਉੱਤੋਂ ਪੈ ਗਏ ਪਾਲੇ ਨੀਂ।
ਜਾਨੀ ਕੋਲ ਹਿਦਾਯਤ ਨਾਹੀਂ ਲਾਵਾਂ ਅੱਗ ਸਿਆਲੇ ਨੀਂ।

***

## ਸਿਨਰ ਨੇ ਏ. ਟੀ. ਪੀ. ...

ਆਪਣਾ ਪਹਿਲਾ ਫਾਈਨਲ ਖੇਡ ਰਿਹਾ ਸੀ। ਅਲਕਰਾਜ਼ ਹਾਲੇ ਵੀ ਸਿਨਰ ਨਾਲ ਆਪਣੇ ਕੈਰੀਅਰ ਮੁਕਾਬਲਿਆਂ ਵਿੱਚ 10-6 ਨਾਲ ਅੱਗੇ ਹੈ। ਇਹ ਦੋਵੇਂ ਖਿਡਾਰੀ ਪਿਛਲੇ ਤਿੰਨ ਗਰੈਂਡ ਸਲੈਮ ਫਾਈਨਲ ਵਿੱਚ ਆਹਮੋ-ਸਾਹਮਣੇ ਰਹਿ ਚੁੱਕੇ ਹਨ।ਅਲਕਰਾਜ਼ ਨੇ ਸਿਨਰ ਨੂੰ ਪੰਜਵੇਂ ਸੈੱਟ ਦੇ ਟਾਈਬ੍ਰੇਕਰ ਵਿੱਚ ਹਰਾ ਕੇ ਫਰੈਂਚ ਓਪਨ ਜਿੱਤਿਆ ਸੀ। ਸਿਨਰ ਨੇ ਵਿੰਬਲਡਨ ਵਿੱਚ ਬਦਲਾ ਲੈ ਲਿਆ ਸੀ।ਅਲਕਰਾਜ਼ ਨੇ ਕਿਹਾ, “ਮੈਨੂੰ ਉਮੀਦ ਹੈ ਕਿ ਤੁਸੀਂ (ਸਿਨਰ) ਅਗਲੇ ਸਾਲ ਲਈ ਤਿਆਰ ਰਹੋਗੇ ਕਿਉਂਕਿ ਮੈਂ ਤੁਹਾਡੇ ਖ਼ਿਲਾਫ਼ ਹੋਰ ਫਾਈਨਲ ਖੇਡਣ ਲਈ ਤਿਆਰ ਰਹਾਂਗਾ।” ਇਸ ਦੌਰਾਨ ਹੈਰੀ ਹੈਲੀਓਵਾਰਾ ਤੇ ਹੈਨਰੀ ਪੈਟਨ ਨੇ ਡਬਲਜ਼ ਦੇ ਫਾਈਨਲ ਵਿੱਚ ਜੋਅ ਸੈਲਿਸਬਰੀ ਤੇ ਨੀਲ ਸਕੁਪਸਕਾਈ ਦੀ ਜੋੜੀ ਨੂੰ 7-5, 6-3 ਨਾਲ ਹਰਾਇਆ।

***

## ਪੰਜਾਬੀਆਂ ਨੂੰ ਆਪਣੇ ਹੱਕਾਂ ਲਈ...

ਕੇਂਦਰ ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਰਾਹੀਂ ਖੇਤੀ ਖ਼ਰਚਿਆ ਦਾ ਲੇਖਾ ਕਰਵਾ ਕੇ ਫ਼ਸਲਾਂ ਦੇ ਭਾਅ ਮਿੱਥਦਾ ਹੈ।ਇਹ ਸਪੱਸ਼ਟ ਹੈ ਕਿ ਜੋ ਇਸ ਕਮਿਸ਼ਨ ਦਾ ਅਧਿਕਾਰ ਖੇਤਰ ਮਿੱਥਿਆ ਗਿਆ ਹੈ, ਉਸ ਦੇ ਹੁੰਦਿਆਂ ਇਹ ਕਮਿਸ਼ਨ ਕਦੀ ਵੀ ਕਿਸਾਨਾਂ ਨੂੰ ਇਨਸਾਫ਼ ਨਹੀਂ ਦੇ ਸਕਦਾ। ਇਸੇ ਕਾਰਨ ਕਿਸਾਨ ਕਦੀ ਵੀ ਕਰਜ਼ੇ ਦੇ ਜਾਲ ’ਚੋਂ ਨਹੀਂ ਨਿਕਲ ਸਕਦੇ।

ਇਨ੍ਹਾਂ ਸਾਰੇ ਮਸਲਿਆਂ ਕਾਰਨ ਪੰਜਾਬੀਆਂ ਦੇ ਮਨਾਂ ’ਚ ਬਹੁਤ ਗੁੱਸਾ ਹੈ।ਪੰਜਾਬੀ ਕੋਈ ਖ਼ੈਰਾਤ ਨਹੀਂ ਮੰਗਦੇ, ਉਹ ਚਾਹੁੰਦੇ ਹਨ ਕਿ ਸਰਕਾਰ ਸੰਵਿਧਾਨ ਅਨੁਸਾਰ ਉਨ੍ਹਾਂ ਦੇ ਬਣਦੇ ਹੱਕ ਦੇਵੇ। ਕੇਂਦਰ ਦੀ ਨੀਤ ਸਾਫ਼ ਨਹੀਂ ਹੈ, ਸੋ ਲੋੜ ਹੈ ਪੰਜਾਬ ਨੂੰ ਬਚਾਉਣ ਲਈ ਇਕ ਵੱਡਾ ਅੰਦੋਲਨ ਖੜ੍ਹਾ ਕਰਨ ਦੀ।ਪੰਜਾਬ ਸਰਕਾਰ ਤੇ ਸਭ ਪਾਰਟੀਆਂ ਸਿਰਫ਼ ਭਾਸ਼ਨ ਤੇ ਬਿਆਨਾਂ ਤੱਕ ਸੀਮਤ ਹਨ। ਲੜਾਈ ਸਾਨੂੰ ਖ਼ੁਦ ਲੜਨੀ ਪਵੇਗੀ, ਸਮਾਂ ਢੁਕਵਾਂ ਹੈ ਤੇ ਕਮਰਕੱਸੇ ਕਰਨ ਦੀ ਲੋੜ ਹੈ। ਪੰਜਾਬ ਯੂਨੀਵਰਸਿਟੀ ਦੇ ਮੁੱਦੇ ਨੇ ਪੰਜਾਬੀਆਂ ਨੂੰ ਜਗਾਇਆ ਹੈ, ਸੋ ਆਓ, ਸਭ ਮਿਲ ਕੇ ਅੱਗੇ ਲਈ ਸੋਚੀਏ।

***

## ਭਾਰਤ ’ਚ ਕੀ ਹੋਵੇਗਾ ਖੇਤਰੀ ਪਾਰਟੀਆਂ...

ਉਸ ਨੂੰ ਬਿਹਾਰ ਵਿੱਚ ਭਾਜਪਾ ਦੇ ਲਗਾਤਾਰ ਅੱਗੇ ਵਧਣ ਦਾ ਡਰ ਸਤਾ ਰਿਹਾ ਸੀ ਪਰ ਗੱਠਜੋੜ ਵਿੱਚ ਉਹ ਕਾਂਗਰਸ ਦੇ ਨਾਲ ਕੁਝ ਵਿਰੋਧਾਂ ਕਾਰਨ ਚੱਲ ਨਹੀਂ ਸਕੇ ਅਤੇ ਭਾਜਪਾ ਦੇ ਖੇਮੇ ਵਿੱਚ ਚਲੇ ਗਏ।2024 ਦੀਆਂ ਚੋਣਾਂ ਮਗਰੋਂ ਭਾਜਪਾ ਨੂੰ ਅਹਿਸਾਸ ਹੋ ਗਿਆ ਕਿ ਉਸ ਨੂੰ ਆਪਣਾ ਪ੍ਰਭਾਵ ਬਣਾਈ ਰੱਖਣ ਲਈ ਖੇਤਰੀ ਧਿਰਾਂ ਦੀ ਲੋੜ ਹੈ ਤਾਂ ਇਸ ਨੇ ਨਿਤੀਸ਼ ਕੁਮਾਰ ਅਤੇ ਨਾਇਡੂ ਦੀ ਖੇਤਰੀ ਪਾਰਟੀ ਦਾ ਸਾਥ ਲਿਆ ਕਿਉਂਕਿ ਉਸ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਯੂ.ਪੀ. ਲੋਕ ਸਭਾ ਚੋਣਾਂ ਵਿੱਚ ਇੱਕ ਖੇਤਰੀ ਦਲ ਨੇ ਉਸ ਦੇ ਸਾਰੇ ਰਾਜਨੀਤਕ ਸਮੀਕਰਨ ਵਿਗਾੜ ਦਿੱਤੇ ਸਨ ਅਤੇ ਕੇਂਦਰ ਵਿਚਲੀ ਸਰਕਾਰ ਦਾ ਪੂਰਨ ਬਹੁਮਤ ਵਾਲਾ ਖਿਤਾਬ ਖੇਰੂੰ-ਖੇਰੂੰ ਕਰ ਦਿੱਤਾ ਸੀ।ਹੁਣ ਆਉਣ ਵਾਲਾ ਵਕਤ ਹੀ ਦੱਸੇਗਾ ਕਿ ਭਾਜਪਾ ਖੇਤਰੀ ਪਾਰਟੀਆਂ ਨੂੰ ਕਿੰਨਾ ਪ੍ਰਭਾਵਿਤ ਕਰ ਸਕਦੀ ਹੈ।

***

## ਕੀ ਮਨੁੱਖ ਮਹਾਂਵਿਨਾਸ਼ ਵੱਲ...

ਪਲਾਸਟਿਕ ਪ੍ਰਦੂਸ਼ਣ ਨੇ ਸਮੁੰਦਰੀ ਜਨ ਜੀਵਨ ਅਤੇ ਦੂਜੇ ਜਲ ਭੰਡਾਰਾਂ ਵਿਚ ਵਸਦੇ ਜੀਵਾਂ ਨੂੰ ਵੱਡੀ ਢਾਹ ਲਾਈ ਹੈ।ਪਲਾਸਟਿਕ ਦੇ ਕਣ ਅੰਦਰ ਨਿਗਲ ਲੈਣ ਨਾਲ ਜਲੀ ਜੀਵਾਂ ਦਾ ਜੀਵਨ ਖ਼ਤਰੇ ਵਿਚ ਪੈ ਜਾਂਦਾ ਹੈ। ਖੇਤੀ ਵਿੱਚ ਵਰਤੇ ਜਾਂਦੇ ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਨੇ ਜਲੀ ਜੀਵਾਂ ਦੀਆਂ ਅਨੇਕਾਂ ਨਸਲਾਂ ਦਾ ਖ਼ਾਤਮਾ ਕਰ ਛੱਡਿਆ ਹੈ।

ਇੱਥੇ ਇੱਕ ਉਦਾਹਰਨ ਦਾ ਜ਼ਿਕਰ ਕਰਨਾ ਬਣਦਾ ਹੈ।ਘਰੇਲੂ ਚਿੜੀਆਂ ਜੋ ਕਿ ਪੁਰਾਣੇ ਸਮੇਂ ਵਿੱਚ ਖਾਲੀ ਪਈਆਂ ਇਮਾਰਤਾਂ, ਖੁੱਲ੍ਹੀਆਂ ਥਾਵਾਂ ਅਤੇ ਘਰਾਂ ਦੀਆਂ ਲੱਕੜ ਦੀਆਂ ਛੱਤਾਂ ਵਿੱਚ ਰਹਿੰਦੀਆਂ ਸਨ।ਇਮਾਰਤਾਂ ਦੇ ਡਿਜ਼ਾਈਨ ਬਦਲਣ ਕਰਕੇ, ਸ਼ਹਿਰੀਕਰਨ, ਮੋਬਾਈਲ ਟਾਵਰਾਂ ਤੋਂ ਨਿਕਲਦੀਆਂ ਕਿਰਨਾਂ ਕਰਕੇ ਅਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਕਰਕੇ ਇਨ੍ਹਾਂ ਦੀ ਗਿਣਤੀ ਵੱਡੇ ਪੱਧਰ ’ਤੇ ਘਟ ਗਈ ਹੈ।ਇੱਥੇ ਇਹ ਸਮਝਣ ਦੀ ਲੋੜ ਹੈ ਕਿ ਕੀਟਾਂ ਅਤੇ ਪੰਛੀਆਂ ਦੇ ਮਰਨ ਦਾ ਸਾਡੀ ਜੀਵ ਵਿਭਿੰਨਤਾ ਉੱਤੇ ਬਹੁਤਰਫ਼ਾ ਅਸਰ ਪੈਂਦਾ ਹੈ।ਇਕ ਕਿਸਮ ਦੇ ਜੀਵਾਂ ਦੇ ਘਟਣ ਨਾਲ ਦੂਜੇ ਜੀਵਾਂ ਦਾ ਭੋਜਨ ਖ਼ਤਮ ਹੋ ਜਾਂਦਾ ਹੈ।ਇਸ ਤਰ੍ਹਾਂ ਹੌਲੀ ਹੌਲੀ ਸਾਰੀਆਂ ਨਸਲਾਂ ਦੇ ਜੀਵ ਘਟਦੇ ਜਾਂਦੇ ਹਨ।ਤਿਤਲੀਆਂ ਅਤੇ ਮਧੂ ਮੱਖੀਆਂ ਬਹੁਤ ਹੀ ਛੋਟੇ ਕੀਟ ਹਨ ਪਰ ਇਨ੍ਹਾਂ ਦਾ ਸਾਡੇ ਅਨਾਜ ਉਤਪਾਦਨ ਵਿਚ ਵੱਡਾ ਯੋਗਦਾਨ ਹੈ।ਇਹ ਛੋਟੇ ਕੀਟ ਫ਼ਸਲਾਂ ਦੇ ਫੁੱਲਾਂ ਉੱਤੇ ਬੈਠ ਕੇ ਪਰਾਗਨ ਕਿਰਿਆ ਕਰਦੇ ਹਨ ਭਾਵ ਫੁੱਲਾਂ ਨੂੰ ਬੀਜ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਦੇ ਖ਼ਤਮ ਹੋਣ ਨਾਲ ਫ਼ਸਲਾਂ ਦਾ ਝਾੜ ਘਟ ਜਾਂਦਾ ਹੈ। ਮਨੁੱਖ ਦੀਆਂ ਯੋਜਨਾਰਹਿਤ ਵਿਕਾਸ ਗਤੀਵਿਧੀਆਂ ਦੁਆਰਾ ਜੀਵਾਂ ਦੇ ਨਸ਼ਟ ਹੋਣ ਦੀ ਇੱਕ ਤਾਜ਼ਾ ਉਦਾਹਰਨ ਵਿਗਿਆਨੀਆਂ ਵੱਲੋਂ ਸਾਮ੍ਹਣੇ ਲਿਆਂਦੀ ਗਈ ਹੈ।ਆਸਟ੍ਰੇਲੀਆ ਨੇੜੇ ਪਾਪੂਆ ਨਿਊ ਗਿਨੀਆ ਟਾਪੂ ਵਿਖੇ ‘ਬਰੈਂਬਲ ਕੇ’ ਨਾਂਅ ਚੂਹਾ ਜਾਤੀ ਦੇ ਜੀਵ ਸਮੁੰਦਰ ਕੰਢੇ ਖੁੱਡਾਂ ਵਿੱਚ ਨਿਵਾਸ ਕਰਦੇ ਸਨ।ਸਮੁੰਦਰੀ ਤਲ ਦੇ ਉੱਚਾ ਹੋ ਜਾਣ ਕਰਕੇ ਇਨ੍ਹਾਂ ਜੀਵਾਂ ਦੇ ਨਿਵਾਸ ਸਥਾਨ ਨਸ਼ਟ ਹੋ ਗਏ ਸਨ, ਸਿੱਟੇ ਵਜੋਂ ਇਨ੍ਹਾਂ ਜੀਵਾਂ ਦੀ ਨਸਲ ਧਰਤੀ ਤੋਂ ਪੂਰੀ ਤਰ੍ਹਾਂ ਖ਼ਤਮ ਹੋ ਚੁੱਕੀ ਹੈ।ਵਿਗਿਆਨੀਆਂ ਅਨੁਸਾਰ ਆਮ ਤੌਰ ’ਤੇ 100 ਸਾਲਾਂ ਵਿੱਚ 10000 ਪ੍ਰਜਾਤੀਆਂ ’ਚੋਂ ਇੱਕ ਪ੍ਰਜਾਤੀ ਦੇ ਅਲੋਪ ਹੋਣ ਦੀ ਸੰਭਾਵਨਾ ਹੁੰਦੀ ਹੈ, ਪਰ ਸਾਲ 2020 ਵਿੱਚ ਕੀਤੀ ਗਈ ਇੱਕ ਖੋਜ ਵਿੱਚ ਦੱਸਿਆ ਗਿਆ ਹੈ ਕਿ ਮਨੁੱਖ ਵੱਲੋਂ ਵਾਤਾਵਰਨ ਨਾਲ ਕੀਤੀ ਗਈ ਛੇੜਛਾੜ ਦੇ ਸਿੱਟੇ ਵਜੋਂ ਆਉਣ ਵਾਲੇ 20 ਸਾਲਾਂ ਵਿੱਚ 500 ਜੀਵਾਂ ਦੀਆਂ ਨਸਲਾਂ ਖ਼ਤਮ ਹੋਣ ਦਾ ਖ਼ਦਸ਼ਾ ਹੈ।ਮੁੱਕਦੀ ਗੱਲ ਇਹ ਕਿ ਉੱਪਰ ਦੱਸੇ ਸਾਰੇ ਤੱਥ ਧਰਤੀ ਦੇ ਸੰਭਾਵਿਤ ਪਰਲੋ ਵੱਲ ਵਧਣ ਦੀ ਦਿਸ਼ਾ ਵੱਲ ਇਸ਼ਾਰਾ ਕਰਦੇ ਹਨ।

***

## ਮਹਿੰਗਾਈ ਸੰਕਟ .ਗ਼ੈਰ ਸੰਗਠਿਤ ਖੇਤਰ ’ਚ...

ਭਾਰਤ ਵਿਚ 1950 ਤੋਂ ਬਾਅਦ ਸੰਗਠਿਤ ਖੇਤਰ ਵਿੱਚ ਵਾਧਾ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਸਨ, ਪਰ ਉਹ ਥੋੜ੍ਹੀ ਦੇਰ ਹੀ ਚੱਲਿਆ। ਜਦੋਂ 1991 ਤੋਂ ਹੋਰ ਦੇਸ਼ਾਂ ਦੀ ਤਰ੍ਹਾਂ ਭਾਰਤ ਨੇ ਵੀ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀ ਨੀਤੀ ਅਪਣਾਈ ਇਸ ਦੇ ਉਦਯੋਗਾਂ ਵਿੱਚ ਠੇਕੇ ਦੇ ਕਿਰਤੀਆਂ ਦੀ ਗਿਣਤੀ ਵਧਦੀ ਗਈ, ਦੂਜੇ ਪਾਸੇ ਬੇਰੁਜ਼ਗਾਰੀ ਤੇ ਅਰਧ ਬੇਰੁਜ਼ਗਾਰੀ ਵੀ ਵਧਦੀ ਗਈ।ਭਾਰਤ ਵਿੱਚ 4 ਕਰੋੜ ਬੱਚੇ ਕਿਰਤ ਕਰਨ ਲਈ ਮਜਬੂਰ ਹਨ, ਭਾਵੇਂ ਉਨ੍ਹਾਂ ਦੀ ਕਿਰਤ ਨੂੰ ਕਿਰਤ ਨਹੀਂ ਮੰਨਿਆ ਜਾਂਦਾ, ਪਰ ਉਨ੍ਹਾਂ ਦੀ ਕਿਰਤ ਦਾ ਵੱਡਾ ਕਾਰਨ ਅਸੰਗਠਿਤ ਖੇਤਰ ਦਾ ਜ਼ਿਆਦਾ ਹੋਣਾ ਹੈ। ਵਿਕਸਿਤ ਦੇਸ਼ਾਂ ਵਾਂਗ ਭਾਰਤ ਦੀ ਸਰਕਾਰ ਨੂੰ ਅਸੰਗਠਿਤ ਖੇਤਰ ਦੀ ਖਰੀਦ ਸ਼ਕਤੀ ਬਣਾਈ ਰੱਖਣ ਲਈ ਹਰ ਵਿਅਕਤੀ ਨਾਲ ਸੰਗਠਿਤ ਖੇਤਰ ਵਾਲਾ ਵਿਵਹਾਰ ਕਰਨਾ ਚਾਹੀਦਾ ਹੈ, ਜੋ ਵਿਕਸਿਤ ਦੇਸ਼ਾਂ ਦੀਆਂ ਸਰਕਾਰਾਂ ਕਰ ਰਹੀਆਂ ਹਨ ਤਾਂ ਕਿ ਹਰ ਵਿਅਕਤੀ ਨੂੰ ਸੁਰੱਖਿਆ ਦੀ ਭਾਵਨਾ ਮਹਿਸੂਸ ਹੋਵੇ।

ਸਿਰਫ਼ ਨਿੱਜੀਕਰਨ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਦੁਨੀਆ ਦੇ ਸਭ ਵਿਕਸਿਤ ਦੇਸ਼ਾਂ ਵਿਚ ਉੱਦਮ ਜਾਂ ਕਾਰਖਾਨੇ ਤੇ ਕੰਪਨੀਆਂ ਆਦਿ ਨਿੱਜੀ ਅਦਾਰਿਆਂ ਵਿੱਚ ਹਨ, ਪਰ ਉਹ ਸੰਗਠਿਤ ਹਨ।ਸਰਕਾਰ ਨੇ ਉਨ੍ਹਾਂ ਨੂੰ ਸੰਗਠਿਤ ਹੋਣ ਲਈ ਮਜਬੂਰ ਕੀਤਾ ਹੋਇਆ ਹੈ,ਇਨ੍ਹਾਂ ਨਿੱਜੀ ਪਰ ਸੰਗਠਿਤ ਕਾਰੋਬਾਰਾਂ ਨੂੰ ਪ੍ਰੋਵੀਡੈਂਟ ਫੰਡ ਪੈਨਸ਼ਨ ਦੁਰਘਟਨਾ ਦੀ ਹਾਲਤ ਵਿਚ ਪੈਨਸ਼ਨ, ਸਰਕਾਰ ਵਲੋਂ ਬੁਢਾਪਾ ਪੈਨਸ਼ਨ, ਬੇਰੁਜ਼ਗਾਰੀ ਭੱਤਾ, ਮੁਫਤ ਵਿੱਦਿਆ ਅਤੇ ਮੈਡੀਕਲ ਸਹੂਲਤਾਂ ਪ੍ਰਦਾਨ ਕਰਕੇ ਹਰ ਵਿਅਕਤੀ ਨਾਲ ਸੰਗਠਿਤ ਖੇਤਰ ਵਾਲਾ ਵਿਵਹਾਰ ਕੀਤਾ ਜਾਂਦਾ ਹੈ।ਉਥੇ ਹਰ ਵਿਅਕਤੀ ਆਰਥਿਕ ਤੌਰ ’ਤੇ ਬੇਫਿਕਰ ਹੁੰਦਾ ਹੈ ਅਤੇ ਉਨ੍ਹਾਂ ਨੂੰ ਕੀਮਤਾਂ ਦੇ ਵਧਣ ਜਾਂ ਆਪਣੀ ਆਮਦਨ ਬੰਦ ਹੋਣ ਦਾ ਕੋਈ ਬਹੁਤਾ ਫਰਕ ਨਹੀਂ ਪੈਂਦਾ।

***

## ਜ਼ੋਨਲ ਕੌਂਸਲ ’ਚ ਭਗਵੰਤ ਸਿੰਘ ਮਾਨ ਪੰਜਾਬ

. ਚੰਡੀਗੜ੍ਹ ਤੇ ਭਾਖੜਾ-ਬਿਆਸ ਮਸਲੇ ਤੇ ਵੀ ਕੇਸ ਚੱਲ ਰਹੇ ਨੇ, ਪਰ ਦਹਾਕਿਆਂ ਤੋਂ ਅਗਲੀ ਤਾਰੀਕ ਤੇ ਅਗਲੀ ਤਾਰੀਕ ।. ਪਰਾਲੀ ਸਾੜਨ ਤੇ ਪ੍ਰਦੂਸ਼ਣ ਲਈ ਪੰਜਾਬ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਹੈ, ਹਾਲਾਂਕਿ ਹਰਿਆਣਾ-ਯੂ.ਪੀ. ਵਿੱਚ ਵੀ ਪਰਾਲੀ ਸੜਦੀ ਹੈ, ਪਰ ਉੱਥੇ ਕੋਈ ਕਾਰਵਾਈ ਨਹੀਂ।

ਅਦਾਲਤਾਂ ਵਿੱਚ ਪੰਜਾਬ ਦੀ ਹਾਰ ਦਾ ਸਭ ਤੋਂ ਵੱਡਾ ਕਾਰਨ – ਕੇਂਦਰ ਸਰਕਾਰ ਦਾ ਰਵੱਈਆ ਹੈ।ਜਦੋਂ ਵੀ ਪੰਜਾਬ ਦੇ ਹੱਕ ਦੀ ਗੱਲ ਆਉਂਦੀ ਹੈ ਤਾਂ ਕੇਂਦਰ ਸਰਕਾਰ ਹਰਿਆਣਾ/ਰਾਜਸਥਾਨ ਦੇ ਪੱਖ ਵਿੱਚ ਐਫੀਡੇਵਿਟ ਪਾ ਦਿੰਦੀ ਐ। ਅਦਾਲਤ ਵੀ ਆਖਿਰਕਾਰ ਕੇਂਦਰ ਦੀ ਗੱਲ ਮੰਨ ਲੈਂਦੀ ਹੈ।

ਆਖਿਰ ਪੰਜਾਬ ਕੋਲ ਕਿਹੜਾ ਰਾਹ ਬਚਿਆ ਹੈ?

ਸਭ ਤੋਂ ਪਹਿਲਾਂ ਸਿਆਸੀ ਪਾਰਟੀਆਂ ਦੀ ਇਕਜੁਟਤਾ ਦੀ ਲੋੜ ਹੈ।ਸਾਰੀਆਂ ਪਾਰਟੀਆਂ (ਆਪ, ਕਾਂਗਰਸ, ਅਕਾਲੀ, ਭਾਜਪਾ) ਨੂੰ ਇੱਕ ਮੰਚ ’ਤੇ ਆ ਕੇ ਪੰਜਾਬ ਦੇ ਹੱਕਾਂ ਲਈ ਸਾਂਝਾ ਸੰਘਰਸ਼ ਛੇੜਨਾ ਪਵੇਗਾ।

ਪੰਜਾਬੀਆਂ ਨੂੰ ਸਮਝਾਉਣਾ ਪਵੇਗਾ ਕਿ ਚੰਡੀਗੜ੍ਹ, ਪਾਣੀ, ਬਿਜਲੀ ਦੇ ਮਸਲੇ ਸਿਰਫ਼ ਸਿੱਖਾਂ ਜਾਂ ਕਿਸੇ ਇੱਕ ਧਿਰ ਦੇ ਨਹੀਂ, ਸਗੋਂ ਸਾਰੇ ਪੰਜਾਬੀਆਂ ਦੇ ਜੀਣ-ਮਰਨ ਦੇ ਸਵਾਲ ਨੇ। ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਕੇਂਦਰ ਨੂੰ ਚੁਣੌਤੀ ਦੇਣੀ ਚਾਹੀਦੀ ਹੈ – ਜਿਵੇਂ 2020 ਵਿੱਚ ਖੇਤੀ ਕਾਨੂੰਨਾਂ ਖਿਲਾਫ਼ ਮਤਾ ਪਾਸ ਕੀਤਾ ਸੀ।

ਅੰਤਿਮ ਸੱਚਾਈ ਜਦੋਂ ਤੱਕ ਪੰਜਾਬੀ ਆਪਣੇ ਹੱਕਾਂ ਲਈ ਇਕੱਠੇ ਨਹੀਂ ਹੋਣਗੇ, ਤਦ ਤੱਕ ਜ਼ੋਨਲ ਕੌਂਸਲ ਹੋਵੇ, ਸੁਪਰੀਮ ਕੋਰਟ ਹੋਵੇ ਜਾਂ ਪਾਰਲੀਮੈਂਟ – ਹਰ ਥਾਂ ਪੰਜਾਬ ਦੇ ਮੁੱਦੇ ਮੁਲਤਵੀ ਹੀ ਹੁੰਦੇ ਰਹਿਣਗੇ।ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਜੀ, ਮੁਲਤਵੀ ਕਰਵਾਉਣਾ ਕੋਈ ਜਿੱਤ ਨਹੀਂ, ਅਸਲ ਜਿੱਤ ਤਾਂ ਪੰਜਾਬ ਦੇ ਹੱਕ ਵਿੱਚ ਫ਼ੈਸਲਾ ਲਾਗੂ ਕਰਵਾਉਣਾ ਹੈ। ਉਹ ਤਾਂ ਲੋਕਾਂ ਦੀ ਤਾਕਤ ਨਾਲ ਹੀ ਸੰਭਵ ਐ, ਕਿਸੇ ਜ਼ੋਨਲ ਕੌਂਸਲ ਦੀ ਮੇਜ਼ ’ਤੇ ਨਹੀਂ।

***

## ਦਿੱਲੀ ਲਾਲ ਕਿਲ੍ਹੇ ਵਿਖੇ ਧਮਾਕੇ ਤੋਂ ਬਾਅਦ ਕਸ਼ਮੀਰੀ ਵਿਦਿਆਰਥੀ

ਐਸੋਸੀਏਸ਼ਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਹ ਖ਼ੁਦ ਮਾਮਲੇ ਵਿੱਚ ਦਖਲ ਦੇਣ ਅਤੇ ਕਸ਼ਮੀਰੀ ਵਿਦਿਆਰਥੀਆਂ ਨੂੰ ਸੁਰੱਖਿਆ ਦਾ ਭਰੋਸਾ ਦਿਵਾਉਣ।

ਮਨੁੱਖੀ ਅਧਿਕਾਰ ਕਾਰਕੁੰਨਾਂ ਦਾ ਮੰਨਣਾ ਹੈ ਕਿ ਇਸ ਵਿਤਕਰੇ ਦੀਆਂ ਕਈ ਵੱਡੀਆਂ ਵਜ੍ਹਾਵਾਂ ਹਨ।ਪਹਿਲਾਂ ਤਾਂ ਮੀਡੀਆ ਦਾ ਇੱਕ ਧਿਰ ਵਾਲਾ ਰਵੱਈਆ।ਜਦੋਂ ਵੀ ਕਸ਼ਮੀਰ ਨਾਲ ਜੁੜੀ ਕੋਈ ਘਟਨਾ ਵਾਪਰਦੀ ਹੈ, ਤਾਂ ਚੈਨਲਾਂ ’ਤੇ ਚੱਲਣ ਵਾਲੀਆਂ ਬਹਿਸਾਂ ਵਿੱਚ ਕਸ਼ਮੀਰੀਆਂ ਬਾਰੇ ਫਿਰਕੂਵਾਦ ਫੈਲਾਇਆ ਜਾਂਦਾ ਹੈ।ਇਸ ਨਾਲ ਸਧਾਰਨ ਲੋਕਾਂ ਦੇ ਮਨ ਵਿੱਚ ਡਰ ਅਤੇ ਗੁੱਸਾ ਪੈਦਾ ਹੁੰਦਾ ਹੈ, ਜੋ ਬਾਅਦ ਵਿੱਚ ਨ.ਫਰਤ ਵਿੱਚ ਬਦਲ ਜਾਂਦਾ ਹੈ।

ਦੂਜਾ, ਸੋਸ਼ਲ ਮੀਡੀਆ ’ਤੇ ਫ਼ੈਲਣ ਵਾਲੀਆਂ ਝੂਠੀਆਂ ਖ਼ਬਰਾਂ।ਲਾਲ ਕਿਲ੍ਹੇ ਵਾਲੀ ਘਟਨਾ ਤੋਂ ਬਾਅਦ ਵਟਸਐਪ ਅਤੇ ਫੇਸਬੁੱਕ ’ਤੇ ਕਈ ਅਜਿਹੇ ਮੈਸੇਜ ਵਾਇਰਲ ਹੋਏ ਜਿਨ੍ਹਾਂ ਵਿੱਚ ਕਿਹਾ ਗਿਆ ਕਿ ਕਸ਼ਮੀਰੀ ਵਿਦਿਆਰਥੀ ਹੀ ਇਸ ਵਿੱਚ ਸ਼ਾਮਲ ਹਨ ।ਭਾਵੇਂ ਪੁਲਿਸ ਨੇ ਅਜੇ ਤੱਕ ਕੋਈ ਪੁਸ਼ਟੀ ਨਹੀਂ ਕੀਤੀ, ਪਰ ਫਿਰਕੂ ਲੋਕਾਂ ਨੇ ਅਫਵਾਹਾਂ ਫੈਲਾ ਦਿੱਤੀਆਂ।

ਤੀਜਾ, ਸਿਆਸੀ ਮਾਹੌਲ। ਆਰਟੀਕਲ 370 ਹਟਾਏ ਜਾਣ ਤੋਂ ਬਾਅਦ ਕਸ਼ਮੀਰ ਪ੍ਰਤੀ ਲੋਕਾਂ ਦੇ ਮਨ ਵਿੱਚ ਇੱਕ ਅਜੀਬ ਕਿਸਮ ਦਾ ਗੁੱਸਾ ਹੈ।ਕਈ ਲੋਕ ਸੋਚਦੇ ਨੇ ਕਿ ਹੁਣ ਤਾਂ ਸਭ ਕੁਝ ਠੀਕ ਹੋ ਗਿਆ, ਫਿਰ ਵੀ ਧਮਾਕੇ ਕਿਉਂ ? ਅਤੇ ਇਸ ਗੁੱਸੇ ਦਾ ਨਿਸ਼ਾਨਾ ਸਧਾਰਨ ਕਸ਼ਮੀਰੀ ਵਿਦਿਆਰਥੀ ਬਣ ਜਾਂਦੇ ਨੇ।

ਦੇਹਰਾਦੂਨ ਵਿੱਚ 1700 ਕਸ਼ਮੀਰੀ ਵਿਦਿਆਰਥੀਆਂ ਦੀ ਸੂਚੀ ਬਣਾ ਕੇ ਉਨ੍ਹਾਂ ਦੀ ਨਿਗਰਾਨੀ ਸਖ਼ਤ ਕਰਨ ਅਤੇ ਮੋਬਾਈਲ ਕਾਲਾਂ ਦੀ ਜਾਸੂਸੀ ਕਰਨ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ।ਇਸ ਤੋਂ ਇਲਾਵਾ ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਮਹਾਰਾਸ਼ਟਰ ਵਿੱਚ ਵੀ ਕਸ਼ਮੀਰੀ ਵਿਦਿਆਰਥੀਆਂ ਦੇ ਘਰਾਂ ਅਤੇ ਹੋਸਟਲਾਂ ’ਤੇ ਪੁਲਸ ਦੀਆਂ ਛਾਪੇਮਾਰੀ ਦੀਆਂ ਖ਼ਬਰਾਂ ਆ ਰਹੀਆਂ ਹਨ।

ਇੱਕ ਸੀਨੀਅਰ ਪੁਲਿਸ ਅਫ਼ਸਰ ਨੇ ਨਾਮ ਨਾ ਛਾਪਣ ਦੀ ਸ਼ਰਤ ’ਤੇ ਕਿਹਾ, ਅਸੀਂ ਸਿਰਫ਼ ਵੈਰੀਫਿਕੇਸ਼ਨ ਕਰ ਰਹੇ ਹਾਂ।ਕਿਸੇ ਨੂੰ ਟਾਰਗੇਟ ਨਹੀਂ ਕੀਤਾ ਜਾ ਰਿਹਾ।ਪਰ ਜਦੋਂ ਤੱਕ ਜਾਂਚ ਪੂਰੀ ਨਹੀਂ ਹੁੰਦੀ, ਸਾਨੂੰ ਸਾਵਧਾਨ ਰਹਿਣਾ ਪੈਂਦਾ ਹੈ। ਪਰ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਇਹ ਸਾਵਧਾਨੀ ਉਨ੍ਹਾਂ ਦੇ ਜੀਵਨ ਨੂੰ ਮੁਸ਼ਕਲ ਬਣਾ ਰਹੀ ਹੈ।

ਕਸ਼ਮੀਰੀ ਲੋਕ ਆਖਦੇ ਹਨ ਕਿ ਕਸ਼ਮੀਰ ਨੂੰ ਧਰਤੀ ਦਾ ਸਵਰਗ ਆਖਿਆ ਜਾਂਦਾ ਹੈ ਪਰ ਉੱਥੋਂ ਦੇ ਨੌਜਵਾਨਾਂ ਨੂੰ ਵਾਰ ਵਾਰ ਆਪਣੀ ਭਾਰਤ ਪ੍ਰਤੀ ਵਫ਼ਾਦਾਰੀ ਦਾ ਸਬੂਤ ਦੇਣਾ ਪੈਂਦਾ ਹੈ। ਪਹਿਲਗਾਮ ਹਮਲੇ ਤੋਂ ਬਾਅਦ ਵੀ ਕਸ਼ਮੀਰੀਆਂ ਨੇ ਵਾਦੀ ਵਿੱਚ ਵਿਸ਼ਾਲ ਮਾਰਚ ਕੱਢੇ, ਦਹਿਸ਼ਤਗਰਦੀ ਵਿਰੁੱਧ ਆਵਾਜ਼ ਚੁੱਕੀ, ਪਰ ਫਿਰ ਵੀ ਦੇਸ਼ ਦੇ ਕਈ ਹਿੱਸਿਆਂ ਵਿੱਚ ਉਨ੍ਹਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ।

ਸਮਾਜ ਸ਼ਾਸਤਰੀ ਡਾ. ਆਸ਼ਿਸ਼ ਨੰਦੀ ਦਾ ਕਹਿਣਾ ਹੈ, ਇਹ ਇੱਕ ਖ਼ਤਰਨਾਕ ਚੱਕਰ ਹੈ। ਜਦੋਂ ਤੁਸੀਂ ਕਿਸੇ ਪੂਰੇ ਭਾਈਚਾਰੇ ਨੂੰ ਸ਼ੱਕੀ ਮੰਨ ਲੈਂਦੇ ਹੋ, ਤਾਂ ਕੁਝ ਨੌਜਵਾਨ ਸੱਚਮੁੱਚ ਹੀ ਨਿਰਾਸ਼ ਹੋ ਕੇ ਗਲਤ ਰਾਹ ਪੁੱਟ ਸਕਦੇ ਨੇ। ਇਹ ਦੇਸ਼ ਲਈ ਘਾਤਕ ਹੈ।ਲਾਲ ਕਿਲ੍ਹੇ ਵਾਲਾ ਧਮਾਕਾ ਭਾਵੇਂ ਛੋਟਾ ਸੀ, ਪਰ ਇਸ ਨੇ ਫਿਰ ਤੋਂ ਦੇਸ਼ ਦੇ ਜ਼ਖ਼ਮਾਂ ਨੂੰ ਹਰਾ ਕਰ ਦਿੱਤਾ ਹੈ।ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਇਸ ਦਾ ਖ਼ਮਿਆਜ਼ਾ ਸਧਾਰਨ ਕਸ਼ਮੀਰੀ ਨੌਜਵਾਨ ਭੁਗਤ ਰਹੇ ਨੇ, ਜੋ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਘਰੋਂ ਦੂਰ ਪੜ੍ਹਨ ਆਏ ਸਨ।

***

## ਐਲਨ ਮਸਕ ਪਿਛਲੀਆਂ ਗੱਲਾਂ ਭੁੱਲ

ਅਹੁਦਾ ਛੱਡਣ ਤੋਂ ਬਾਅਦ ਮਸਕ ਪਹਿਲੀ ਵਾਰ ਵਾਸ਼ਿੰਗਟਨ ਵਿੱਚ ਜਨਤਿਕ ਤੌਰ ’ਤੇ ਨਜ਼ਰ ਆਏ।ਸਮਾਗਮ ਵਿੱਚ ਉਹ ਹੋਰ ਅਮੀਰ ਮਹਿਮਾਨਾਂ ਨਾਲ ਬੈਠੇ ਸਨ ਜਿਨ੍ਹਾਂ ਵਿੱਚ ਐਪਲ ਸੀ ਈ ਓ ਟਿਮ ਕੁੱਕ, ਡੈਲ ਸੀ ਈ ਓ ਮਿਸ਼ੈਲ ਡੈਲ, ਗੋਲ.ਫਰ ਬਰਾਇਸਨ ਡੀ ਚੈਂਬੂ, ਫ਼ੁੱਟਬਾਲ ਸਟਾਰ ਕ੍ਰਿਟੀਅਨ ਰੋਨਾਲਡੋ ਤੇ ਟਰੰਪ ਪਰਿਵਾਰ ਦੇ ਅਨੇਕਾਂ ਮੈਂਬਰ ਸ਼ਾਮਿਲ ਸਨ। ਅਜਿਹਾ ਲੱਗ ਰਿਹਾ ਸੀ ਕਿ ਜਿਵੇਂ ਉਹ ਪਿਛਲਾ ਸਾਰਾ ਕੁਝ ਭੁੱਲ ਗਏ ਹੋਣ ਤੇ ਰਾਸ਼ਟਰਪਤੀ ਨਾਲ ਉਨ੍ਹਾਂ ਦਾ ਕੋਈ ਵਿਵਾਦ ਨਹੀਂ ਰਿਹਾ।

ਇਥੇ ਜਿਕਰਯੋਗ ਹੈ ਕਿ ਮਸਕ ਵੱਲੋਂ ਵਾਈਟ ਹਾਊਸ ਛੱਡ ਜਾਣ ਉਪਰੰਤ ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਉਸ ਦਾ ਮਾੜਾ ਸਮਾਂ ਹੈ, ਇਹ ਉਸ ਦੀ ਵੱਡੀ ਮੂਰਖਤਾ ਹੈ ਪਰੰਤੂ ਮੈਂ ਮਸਕ ਨੂੰ ਪਸੰਦ ਕਰਦਾ ਹਾਂ।ਇਸ ਸਮਾਗਮ ਵਿੱਚ ਰਾਸ਼ਟਰਪਤੀ ਨੇ ਨਿਵੇਸ਼ ਦੀ ਗੱਲ ਕਰਦਿਆਂ ਸਾਊਦੀ ਅਰਬ ਨਾਲ ਪ੍ਰਮਾਣੂ ਊਰਜਾ ਭਾਈਵਾਲੀ ਪ੍ਰਤੀ ਵਚਨਬੱਧਤਾ ਪ੍ਰਗਟਾਈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

RAISING VOICE FOR TRUTH ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home